ਤੂ ਜਗ ਕਾਰਣੋਂ ਸੁਨਿ ਦੇਵ ॥ ੧੧ ॥ ਮੈਂ ਬਾਲ ਤਪਸਾ ਬਿਸ਼ਨ ਕਰ ਆਰਾਧਿਯੋ ਹਰਿ ਨਾਥ। ਚੱਕ੍ਰ ਤੀਰਥ ਜਾਇ ਕੈ ਪ੍ਰਭ ਬਿਸ਼ਨ ਕੀ ਰਘੁਨਾਥ। ਮਮ ਭਏ ਤੁਸ਼੍ਰ ਨਾਰਾਇਣਾ ਆਨੱਨ ਕੀਨੀ ਸੇਵ। ਸੰਖ ਚੱਕ੍ਰ ਨੰਦ ਕੋ ਕਰ ਗਦਾ ਧਾਰੀ ਦੇਵ ॥ ੧੨ ॥ ਦੋਹਰਾ ॥ ਮੋ ਪ੍ਰਤਿ ਬਚਨ ਬਖਾਨਿਯੋ ਸੁਨੋ ਰਾਮ ਦੈ ਕਾਨ। ਮੁਖ ਪੰਕਜ ਅਤਿਸੈ ਖਿਰੇ ਭਵ ਭੰਜਨ ਭਗਵਾਨ ॥ ੧੩ ॥ ਸ੍ਰੀ ਭਗਵਾਨ ਉਵਾਚ ॥ ਚੌਪਈ ॥ ਬ੍ਰਹਮਨ ਉਠੋ ਤਪੱਸਯਾ ਧਾਰੀ ॥ ਸਫਲ ਭਈ ਤਪਸਾ ਅਬ ਥਾਰੀ। ਮੇ ਚਿਦ ਅੰਸ਼ ਯੁਕਤ ਤੁਮ ਭਏ। ਹਨੋ ਰਿਪੂ ਤਵ ਕਿਲ ਬਿਖ ਗਏ ॥ ੧੪ ॥ ਕਾਰਤਿਵੀਰਯ ਅਰਜਨੁ ਭਾਰਾ। ਤਾਤ ਤੁਮਾਰਾ ਜਾਨੇ ਮਾਰਾ। ਤਾਂ ਕੋ ਹਨੋ ਤੋਹਿ ਬਰਦੀਨਾ। ਜਾਹਿ ਨਮਿੱਤ ਮਹਾਂ ਤਪੁ ਕੀਨਾ ॥ ੧੫ ॥ ਬਾਰ ਇਕੀਸ ਹਨੋ ਸਭ ਖੱਤ੍ਰੀ। ਭੂਮੀ ਹੋਇ ਸੁ ਨਿਖਲ ਅਖੱਤ੍ਰੀ। ਭੂਮੀ ਨਿਖਲ ਕੱਸਪ ਦੈ ਦਾਨਾਂ ਬਹੁਰੋ ਸ਼ਾਂਤ ਹੋਹੁ ਬਲਵਾਨਾ ॥ ੧੬ ॥ ਤ੍ਰੇਤਾ ਯੁਗ ਆਵੈ ਗੋ ਜਬਹੀ। ਦਾਸਰਥੀ ਹੋਵੌਂ ਮੈ ਤਬਹੀ। ਰਾਮ ਨਾਮ ਭਾਖੇਂਗੇ ਸਾਰੇ। ਤਬ ਦਿਜਵਰ ਪੁਨਿ ਮੋਹਿ ਨਿਹਾਰੇ ॥ ੧੭ ॥ ਮੈਂ ਤੋਕੋ ਦਯੋ ਤੇਜ ਸੁ ਜੋਈ। ਦੇਵੋਗੇ ਮੋਕੋ ਪੁਨਿ ਸੋਈ। ਪੁਨਿਤਪ ਧਰ ਤਨ ਮਾਹਿਂ ਸੁਭਾਰਾ। ਤਿਸ਼੍ਰ ਬ੍ਰਹਮ ਦਿਨ ਜਗਤ ਮਝਾਰਾ ॥ ੧੯ ॥ ਯੋਂ ਬਖਾਨ ਭਏ ਅੰਤਰ ਧਯਾਨਾ। ਪਰ ਪੂਰਣ ਵੈ ਪੁਰਖ ਪੁਰਾਨਾਂ। ਜੋ ਜੋ ਹਰਿ ਆਇਸੁ ਮੁਹਿ

ਦੀਨੀ ॥ ਸੋ ਸੋ ਰਾਮ ਸਗਲ ਮੈ ਕੀਨੀ ॥ ੧੯ ॥ ਜੋਈ ਬਿਸ਼ਨ ਰਾਮ ਤੁਮਹਰੀ॥ਅਵਤਾਰ ਲਯੋ ਬਿਧਿ ਬਿਨਤੀ ਕਰੀ ॥ ਮੋ ਮੈ ਤੇਜ ਹੁਤੋ ਤਵ ਜੋਈ ॥ਤੋਹਿ ਲਹੋਂ ਪੁਨ ਤੇਜ ਸੁ ਜੋਈ ॥ ੨੦ ॥ ਆਜ ਸਫਲ ਭਯੋ ਜਨਮ ਹਮਾਰਾ ॥ਪ੍ਰਭ ਪੂਰਨ ਹਰਿ ਨੈਨ ਨਿਹਾਰਾ॥ ਬ੍ਰਹਮਾਦਿਕ ਜਾਂਕੋ ਨਹਿ ਪਾਵੈਂ ॥ਪ੍ਰਕ੍ਰਿਤ ਪਰੇ ਜਿਹਿ ਵੇਦ ਬਤਾਵੈਂ ॥ ੨੧ ॥ ਜਨਮਾਦਿਕ ਖਟ ਭਾਵ ਵਿਕਾਰਾ । ਤੋ ਮੈਂ ਨਹਿ ਅਗਿਆਨ ਵਿਕਾਰਾ । ਨਿਰਵਿਕਾਰ ਪਰ ਪੂਰਨ ਰਾਮ। ਗਮਨਾਦਿਕ ਨਹਿ ਤੋਮੈਂ ਨਾਮ ॥ ੨੨ ॥ ਜਿਉਂ ਜਲ ਭੀਤਰ ਫੇਨ ਅਪਾਰਾ। ਧੂਮ ਹੋਇ ਜਿਉਂ ਅਗਨ ਮਝਾਰਾ। ਤਿਉਂ ਤਵ ਭੀਤਰ ਮਾਇਆ ਆਹਿ। ਨਿਖਲ ਸੁ ਜਗਤ ਬਨਾਇਆ ਤਾਹਿ ॥ ੨੩ ॥ ਮਾਇਆ ਕਰ ਆਵਰੇ ਸੁ ਲੋਕਾ। ਤੋਹਿ ਨ ਜਾਨੇ ਪਾਵੇ ਸ਼ੋਕਾ । ਬਿਨ ਬਿਚਾਰ ਯੇ ਮਾਇਆ ਅਹੇ। ਕੀਏ ਬਿਚਾਰ ਨ ਰੰਚਿਕ ਰਹੇ ॥ ੨੪ ॥ ਅਵਿੱਦਯਾ ਨਾਮ ਸੁ ਯਾਹਿ ਬਖਾਨੇਂ । ਵਿੱਦਯਾ ਸਾਥ ਵਿਰੋਧ ਸੁ ਠਾਨੇਂ। ਅਵਿੱਦਯਾ ਕ੍ਰਿਤ ਸੰਘਾਤ ਵਿਕਾਰਾ। ਚਿੱਤ ਪ੍ਰਤਿਬਿੰਬ ਸੁ ਤਾਹਿ ਮਝਾਰਾ॥ ੨੫ ॥ ਜੀਵ ਨਾਮ ਸੋ ਤਾਹਿ ਕਹਾਇਓ। ਆਪ ਭੁਲਾਇ ਜਗਤ ਦੁਖ ਪਾਇਓ। ਦੇਹ ਬੁੱਧ ਮਨਿ ਪ੍ਰਾਨਨ ਬੀਚ। ਜੌਲੌ ਹੈ ਅਭਿਮਾਨ ਸੁਚੀਤ ॥ ੨੬ ॥ ਤੌਲੌ ਕਰੇ ਕਰਤੱਤ ਵਿਕਾਰ । ਭੋਗੇ ਸੁਖੁ ਦੁਖ ਜਗਤ ਮਝਾਰ। ਆਤਮ ਕੋ ਨਹਿ ਜਨਮ ਸੁ ਹੱਯੇ। ਬੁਧਿ ਮਾਹਿੰ ਨਹੀਂ ਗਯਾਨ ਸੁ ਪੱਯੇ॥ ੨੭ ॥ ਬਿ-

ਨ ਬਿਬੇਕ ਦੋਨੋ ਮਿਲਿ ਗਏ। ਸੰਸਾਰ ਅਨਰਥ ਸੁ ਯਾਤੇ ਭਏ। ਜੜ ਕੋ ਚੇਤਨ ਜੋਗ ਸੁ ਜਬਹੀਂ। ਚੇਤਨਤਾ ਤਿਂਹ ਹੋਵੇ ਤਬਹੀ ॥ ੨੮ ॥ ਚੇਤਨ ਜੋ ਜੜ ਸੰਗਤਿ ਪਾਈ। ਤੋ ਜੜਤਾ ਚੇਤਨ ਮੈ ਆਈ। ਜਲ ਅਗਨੀ ਕੋ ਮੇਲ ਨ ਜੈਸੇ। ਮਿਲੇ ਸੁਚੇਤਨ ਜੜ ਪੁਨਿ ਤੈਸੇ॥ ੨੯ ॥ ਤਵ ਪਦ ਭ੍ਰਿੰਗ ਸੰਗ ਸੁਖ ਜੋ ਲੈ। ਪਵੈ ਨਾਹਿੰ ਸੰਸਰੇ ਸੁ ਤੌ ਲੌ। ਤਵ ਭਗਤਨ ਕੀ ਸੰਗਤਿ ਪਾਏ। ਬਹੁਰੋ ਤੇ ਪਦ ਭਗਤ ਕਮਾਏ ॥ ੩੦ ॥ ਤਬ ਯਹਿ ਮਾਇਆ ਹੈ ਯੇ ਜੋਈ। ਸਨੇ ਸਨੇ ਤਨੁ ਹੋਵੈ ਸੋਈ। ਪੁਨ ਤਵ ਗਿਆਨ ਸਪੰਨ ਅਚਾਰਯ। ਪਾਵੇ ਤਾਂ ਮਤਿ ਹੋਵੇ ਆਰਯ ॥ ੩੧ ॥ ਬ੍ਰਹਮ ਗਿਆਨ ਸੁ ਗੁਰ ਤੇ ਲਹੈ। ਤਵ ਕਿਰਪਾ ਕਰ ਬੰਧਨ ਦਹੈ। ਜੋ ਜਨ ਭਗਤਿ ਤੁਮਾਰੀ ਹੀਨਾਂ। ਸਦਾ ਰਹੇ ਤੇ ਯਾ ਜਗ ਦੀਨਾਂ ॥ ੩੨ ॥ ਕਲਪ ਕੋਟ ਜੋ ਜਾਂਹਿ ਅਨੇਕਾ। ਨਾਂ ਤਿਨ ਮੁਕਤਿ ਨ ਹੋਇ ਬਿਬੇਕਾ। ਸੁਖ ਨਹਿ ਲਹੇ ਕਦਾਚਿਤ ਤੇਈ। ਭਗਤ ਬਿਹੀਨ ਅਹੇ ਜਨ ਜੇਈ। ੩੩ । ਯਾਂ ਤੇ ਤਵ ਪਦਕੰਜ ਸੁ ਜੋਈ। ਤਾਂਕੀ ਭਗਤਿ ਸਦਾ ਮਮ ਹੋਈ। ਜਹਿ ਜਹਿ ਹੋਵੇ ਜਨਮ ਹਮਾਰਾ। ਸੇਵੋਂ ਤਹਿਂ ਪਦਕੰਜ ਤੁਮਾਰਾ ॥ ੩੪ ॥ ਤਵ ਭਗਤਨ ਕਾ ਸੰਗ ਉਦਾਰਾ। ਜਾਂ ਕਰ ਮਿਟੇ ਅਵਿੱਦਯਾ ਭਾਰਾ। ਤੇਰੀ ਭਗਤ ਨਿਰਤ ਜਨ ਜੇਈ। ਧਰਮ ਅੰਮ੍ਰਿਤ ਕੋ ਵਰਖੇ ਤੇਈ॥ ੩੫ ॥ ਅਖਿਲ ਲੋਕ ਵਹਿ ਪਾਵਨ ਕਰੇ। ਸੋ ਕਲ ਮਲ ਨਹਿ ਕਿਉਂ ਪਰਹਰੇ। ਜਗੀ-

ਨਾਥ ਤੋਕੋ ਪਰਣਾਮਾਂ ॥ ਭੂਤ ਉਪਾਵਨ ਹੇ ਸੁਖ ਧਾਮਾਂ ॥ ੩੬
॥ ਕਰੁਣਾ ਕਾਂਤਿ ਨਮੋ ਪਦ ਥਾਰੇ । ਰਾਮਚੰਦ ਪਰਣਾਮ ਹਮਾਰੇ
। ਜੋ ਜੋ ਪੂੰਨ ਕੀਏ ਮੈਂ ਨਾਥ । ਲੋਕ ਜਗੀਖਾ ਕੈ ਰਘੁਨਾਥ॥
੩੭ ॥ ਸੋ ਹੋਵੈ ਤਬ ਬਾਂਣ ਨਿਸਾਨਾ । ਬੰਦਨ ਕੈ ਦਿਜ ਰਾਮ
ਬਖਾਨਾ । ਭਏ ਪ੍ਰਸੰਨ ਤਬੀ ਭਗਵਾਂਨ । ਸਿਰੀ ਰਾਮ ਕਰਣਾਂ
ਪਰਧਾਨੁ ॥ ੩੮ ॥ ਸ੍ਰੀ ਰਾਮੋ ਵਾਚ ਚੌਪਈ ॥ ਤੋਪੈ
ਤੁਸ਼ਟ ਭਯੋ ਮੈ ਬ੍ਰਹਮਨ । ਮਾਂਗੋ ਵਰ ਭੀਤਰ ਜੋ ਹੈ ਮਨੁ । ਦੇਵੌਂ
ਅਖਲੁ ਵਸਤੁ ਹੈ ਜੋਈ । ਸਿਸਾ ਧਾਮੈ ਕਰੈ ਨ ਕੋਈ ॥ ੩੯ ॥
ਪ੍ਰੀਤ ਮਨਾ ਭ੍ਰਿਗੁ ਨੰਦਨ ਭਏ ॥ ਪੁਨਿ ਰਾਘਵ ਪ੍ਰਤਿ ਬੈਨ
ਅਲਏ ॥ ਯੱਦਪਿ ਮੋ ਪਰ ਦਯਾ ਤੁਮਾਰੀ ॥ ਮਧ ਸੂਦਨ ਹਰਿ
ਰਾਮ ਮੁਰਾਰੀ ॥ ੪੦ ॥ ਤੋ ਤਵ ਭਗਤਨਕੋ ਸਤਸੰਗਾ ॥ ਮੋਕੋ
ਹੋਇ ਸੁ ਸਦਾ ਅਭੰਗਾ ॥ ਤਵ ਪਦ ਪੰਕਜ ਪਰਮ ਰਸਾਲ ॥
ਤਾਂਕੀ ਭਗਤਿ ਹੋਇ ਮਮ ਦਯਾਲ ॥ ੪੧ ॥ ਸਤੋਤ੍ਰ ਯਾਹਿ
ਪਢੇ ਜਨ ਜੋਈ ॥ ਭਗਤਿ ਹੀਨ ਯੱਦਪਿ ਵਹ ਹੋਈ ॥ ਤਾਕੋ
ਭਗਤਿ ਤੁਮਾਰੀ ਹੋਵੈ ॥ ਗਿਆਨ ਪਾਇ ਦੁਖ ਸਗਲੇ ਖੋਵੈ ॥
੪੨ ॥ ਮਰਣਾਂ ਤਾਂਕੇ ਹੋਵੇ ਜਬਹੀ ॥ ਤੇਰੀ ਸਿੰਮ੍ਰਿਤਿ ਆਵੈ
ਤਬਹੀਂ । ਮੋਕੋ ਦੀਜੇ ਯਹਿ ਬਰ ਦਾਨਾ । ਰਾਮਚੰਦ ਪੂਰਣ
ਭਗਵਾਨਾ ॥ ੪੩ ॥ ਤਥਾ ਹੋਇ ਰਘੁਬੀਰ ਬਖਾਨੀ ॥ ਤਬ ਦਿਜ
ਵਰ ਪਰਕਰਮਾਂ ਠਾਨੀ । ਬਹੁਰ ਪ੍ਰਣਾਮ ਰਾਮ ਕੋ ਕਰੀ ॥
ਤਬ ਰਘੁਵਰ ਪੂਜੇ ਦਿਜਵਰੀ ॥ ੪੪ ॥ ਬਹੁਰ ਰਾਮ ਤੇ
ਆਗਯਾ ਪਾਈ ॥ ਗਯੋ ਮਹੇਂਦ੍ਰਾਚਲ ਦਿਜਰਾਈ । ਪਿਖ ਰਾਘ

ਵ ਦਸਰਥ ਹਰਖਾਏ ॥ ਮਾਨੋ ਮ੍ਰਿਤਕ ਭਏ ਪੁਨਿਆਏ ॥ ੪੫ ॥ ਪੁਨਿ ਪੁਨਿ ਰਾਮ ਸੁ ਕੰਠ ਲਗਾਏ ॥ ਆਨੰਦ ਨੈਨ ਚਲਤੇ ਜਲ ਜਾਏ ॥ ਅਤਿ ਪ੍ਰਸੰਨ ਨ੍ਰਿਪ ਮਨਮੈ ਭਏ ॥ ਸ੍ਵਸਤਿ ਚਿੱਤ ਪੁਰ ਭੀਤਰ ਗਏ ॥ ੪੬ ॥ ਦੋਹਰਾ ॥ ਰਾਮ ਲਖਨ ਸਤ੍ਰੁਘਨ ਜੂ ਭਰਥ ਮਹਾ ਬਲਵਾਨ ॥ ਅਦਭੁ ਰੂਪ ਬਿਰਾਜਈ ਨਰ ਵਰ ਅਮਰ ਸਮਾਨ ॥ ੪੭ ॥ ਅਪਨੀ ਅਪਨੀ ਦਾਰ ਲੈ ਨਿਜ ਨਿਜ ਮੰਦਿਰ ਮਾਹਿ । ਰਮੈਂ ਅਯੁੱਧਯਾ ਨਗਰ ਮੈਂ ਮਹਾਂ ਅਨੰਦ ਮਨ ਮਾਹਿ ॥ ੪੮ ॥ ਚੌਪਈ ॥ ਮਾਤ ਪਿਤਾ ਹਰਖਾਨੇ ਪੇਖ ॥ ਰਾਮ ਸੀਯ ਲਖ ਮਿਲੇ ਬਿਸੇਖ ॥ ਸੀਤਾ ਰਾਮ ਰਮੈਂ ਗ੍ਰਿਹਿ ਐਸੇ ॥ ਬੈਕੁੰਠ ਭਵਨ ਮੈਂ ਸ੍ਰੀਹਰਿ ਜੈਸੇ ॥ ੪੯ ॥ ਯੁਧਾਜਿੱਤ ਨਾਮ ਕੈਕਈ ਭਾਈ ॥ ਭਰਤ ਮਾਤੁਲਾ ਅਤਿ ਸੁਖ ਦਾਈ ॥ ਆਯੋ ਭਰਤ ਲੈਨਿ ਹਿਤ ਸੋਈ ॥ ਪ੍ਰੀਤ ਬਡੀ ਮਨ ਭੀਤਰ ਹੋਈ ॥ ੫੦ ॥ ਰਾਜਾ ਦਸਰਥ ਭਰਥ ਪਠਾਏ ॥ ਸ਼ਤ੍ਰੁਘਨੁ ਭ੍ਰਾਤ ਤਿਨ ਸੰਗਿ ਲਵਾਏ ॥ ਯੁਧਾਜੀਤ ਕੋ ਪੂਜਨ ਕੀਨੋ ॥ ਦਸਰਥ ਭੂਪ ਬਿਦਾਇਸੁ ਦੀਨੋ ॥ ੫੧ ॥ ਰਾਮਪ੍ਰੀਤ ਸੀਤਾ ਸੁਖ ਪਾਈ ॥ ਕੁਸੱਲਯਾ ਦੇਵੀ ਪਰਮ ਸੁਹਾਈ ॥ ਸੱਕ੍ਰ ਸਪੂਤ ਪਲੋਮੀ ਰਾਨੀ ॥ ਪਾਇ ਯਥਾ ਸੁਰਸਾਥ ਸੁਹਾਨੀ ॥ ੫੨ ॥ ਸ੍ਵੈਯਾ ॥ ਜਾਂ ਗੁਣ ਪੂਰ ਰਹੀ ਅਵਨੀ ਅਰ ਕੀਰਤਿ ਜਾਹਿ ਸਭੈ ਜਨ ਗਾਵੈ ॥ ਔਰਨਕੀ ਅਬ ਬਾਤ ਕਹਾਂ ਸੁਰ ਜਾਂਹਿ ਅਲੰਬਨ ਤੇ ਸੁਖ ਪਾਵੈ ॥ ਨਾਮ ਉਚਾਰਤ ਜਾਂ ਜਗਮੈ ਸੁਭ ਸੰਤ ਸਭੈ ਦੁਖ ਬੰਧ ਮਿਟਾਵੈ ॥ ਰਾਮ ਵਹੀ ਪੁਰ ਔਧ

ਬਿਖੈ ਮਿਲ ਜਾਨਕੀ ਸੰਗ ਬਿਨੋਦ ਕਮਾਵੈ ॥ ੫੩ ॥ ਨੀਤ ਰਹੇ ਜਿਨਕੈ ਲਖਮੀ ਪੁਨਿ ਨਾਹਿ ਬਿਕਾਰ ਕਬੀ ਜਿਨ ਮਾਹੀ। ਪੂਰਨ ਵੈ ਭਵ ਜਾਹਿ ਸਦਾ ਘਨ ਚੇਤਨ ਮੂਰਤਿ ਜਾਂ ਜਗ ਮਾਹੀ ॥ ਮਾਇਕ ਕਾਰਯ ਕੇ ਅਨੁਸਾਰ ਸੁ ਮਾਨਸ ਸੇ ਜਗ ਮਾਹਿ ਦਿਖਾਹੀ ॥ ਹੈਂ ਅਖਿਲੇਸ ਪਰਾਤਮ ਰਾਮ ਸੁ ਦੇਵਨ ਮੈਂ ਜਿਨ ਕੇ ਸਰ ਨਾਹੀ ॥ ੫੪ ॥ ਨਰਾਜ ਛੰਦ ॥ ਸੁਵੇਦ ਬਿਆਸ ਜਾਂਹਿਕੋ ਅਨੰਤ ਭਾਵ ਗਾਵਈ ॥ ਮਹੇਸ਼ ਔ ਹਿਮਾਲਜਾ ਸਦਾ ਸੁਜਾਂਹਿ ਧਯਾਵਈ ॥ ਸੁ ਤਾਹਿ ਰਾਮਚੰਦ ਕੀ ਸੁ ਬਾਲ ਲੀਲ ਕੀ ਕਥਾ ॥ ਗੁਲਾਬਸਿੰਘ ਦਾਸ ਪਾਪ ਹਾਰਨੀ ਕਹੀ ਤਥਾ ॥ ੫੫ ॥ ਇਤਿ ਸ੍ਰੀ ਮਤਿ ਅਧਯਾਤਮਰਾਮਾਇਣੇ ਉਮਾ ਮਹੇਸੁਰ ਸੰਬਾਦੇ ਬਾਲ ਕਾਂਡੇ ਅਸ੍ਰਮੋਂ ਧਿਆਇ ਸਮਾਪਤੰ ॥੮॥

ਇਤੀ ਬਾਲ ਕਾਂਡੇ ਸਮਾਪਤੰ ॥ ੧ ॥

## ਅਥਅਜੁਧਯਾਕਾਂਡ

ਸ੍ਵੈਯਾ ॥ ਤਜਿ ਰਾਮ ਬਿਭੂਤ ਲਯੋ ਬਨਬਾਸ ਸੁ ਤਾਤ ਕੋ ਵਾਕ ਅਖੰਡਿਤ ਕੀਨੋਂ ॥ ਬਨ ਜਾਇ ਸੁ ਭ੍ਰਾਤ ਮਨਾਇ ਰਹੇ ਨਹਿ ਰਾਜ ਬਿਖੈ ਮਨ ਰੰਚਿਕ ਦੀਨੋਂ ॥ ਭਵ ਭਾਰ ਮਿਟੇ ਜਿਹ ਨਾਮ ਭਜੇ ਭਵ ਫੇਰ ਨ ਹੋਵਤ ਬੰਧਨ ਜੀਨੋ ॥ ਬਹੁਬੰਦਨ ਵੈ ਰਘੁਨਾਇਕ ਕੋ ਜਿਨ ਕੋ ਜਸ ਪੂਰ ਰਹਯੋ ਪੁਰਤੀਨੋ ॥ ੧ ॥ ਮਹਾਂਦੇਵ ਉਵਾਚ ॥ ਚੌਪਈ ॥ ਏਕ ਸਮੇਂ ਸੁਖ ਬੈਠੇ ਰਾਮਾ ॥ ਰਤਨ ਸਿੰਘਾਸਨ ਨਿਜਵਰ ਧਾਮਾ ॥ ਸਰਬ ਸੁ ਭੂਖਣ ਤਨਮੈਂ ਧਾਰੇ॥ਨੀਲਕਮਲ ਤਨ ਪ੍ਰਭਾ ਅਪਾਰੇ ॥ ੨ ॥ ਕੌਸਤਕ

ਕੰਠ ਬਿਖੈ ਅਤਿ ਸੋਹੇ ॥ ਮੁਕਤਾ ਹਾਰ ਪ੍ਰਭਾ ਸੁਰ ਮੋਹੇ ॥ ਰਤਨਦੰਡ ਚਾਮਰ ਸੁਖਕਾਰੀ॥ਸੀਸ ਫਿਰਾਵੇ ਜਨਕ ਕੁਮਾਰੀ ॥ ੩ ॥ ਕਰੇ ਬਿਨੋਦ ਤੰਬੂਲ ਸੁ ਖਾਵੇ ॥ ਹੇਰ ਪਰਸਪਰ ਅਤਿ ਮੁਸਕਾਵੇ ॥ ਦਸਰਥ ਗ੍ਰਿਹਿ ਲਖ ਹਰਿ ਅਵਤਾਰਾ ॥ ਨਾਰਦ ਆਇਓ ਰਿਖਹਿ ਉਦਾਰਾ ॥ ੪ ॥ ਭਗਵਾਨ ਰਘੂਤਮ ਦੇਖਨ ਕਾਜੇ ॥ ਸਫਟਕ ਮਣੀ ਸਮ ਪ੍ਰਭੂ ਬਿਰਾਜੇ ॥ ਮਾਨੋ ਸਰਦ ਚੰਦ ਤਨਧਾਰੇ ॥ ਰਿਖਵਰ ਆਇਓ ਪਰਮ ਉਦਾਰੇ ॥ ੫ ॥ ਅਤਰ ਕਿਤ ਅੰਬਰ ਪੰਥ ਸੁਹਾਏ ॥ ਨਾਰਦ ਦਿੱਬ ਗਜਾਨ ਸੁਖਦਾਏ ॥ ਤਿਨ ਕੋ ਦੇਖ ਉਮਾਂ ਰਘੁਨਾਥੂ ॥ ਸ਼ੀਘਰਉਠੇ ਜੋਰ ਨਿਜ ਹਾਥੂ ॥ ੬ ॥ ਸੀਤਾ ਸਹਿਤ ਸੁਦੰਡ ਪ੍ਰਣਾਮਾਂ ॥ ਮੁਨਿਕੋ ਕਰੀ ਭਵਾਨੀ ਰਾਮਾਂ ॥ ਨਾਰਦ ਪ੍ਰਤਿ ਪੁਨਿ ਬੈਨ ਉਚਾਰੇ ॥ ਪ੍ਰੀਤਿ ਭਗਤਿ ਰਘੁਵਰ ਉਰਧਾਰੇ ॥੭॥ ਸੰਸਾਰੀ ਜਨਕੋ ਮੁਨਿ ਦਯਾਲ ॥ ਦੁਰ ਲਭ ਤੇਰੋ ਦਰਸ਼ ਬਿਸਾਲ ॥ ਹਮ ਜੋ ਹੈਂ ਵਿਖਿਅਨ ਕੇ ਪਿਆਰੇ ॥ ਤਿਨ ਕੋ ਕਹਾਂ ਸੁਦਰਸ ਤੁਮਾਰੇ ॥ ੮ ॥ ਅਥਵਾ ਮੈਂ ਪੂਰਬ ਕ੍ਰਿਤ ਭਾਗਾ ॥ ਭਏ ਸੁ ਮੁਨਿਵਰ ਆਜ ਸੁਜਾਗਾ ॥ ਸੰਸਾਰ ਅਵਸਥਾ ਮਾਂਹਿ ਸੁਘੋਰਾ ॥ ਮੁਨਿਵਰ ਪਾਇਓ ਦਰਸ਼ਨ ਤੋਰਾ॥ ੯॥ ਮੁਨਿਤੇ ਦਰਸਨ ਪਰਮ ਪਦਾਰਥ ॥ ਤਾਂਕੋ ਪਾਇ ਸੁ ਭਏ ਕ੍ਰਿਤਾਰਥ ॥ ਕਾਰਯ ਕੌਨ ਸੁ ਕਹੋ ਤੁਮਾਰੋ॥ ਮੁਨਿ ਭਾਖੋ ਮੈਂ ਸੇਵਕ ਥਾਰੋ ॥ ੧੦ ॥ ਪੁਨਿ ਨਾਰਦ ਮੁਨਿ ਰਾਮ ਬਖਾਨੇ ॥ ਭਗਤ ਪਿਆਰੇ ਰਘੁਵਰ ਜਾਨੇ ॥ ਲੋਕਨ ਜਿਉ ਹਰ ਬਚਨ ਬਖਾਨ ॥ ਕਰੋਂ ਮੋਹੇ ਮੋਕੋ ਭਗਵਾਨ ॥ ੧੧ ॥ ਸੰਸਾਰੀ ਰਾਮ ਬ-

ਖਾਨਿਜੋ ਜੋਈ। ਸੱਤ ਤੁਮਾਰਾ ਬਚਨ ਸੁਹੋਈ। ਸਭ ਜਗਤਨ ਕੋ ਜੋ ਹੇ ਆਦਿ॥ ਗ੍ਰਹਣੀ ਤੁਮਰੀ ਸੀਯ ਅਨਾਦਿ॥ ੧੨॥ ਤਵ ਸੰਬੰਧਕਰ ਰਾਮ ਉਦਾਰਾ॥ ਬ੍ਰਹਮਾਦਿਕ ਸੁਤ ਜਨੇ ਅਪਾਰਾ॥ ਤ੍ਰੈਗੁਣ ਮਾਇਆ ਰਘੁਵਰ ਜੋਈ॥ ਤਵ ਆਸ੍ਰੈ ਨਿਤ ਭਾਸੇ ਸੋਈ॥ ੧੩॥ ਸ਼ੁਕਲ ਕ੍ਰਿਸ਼ਨ ਅਰ ਲੋਹਤ ਰੂਪਾ॥ ਤ੍ਰੈਬਿਧਿ ਪਰਜਾ ਜਨੇ ਅਨੂਪਾ॥ ਲੋਕ ਤੀਨ ਮਹਿ ਮਹਿਲਸੁ ਮੰਦਰਿ॥ ਰਾਮ ਗ੍ਰਿਹਸਤਿ ਤੁਮ ਤਿਨਕੇ ਅੰਦਰਿ॥ ੧੪॥ ਬਿਸ਼ਨ ਮਹੇਸ਼ੁਰ ਤੁਮ ਰਘੁਰਾਮ॥ ਪਦਮਾ ਉਮਾ ਜਨਕਜਾ ਜਾਨ। ਬ੍ਰਹਮਾ ਤੁਹੀ ਜਾਨਕੀ ਬਾਨੀ॥ ਰਵ ਤੁਮ ਸੀਤਾ ਪ੍ਰਭਾ ਵਖਾਨੀ॥ ੧੫॥ ਦੋਹਰਾ॥ ਰੋਹਣੀ ਸੀਯਾ ਸੁ ਜਾਨੀਯੇ ਤੁਮ ਸਸਾਂਕ ਰਘੁਨਾਥ॥ ਆਹਿ ਪਲੋਮੀ ਜਾਨਕੀ ਸ਼ਕ੍ਰ ਤੁਮੈ ਸੁਰਨਾਥ॥ ੧੬॥ ਚੌਪਈ॥ ਤੁਮ ਅਗਨੀ ਸੀਤਾ ਪੁਨਿ ਸੁਆਹਾ॥ ਯਮਨੀ ਸੀਆ ਯਮਨ ਤੁਮ ਆਹਾ॥ ਨਿਰਰਿਤ ਤੁਮ ਜੰਗਨਾਥ ਸੁ ਰਾਮ॥ ਤਾਮਸੀ ਹੈ ਸੀਤਾ ਕੋ ਨਾਮ॥ ੧੭॥ ਵਰਣੁਰਾਮ ਤੁਮ ਜਗਮੈ ਪ੍ਰਯੋ॥ ਭਾਰਗਵੀ ਸੀਯਜਨਕਜਾ ਹੱਯੇ॥ ਵਾਯੁ ਸੁ ਤੁਮ ਸੀਤਾਹੈ ਗਤੀ॥ ਕੁਬੇਰ ਰਾਮ ਸੰਪਤਿ ਸੀਯਮਤੀ॥ ੧੮॥ ਦੋਹਰਾ॥ ਰੁਦ੍ਰਾਨੀ ਸੀਯ ਬਖਾਨੀਯੇ ਸਭ ਗੁਨ ਸੀਲ ਪ੍ਰਧਾਨ॥ ਲੋਕ ਬਿਨਾਸ਼ਕ ਰੁਦ੍ਰ ਤੁਮ ਭਵ ਭੰਜਨ ਭਗਵਾਨ॥ ੧੯॥ ਇਸਤ੍ਰੀ ਵਾਚਕ ਲੋਕਮੈ ਸਭੀ ਜਾਨਕੀ ਆਹਿ॥ ਪੁਰਖ ਨਾਮ ਜੋ ਜਗਤ ਮੈ ਰਾਮ ਤੁਮੇਂ ਬਿਨ ਨਾਂਹਿ॥ ੨੦॥ ਚੌਪਈ॥

ਤਾਂਤੇ ਲੋਕ ਤੀਨ ਕੇ ਮਾਂਹੀਂ ॥ ਰਾਮ ਸੀਯਾ ਬਿਨ ਔਰ ਸੁ ਨਾਹੀਂ ॥ ਤ੍ਰਮਰੇ ਭਾਸ਼ ਯੁਕਤਿ ਅਗਿਆਨ ॥ ਅਬ ਆਕ੍ਰਿਤ ਸੋ ਆਹਿ ਪ੍ਰਧਾਨ ॥ ੨੧ ॥ ਤਾਂਤੇ ਭਇਓ ਮਹਿਤੱਤੁ ਉਦਾਰਾ ॥ ਸੂਤ੍ਰ ਭਇਓ ਸੁ ਜਾਹਿਂਬਿਕਾਰਾ ॥ ਅਹੰਕਾਰ ਬੁਧਿ ਪੁਨਿ ਪਾਂਚੋ ਪ੍ਰਾਣ ॥ ਦਸ ਇੰਦ੍ਰੇ ਜਗਕਰੇ ਬਖਾਨ ॥ ੨੨ ॥ ਯਾ ਕੌ ਲਿੰਗ ਸਰੀਰ ਭਨੀਜੇ। ਜਨਮ ਮ੍ਰਿਤ ਪੁਨਿ ਤਾਹਿਂ ਕਹੀਜੇ ॥ ਸੋਈ ਜਗ ਮੈ ਜੀਵ ਕਹਾਵੈ ॥ ਨਾਨਾ ਰੂਪ ਜਗਤ ਦਿਖਲਾਵੈ ॥ ੨੩ ॥ ਆਦਾਰ ਅਨਾਦਿ ਅਵਿੱਦਿਆ ਜੋਈ ॥ ਕਾਰਣ ਉਪਾਧ ਕਹੀਜੇ ਸੋਈ ॥ ਸਬਲ ਸੁ ਸੂਖਮ ਕਾਰਣ ਨਾਮਾ ॥ ਤੀਨ ਅਵਸਥਾ ਸੰਸ੍ਰਿਤ ਧਾਮਾਂ ॥ ੨੪ ॥ ਇਨ ਵਸਿਸ਼ਟ ਚਿਤ ਜੀਵ ਬਖਾਨੇ ॥ ਇਵ ਵਿਮੁਕਤ ਪਰਮੇਸੁਰ ਭਾਨੇ ॥ ਜਾਗ੍ਰਤ ਸੁਪਨ ਸਖੋਪਤਿ ਨਾਮ ॥ ਤੀਨ ਅਵਸਥਾ ਸੰਸ੍ਰਿਤ ਧਾਮ ॥ ੨੫ ॥ ਤਾਹਿ ਵਿਲੱਖਣ ਸਾਖੀ ਜੋਈ ॥ ਰਾਮ ਰਘੂਤਮ ਵੈ ਤ੍ਰਮ ਸੋਈ ॥ ਤ੍ਰਮਤੇ ਭਯੋ ਜਗਤ ਯਹਿ ਸਾਰਾ ॥ ਤ੍ਰਮਰੇ ਨਿਖਲ ਜਗਤ ਆਧਾਰਾ ॥ ੨੬ ॥ ਤ੍ਰਮਰੇ ਬਿਖੇ ਲੀਨ ਪੁਨਿ ਹੋਈ ॥ ਰਾਮ ਸਰਬ ਕਾਰਣ ਤ੍ਰਮ ਸੋਈ ॥ ਰੱਜੁ ਮਾਹਿ ਜਿਉਂ ਸਰਪ ਸੁ ਮਾਨ ॥ ਹੋਵੈ ਲੋਕ ਮਹਾਂ ਭੈ ਮਾਨ ॥ ੨੭ ॥ ਤਿਉਂ ਅਗਜਾਨ ਕਰ ਜੀਵ ਸੁ ਹੋਵੈ ॥ ਆਪ ਭੁਲਾਇ ਮਹਾਂ ਦੁਖ ਜੋਵੈ ॥ ਪਰਮਾਤਮ ਆਪ ਜਾਨ ਹੈ ਜਬਹੀ ॥ ਭਯ ਦੂਖੋਂ ਤੇ ਛੂਟੇ ਤਬਹੀ ॥ ੨੯ ॥ ਚਿੰਨ ਮਾਤ੍ਰ ਜੋ ਰਾਮ ਤ੍ਰਮ ਜੋਈ ॥ ਸਭ ਤਨਿ ਬੁਧਿ ਪ੍ਰਕਾਸ਼ਕ ਸੋਈ ॥

॥ ਤਾਂਤੇ ਤੁਮ ਸਰਬਾਤਮ ਹੱਯੇ ॥ ਤੁਮ ਬਿਨ ਔਰ ਨ ਕੋਈ ਪੱਯੇ ॥ ੨੯ ॥ ਦੋਹਰਾ ॥ ਰਜੂਮਾਹਿ ਭੁਜੰਗ ਜਿਉਂ ਤਿਉਂ ਯਹ ਸਭ ਸੰਸਾਰ ॥ ਭਇਓ ਸੁ ਤਵ ਅਗਿਆਨ ਤੇ ਨਿਖਲ ਸੁ ਤਵ ਆਧਾਰ ॥ ੩੦ ॥ ਤਵ ਜਾਨੇ ਜਾਤੇ ਮਿਟੇ ਤਾਤੇ ਤੇਰੋ ਗਿਆਨ ॥ ਸੇਵੇ ਨੀਤ ਸੁ ਜੋ ਚਹੇ ਯਾ ਭਵ ਬੰਧਨ ਹਾਨ ॥ ੩੧ ॥ ਚੌਪਈ ॥ ਤਵ ਪਦ ਭਗਤਿ ਯੁਗਤਿ ਜਨ ਜੇਈ ॥ ਗਿਆਨ ਲਹੇ ਕ੍ਰਮ ਕਰ ਜਨ ਤੇਈ ॥ ਤਾਂਤੇ ਜੇ ਤਵ ਭਗਤਿ ਸੁ ਯੁਗਤ ॥ ਤੇਈ ਹੈਂ ਭਵ ਬੰਧਨ ਮੁਕਤ ॥ ੩੨ ॥ ਦੋਹਰਾ ॥ ਤਵ ਭਗਤਨ ਕੇ ਭਗਤ ਜੇ ਪੁਨਿ ਤਿਨ ਭਗਤਿ ਸੁਨਾਥ ॥ ਤਾਂ ਕਿੰਕਰ ਨਾਰਦ ਸਦਾ ਜਾਨੋਂ ਸ੍ਰੀ ਰਘੁ ਨਾਥ ॥ ੩੩ ॥ ਚੌਪਈ ॥ ਮੋ ਪੈ ਕਰੋ ਅਨੁਗ੍ਰਹੁਰਾਮਾਂ॥ ਮੋਹਨ ਕੋ ਨਹੀ ਮੋਮੈ ਕਾਮਾਂ ॥ ਨਾਭਿ ਕਮਲ ਕਮਲਾਸਨ ਭਏ ॥ ਜਿਨਤੇ ਨਾਥ ਮੋਹਿ ਭਵ ਲਹੇ ॥ ੩੪ ॥ ਯਾਂਤੇ ਤਵ ਨਾਤੀ ਜਨ ਨਾਰਦ ॥ ਰੱਖਯਾ ਕਰੋ ਸੁ ਮੋਹ ਬਿਸਾਰਦ ॥ ਯੌਂ ਨਾਰਦ ਬਹੁ ਭਾਖ ਭਵਾਨੀ ॥ ਦੰਡ ਪ੍ਰਣਾਮ ਸੁ ਸਾਨੰਦ ਠਾਨੀ ॥ ੩੫ ॥ ਪੁਨਿ ਨਾਰਦ ਇਹ ਬਚਨ ਉਚਾਰੇ ॥ ਬ੍ਰਹਮਾ ਜੋਹੈ ਜਨਕ ਹਮਾਰੇ ॥ ਤਿਨਕੋ ਸੁਨੋ ਸੰਦੇਸੇ ਰਾਮ ॥ ਕਰੋ ਜਨਕ ਕੇ ਪੂਰਣ ਕਾਮ ॥ ੩੬ ॥ ਰਾਵਣ ਬਧ ਹਿਤ ਨਰ ਤਨ ਧਾਰੇ ॥ ਭੂਮ ਬਿਖੇ ਰਘੁਬੀਰ ਉਦਾਰੇ ॥ ਅਬ ਤਵ ਪਿਤਾ ਰਾਜ ਕੇ ਕਾਜਾ ॥ ਕੀਨੋ ਤਵ ਅਭਿਖੇਕ ਸੁ ਸਾਜਾ ॥ ੩੭ ॥ ਜੋ ਤੁਮ ਰਾਜ ਬਿਖੇ ਮਨ ਧਾਰੋ ॥ ਰਾਵਣ

ਕੋ ਰਾਘਵ ਨਹਿ ਮਾਰੇ ॥ ਖੀਰ ਨਿਧੀ ਹਰਿ ਬਚਨ ਤਿਹਾ ਰੇ ॥ ਭੂ ਕੋ ਭਾਰ ਹਰੇਂਗੇ ਸਾਰੇ ॥ ੩੭ ॥ ਤਾਂਕੋ ਕਰੋ ਸੱਤ ਨਰ ਦੇਵ ॥ ਸਾਂਤਿ ਸਿੰਧ ਭ੍ਰਮ ਅਲਖ ਅਭੇਵ ॥ ਸੁਨਿ ਯਾ ਬਿਧਿ ਨਾਰਦ ਕੀ ਬਾਨੀ ॥ ਹਸ ਬੋਲੇ ਪੁਨਿ ਰਾਮ ਭਵਾਨੀ ॥ ੩੯ ॥ ॥ ਦੋਹਰਾ ॥ ਸੁਨ ਨਾਰਦ ਯਾ ਲੋਕ ਮੈ ਮੋ ਪ੍ਰਤਿ ਕਛੂ ਅਗਯਾਤ ॥ ਤਵ ਜਾਨਯੋ ਉਰ ਆਪਨੇਂ ਮੈਂ ਜਾਨਯੋ ਬਿਖਯਾਤ ॥ ੪੦ ॥ ਚੌਪਈ ॥ ਖੀਰ ਨਿਧਿ ਮੈ ਭਾਖੀ ਜੋਈ ॥ ਸੱਤ ਕਰੋਂ ਪਰਤੱਗਯਾਸੋਈ ॥ ਹੁਇ ਕੈ ਨਾਰਦ ਸਮੈ ਅਨੁਸਾਰ ॥ ਨਿਖਲ ਨਿਵਾਰੋਂ ਭੂ ਕੋ ਭਾਰ ॥ ੪੧ ॥ ਕ੍ਰਮ ਕਰ ਮਾਰੋਂ ਰਾਖਸ਼ ਸਾਰੇ ॥ ਨਿਖਲ ਨਿਵਾਰੋਂ ਭੂ ਕੋ ਭਾਰੇ ॥ ਨਾਰਦ ਮਾਰਨ ਹੇਤ ਦਸ਼ਾਨਨ ॥ ਪਾਤ ਜਾਉਂ ਮੈ ਚੰਡ ਕਿ ਕਾਨਨ ॥ ੪੨ ॥ ਚੌਦਾਂ ਬਰਸ ਬਾਸ ਬਨ ਕਰੋਂ ॥ ਫਲ ਭਖਨ ਤਨ ਬਲਕਨ ਧਰੋਂ ॥ ਕੁਲ ਸਮੇਤ ਰਾਵਣ ਹੈ ਜੋਈ ॥ ਸੀਤਾ ਮਿਸ ਕਰ ਹਨੋਂ ਸੁ ਸੋਈ ॥ ੪੩ ॥ ਯਾ ਬਿਧ ਰਾਮ ਬਖਾਨਯੋ ਜਬਹੀ ॥ ਭਯੋ ਪ੍ਰਸੰਨ ਸੁ ਨਾਰਦ ਤਬਹੀ ॥ ਤੀਨ ਪ੍ਰਦੱਖਣ ਕਰੀ ਭਵਾਨੀ ॥ ਦੰਡ ਪ੍ਰਣਾਮ ਰਾਮ ਪ੍ਰਤਿ ਠਾਨੀ ॥ ੪੪ ॥ ਰਾਮ ਦਈ ਤਿਨ ਆਗਯਾ ਜਬਹੀ ॥ ਗਯੋ ਸੁਵਰਗ ਲੋਕ ਮੁਨਿ ਤਬਹੀ ॥ ਨਾਰਦ ਰਾਮ ਸੰਬਾਦ ਸੁਜੋਈ ॥ ਤਾਂਹਿਪਢੈ ਜਗਮੈਂ ਨਰ ਕੋਈ ॥ ੪੫ ॥ ਅਥਵਾ ਸੁਨੇ ਸਿਮਰਨ ਮਨ ਕਰੇ ॥ ਰਾਮ ਭਗਤਿ ਉਰ ਭੀਤਰਿ ਭਰੇ ॥ ਦੁਰਲਭ ਪਦਵੀ ਮੋਖ ਸੁ ਜੋਈ ॥ ਕਰ ਵੈਰਾਗ ਲਹੈ ਨਰ ਸੋਈ ॥ ੪੬ ॥

ਇਤਿ ਸ੍ਰੀ ਮਤਿ ਅਧਯਾਤਮ ਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਅਯੁਧਯਾ ਕਾਂਡੇ ਪ੍ਰਿਥਮੋ ਧਯਾਇ ॥ ੧ ॥

ਸ੍ਰੀ ਮਹਾਂਦੇਵ ਉਵਾਚ ॥

ਸਵੈਯਾ ॥ ਅਜ ਨੰਦਨ ਭੂਪ ਸੁ ਏਕ ਸਮੈ ਕੁਲ ਚਾਰਯ ਆਪ ਵਸਿਸਟ ਬੁਲਾਏ । ਮੁਨਿ ਰਾਮ ਸਰਾਹ ਕਰੇ ਸਭਹੀਂ ਪੁਰ ਲੋਕ ਇਹੈ ਗੁਰ ਬੈਨ ਸੁਨਾਏ । ਨੈਗਮ ਬ੍ਰਿਧ ਅਮਾਤ ਸਭੈ ਗੁਨ ਗਾਵਤ ਭੂਪ ਬਿਸੇਖ ਜਨਾਏ। ਅਬ ਰਾਜ ਦਯੋ ਸੁਤ ਰਾਮ ਮਹੀ ਗੁਣ ਪੁੰਜ। ਸਭੈ ਇਨ ਭੀਤਰ ਆਏ । ੧ ॥ ਚੌਪਈ ॥ ਬ੍ਰਿਧ ਭਯੋ ਮੁਨਿ ਦੇਹ ਹਮਾਰਾ । ਕਮਲਨੈਨ ਸੁਤ ਰਾਮ ਉਦਾਰਾ । ਤਾਂਤੇ ਤਾਕੋ ਤਿਲਕ ਸੁ ਦੀਜੈ । ਮੰਗਲ ਕਾਰਯ ਬੇਰ ਨ ਕੀਜੈ ॥ ੨ ॥ ਸੱਤ੍ਰੁਘਨ ਸਹਤ ਭਰਥ ਬੋ ਜੋਈ । ਮਾਤੁਲ ਦੇਖਨ ਗਯੋ ਸੁ ਸੋਈ । ਮੈ ਅਭਿਖੇਕ ਸੁ ਕਰੋ ਸੁਕਾਰੇ । ਮੁਨਿ ਅਨਮੋਦਨ ਚਾਹੋਂ ਥਾਰੇ ॥ ੩ ॥ ਸੰਭਾਰ ਕਰੋ ਇਕੱਤਰ ਸਾਰੇ । ਜਾਇ ਨਿਮੰਤੋ ਰਾਮ ਪਿਆਰੇ । ਨਾਨਾ ਵਰਣ ਪਤਾਕਾ ਜੋਈ। ਕਰੋਂ ਉਥਾਪਨ ਸਗਲੀ ਤੋਈ ॥ ੪ ॥ ਬੰਦਨ ਵਾਰ ਸਵਾਰੋ ਸਾਰੇ । ਸੁਵਰਣ ਮੁਕਤਿ ਮਧ ਸਰਬ ਦੁਆਰੇ । ਯਾ ਬਿਧ ਭੂਪ ਬਸਿਸਟ ਅਲਾਏ । ਮੰਤ੍ਰੀ ਬਹੁਰ ਸੁਮੰਤ੍ਰ ਬੁਲਾਏ ॥ ੫ ॥ ਆਗਯਾ ਕਰੋਂ ਮੁਨੀਵਰ ਜੋਈ । ਲਿਆਵੋ ਵਸਤੁ ਸਗਲ ਭੂਮ ਸੋਈ । ਯੋਵਰਾਜ ਮੈ ਰਾਮ ਸੁ ਟੀਕੋ । ਪ੍ਰਾਤ ਕਰੋਂ ਮੰਤ੍ਰੀ ਮੈ ਨੀਕੋ ॥ ੬ ॥ ਸੁਨਿ ਮੰਤ੍ਰੀ ਭੂਪਤਿ ਕੀ ਬਾਤਾ । ਪੁਲਕਤ ਭਯੋ ਸਰ

ਤ ਤਿਨ ਗਾਤਾ। ਭਾਖੇ ਮੰਤ੍ਰੀ ਦੋ ਕਰ ਜੋਰੇ। ਆਗਜਾ ਕਰੋ ਮੁਨੀ ਵਰ ਮੋਰੇ ॥ ੭ ॥ ਤਬ ਬਸਿਸ੍ਟ ਮੁਨਿ ਬੋਲੇ ਗਜਾਨੀ। ਆਗਜਾ ਧਾ ਬਿਧ ਕਰੀ ਭਵਾਨੀ। ਕੰਨਜਾ ਸ੍ਵਰਣ ਮੰਡਨ ਨਿਜ ਗਾਤ। ਮੱਧ ਕੱਖ ਠਾਢੀ ਕਰਿ ਪ੍ਰਾਤ ॥ ੮ ॥ ਸੁਵਰਣ ਭਰਨ ਜਿਨ ਕੇ ਤਨ ਧਾਰੇ। ਖੋੜਸ ਲਿਆਵਹੁ ਗਜਹ ਉਦਾਰੇ। ਐਰਾਵਤ ਕੀ ਕੁਲ ਮੋ ਜਾਏ। ਚਤਰ ਦੰਤ ਜਿਨ ਤੁੰਡ ਸੁਹਾਏ ॥ ੯ ॥ ਨਾਨਾ ਤੀਰਥ ਕੇ ਜਲ ਜੇਤੇ । ਸੁਵਰਣ ਕੁੰਭ ਆਨੀਜੇ ਤੇਤੇ । ਬਹੁਤ ਸਹਿਸਰ ਕੁੰਭ ਲਿਆਵੋ। ਕਰੋ ਸਥਾਪਨ ਬੇਰ ਨ ਲਾਵੋ ॥ ੧੦ ॥ ਸ਼ਿਕਰ ਛੰਦ॥ ਤੀਨ ਬਿਆਘ੍ਰਰ ਚਰਮ ਮੰਤ੍ਰੀ ਆਨੀਯੇ ਮਨ ਲਾਇ ॥ ਸੁਭ ਸ੍ਵੇਤ ਛੱਤ੍ਰ ਰਤਨ ਦੰਡ ਮੋਤੀ ਮਣੀ ਸੁਖ ਦਾਇ। ਦਿੱਬ ਮਾਲ ਸੁਮਾਨੀਯੇ ਪੁਨਿ ਦਿੱਬ ਪਾਟ ਅਪਾਰ। ਬਿਬਧ ਭੂਖਨ ਆਨੀਯੇ ਪੁਨਿ ਜਾਹਿ ਕ੍ਰਾਂਤ ਉਦਾਰ ॥ ੧੧ ॥ ਮੁਨਿ ਹੋਇ ਠਾਢੇ ਤਹਾਂ ਸਾਦਰ ਲੈ ਕੁਸ਼ਾ ਨਿਜ ਪਾਨ। ਵਾਰ ਮੁਖਜਾ ਨਰਤ ਕੀ ਪੁਨਿ ਗਾਇ ਕਾ ਕਰ ਗਜਾਨ । ਨਾਨਾ ਵਜਿੰਤ੍ਰ ਕੁਸਲ ਜੇ ਸੁ ਵਜਾਹਿ ਨ੍ਰਿਪ ਅਗਾਰ। ਗਜ ਅਸ੍ਵ ਰੱਥ ਪਾਦਾਂਤਿ ਸਾਯੁਧ ਰਹੇ ਬਾਹਰ ਵਾਰ ॥ ੧੨ ॥ ਨਗਰ ਮੈ ਜੇ ਦੇਵਤਾ ਕੇ ਆਹਿ ਆਇਤ ਨਾਨ। ਕਰੋ ਪੂਜਾ ਤਾਹਿ ਕੀ ਦੈ ਬਲੀ ਬਹੁ ਸਨਮਾਨਿ। ਬੇਗ ਰਾਜਾ ਆਵ ਹੈ ਪੁਨਿ ਲੈ ਉਪਾਇਨ ਹਾਥ। ਦੇ ਉਮਾ ਇਹ ਭਾਂਤ ਆਇਸੁ ਵਸਿਸ੍ਟ ਜੋ ਮੁਨਿ ਨਾਥ॥੧੩॥ ਬੈਠਰਥਭਗਵਾਨ ਮੁਨਿ ਪੁਨਿਗਯੋ ਰਾਮ

ਅਗਾਰ । ਤੀਨ ਕਾਂਖਯਾ ਲਾਂਘ ਕੈ ਪੁਨਿ ਭਯੋ ਮੁਨਿ ਪਦ ਚਾਰ॥
ਰਾਮ ਗੁਰ ਮਨ ਜਾਨਕੈ ਨਹਿੰ ਕੀਨ ਦੁਆਰ ਪਵਾਰ। ਇਹ ਭਾਂਤ
ਆਪ ਮੁਨੀਸਰਾ ਪੁਨਿ ਗਏ ਭੌਨ ਮੰਝਾਰ ॥ ੧੪ ॥ ਆਇ ਗੁਰੂ
ਉਰ ਜਾਨ ਕੈ ਪੁਨਿ ਰਾਮ ਜੋਰ ਸੁ ਹਾਥ। ਜਾਇ ਸਨਮੁਖ ਦੰਡ
ਵਤ ਪਰਣਾਮ ਕੈ ਰਘੁਨਾਥ । ਸੁਵਰਣ ਪਾਤ ਸੁਨੀਰ ਕੋ ਕਰ
ਜਾਨਕੀ ਅਨਵਾਇ । ਕਰ ਭਗਤਿ ਵੈਰਤ ਨਾ ਸਨੈ ਪੁਨਿਰਾਮ
ਗੁਰ ਬੈਠਾਇ ॥ ੧੫ ॥ ਸੀਤਾ ਸੰਯੁਕਤ ਸੁ ਧੋਇ ਪਦ ਜਲ
ਸੀਸ ਰਘੁਵਰਧਾਰ। ਮੈਂ ਧੰਨ ਰਾਮ ਬਖਾਨਿਯੋ ਮੁਨਿ ਪਾਇ ਤੇ
ਪਦ ਵਾਰ । ਰਾਮ ਕੋ ਯਹਿ ਬਚਨ ਸੁਨਿ ਮੁਨਿ ਕੀਨ ਆਪ
ਬਖਾਨ। ਤੇ ਪਦਾਂਬੁਜ ਸਗਲ ਗਿਰਧਰ ਜਾਂ ਪਤੀ ਭਗਵਾਨ
॥ ੧੬ ॥ ਧੰਨਿ ਹੋਇਓ ਲੋਕ ਮੈਂ ਬ੍ਰਹਮਾਂ ਜਿ ਤਾਤਿ ਹਮਾਰ।
ਤੇ ਪਾਦ ਤੀਰਥ ਸਲਲ ਕਰ ਤਿਨ ਖਰੇ ਕਿਲ ਵਿਖ ਤਾਰ।
ਅਬ ਬਖਾਨੇ ਰਾਮ ਜੋ ਵਹ ਕਰੇ ਜਨ ਉਪਦੇਸ਼। ਹੈ ਪਰਾਤਮ
ਰਾਮ ਤੂ ਪੁਨਿ ਭਗਤਿ ਹਰਣ ਕਲੇਸ਼॥੧੭॥ ਦੇਵਕਾਰਯ ਸਿੱਧ
ਹਿਤ ਪੁਨਿ ਭਗਤਿ ਭ ਤ ਕਮਾਹਿ। ਰਾਵਣ ਬਧਾਰਥ ਤੂ
ਭਯੋ ਮੈਂ ਜਾਨਿਯੋਂ ਉਰ ਮਾਂਹਿ । ਤਦਪ ਦੇਵ ਨ ਭਾਖਿਯੋ ਯਹਿ
ਗੋਪ ਅਮਰ ਸੁ ਕਾਜ। ਜੈਸੇ ਤੁਮੇ ਬਿਸਤਾਰਿਯੋ ਯਹਿ ਨਿਖਲ
ਮਾਯਾ ਸਾਜ॥ ੧੮॥ ਜੋ ਕਹੇ ਤੂ ਰਘੁਨਾਥ ਪੂਰਬ ਮੈਂ ਕਰੋਂ
ਪੁਨਿ ਸੋਇ। ਤੂ ਸਿੱਖ ਮੈਂ ਗੁ ਹੋਇਓ ਨਹਿ ਕਰੇ ਮਾਲਮ
ਕੋਇ। ਗੁਰਨ ਕੋ ਗੁਰਦੇਵ ਤੂ ਪੁਨਿ ਪਿਤਾ ਕੋ ਪਿਤ ਆਹਿ ।
ਜੁਗਦਯੰਤਰ ਵਾਹ ਕੋ ਪੁਨ ਰਾਮ ਤੁਮ ਬਿਨ ਨਾਹਿੰ॥ ੧੯।

ਸੁਬਿਸਾਤਿਕ ਦੇਹ ਤੂੰ ਪੁਨਿ ਧਾਰ ਨਿਜ ਆਧੀਨ। ਨਿਜਸ਼ਕਤਿ ਨਰ ਜਿਉਂ ਭਾਸ਼ ਹੈ ਨਹਿ ਸਕੇ ਕੋ ਤਵ ਚੀਨ॥ ਹੋਨੋ ਪਰੋਹਿਤ ਜਗਤ ਮੈਂ ਯਹਿ ਆਹਿ ਨਿੰਦ ਮਹਾਨ। ਇਖਵਾਕੁ ਕੁਲ ਪਰਮਾਤਮਾ ਹਰਿ ਉਪਜ ਹੈ ਭਗਵਾਨ॥੨੦॥ ਚੌਪਈ॥ । ਯਹ ਬਿਧ ਰਾਮ ਪ੍ਰਥਮ ਮੈ ਜਾਨੀ। ਬ੍ਰਹਮਾ ਮੋ ਪ੍ਰਤਿ ਆਪ ਬਖਾਨੀ। ਨਿੰਦਤ ਕਰਮ ਪਰੋਹਤ ਜੋਈ। ਤਵ ਗੁਰ ਆਸ ਕਰਯੋ ਮੈ ਸੋਈ॥ ੨੧ ॥ ਤਾਂਤੇ ਭਯੋ ਮਨੋਰਥ ਮੇਰਾ । ਭਯੋ ਅਚਾਰਯ ਜਗ ਮੈਂ ਤੇਰਾ। ਸਭ ਲੋਕਨ ਕੇ ਮੋਹਨ ਹਾਰੀ। ਮਾਇਆ ਸ਼ਕਤਿ ਜੋ ਆਹਿ ਤੁਮਾਰੀ॥ ੨੨ ॥ ਯਥਾ ਨ ਮੋਹੇ ਮੋਕੋ ਰਾਮ। ਕਰੋ ਤਥਾ ਬਿਧ ਪੂਰਨ ਕਾਮ। ਗੁਰ ਨਿਸ ਕ੍ਰਿਤ ਇੱਛਾ ਜੋ ਤੇਰੀ। ਯਹੀ ਦੱਖਣਾਂ ਦੀਜੇ ਮੇਰੀ ॥ ੨੩॥ ਪ੍ਰਸੰਗ ਕ ਤੋਹਿ ਬਖਾਨੀ ਬਾਤ। ਔਰ ਠੌਰ ਨਹਿਂ ਭਾਖੋਂ ਤਾਤ। ਰਾਜਾ ਦਸਰਥ ਮੋਹਿ ਪਠਾਯੋ। ਰਾਮ ਨਿਮੰਤ੍ਰਨ ਤੋਕੋ ਆਯੋ ॥ ੨੪ ॥ ਕੱਲ ਸਵੇਰੇ ਤੋਕੋ ਰਾਜ। ਦੇਵੇਂਗੇ ਦਸਰਥ ਸਿਰਤਾਜ । ਅਬ ਤੂੰ ਸੀਯ ਸਹਿਤ ਭੂਜਾਈਂ। ਕਰ ਉਪਵਾਸ ਰਹੋ ਰਘੁ ਰਾਈ॥ ੨੫॥ ਸੁਚਿ ਪੁਨਿ ਇੰਦ੍ਰ ਜੀਤੋਰਾਮ। ਮੈਂ ਜਾਵੋਂ ਦਸ ਰਥ ਨ੍ਰਿਪ ਧਾਮ। ਮੰਗਲ ਹੋਸੀ ਕਾਲ ਸਕਾਰੇ । ਤਬ ਆਵੇਗੇ ਰਾਮ ਪਿਆਰੇ॥ ੨੬॥ ਰਾਜ ਗੁਰੂ ਇਹ ਭਾਂਤ ਬਖਾਨ । ਸਿਯੰਦਨ ਬੈਠ ਗਯੋ ਭਗਵਾਨ। ਉਮਾ ਹੇਰ ਲਖਮਣ ਨਿਜ ਬੀਰ। ਹਸ ਬੋਲੇ ਪੁਨਿ ਸ੍ਰੀ ਰਘੁਬੀਰ ॥ ੨੭ ॥ ਲਖਮਣ ਸੁਨੋ ਹਮਾਰੀ ਬਾਤ। ਯੋਵਰਾਜ ਹੋਸੀ ਮੋਹਿ ਪ੍ਰਾਤ । ਨਿਮਿਤ

ਮਾਤ੍ਰ ਹੈ ਨਾਮ ਹਮਾਰੋ। ਕਰਨੋਂ ਕਾਮ ਨਿਖਲ ਹੈ ਥਾਰੋ॥੨੮॥ ਮੇਰੋ ਬਹੁਰ ਪ੍ਰਾਣ ਤੂੰ ਆਹਿ। ਸ਼ਿਸ਼ਾ ਯਾ ਮੈਂ ਰੰਚਕ ਨਾਹਿ। ਯਾ ਵਿਧ ਲਖਮਣ ਪ੍ਰਤਿ ਹਰ ਭਾਂਨਯੋ । ਬਹੁਰ ਕਰਯੋ ਜੋ ਮੁਨਹਿ ਬਖਾਨਯੋ॥ ੨੯॥ ਸੀਘ ਸਮੇਤ ਭੁਏ ਭੂਸਾਈਂ। ਮਨੋ ਘਰੇਮੁਨਿਰੀਤਿ ਬਨਾਈ। ਬਸਿਸ੍ਰ ਗਏ ਪੁਨਿ ਨ੍ਰਿਪ ਵਰ ਪਾਸ। ਕਹੀ ਰੀਤ ਸੋ ਕਰੀ ਪ੍ਰਕਾਸ॥ ੩੦॥ ਦੋਹਰਾ॥ ਰਾਮ ਤਿਲਕ ਜਬ ਭਾਖਿਯੋ ਨ੍ਰਿਪਵਰਿ ਮੁਨਿਵਰ ਪਾਸ। ਸੁਨਿ ਕੇ ਇਕ ਜਨ ਆਇਓ ਰਾਜ ਭਵਨ ਧਰ ਆਸ॥ ੩੧॥ ਚੌਪਈ॥ ਕੌਸ਼ੱਲਯਾ ਔਰ ਸੁਮਿੱਤ੍ਰਾ ਸੁੰਦਰਿ। ਰਾਮ ਲਖਨ ਮਾਤਾ ਨ੍ਰਿਪ ਮੰਦਰ। ਤਿਨ ਕੇ ਪਾਸ ਬਖਾਨੀ ਬਾਤ। ਸੁਨ ਹਰਖਾਨੀ ਪੁਲਕਤ ਗਾਤ॥ ੩੨॥ ਜਨ ਕੋ ਉਤਮ ਹੇਮ ਸੁ ਦਯੋ । ਕੌਸ਼ੱਲਜਾ ਬਹੁਤ ਹਰਖ ਉਰ ਭਯੋ । ਲਖਮੀਕੀ ਪੂਜਾ ਬਿਸ ਥਾਰੀ। ਰਾਮ ਰਾਜ ਉਰ ਅੰਤਰ ਧਾਰੀ॥ ੩੩॥ ਸੱਤ ਵਾਕ ਦਸਰਥ ਵਰ ਰਾਜਾ। ਕਰਸੀ ਸੱਤਿ ਕਹਯੋ ਮੁਖ ਕਾਜਾ। ਕੈਕਈ ਵਸਿ ਨ੍ਰਿਪ ਕਾਮਕ ਸੋਇ। ਕਿਆ ਕਰ ਹੈ ਨਹਿੰ ਜਾਨੈ ਕੋਇ॥ ੩੪। ਯਾ ਬਿਧਿ ਬਿਆਕੁਲ ਦਿਤਿ ਸੁ ਭਈ। ਪੁਨਿ ਦੁਰਗਾ ਪੂਜਾ ਨਿਰਮਈ। ਯਾ ਅੰਤਰਿ ਪੁਨਿ ਅਮਰ ਭਵਾਨੀ। ਮਿਲ ਬਾਣੀ ਪ੍ਰਤਿ ਬਾਤ ਬਖਾਨੀ॥ ੩੫॥ ਭੂ ਮੰਡਲ ਬਾਨੀ ਤੁਮ ਜਾਵੋ। ਔਧ ਪੁਰੀ ਮੈ ਨਿਜ ਪਦ ਪਾਵੋ। ਬ੍ਰਹਮ ਵਾਕ ਉਰ ਅੰਤਰ ਧਰੋ। ਰਾਮ ਤਿਲਕ ਬਿਧੁੰਸਨ ਕਰੋ॥ ੩੬॥ ਪ੍ਰਿਥਮ ਮੰਥਰਾ ਕਰੋ ਪ੍ਰਵੇਸ਼। ਬਹੁਰ ਕੈਕਈ

ਹਰੋ ਕਲੇਸ਼। ਹੋਵੇ ਬਿਘਨ ਤਿਲਕ ਮੇਂ ਜਬਹੀ । ਆਵੇ ਸੁਰਗ ਲੋਕ ਪੁਨਿ ਤਬਹੀ ॥ ੩੭ ॥ ਯਾ ਬਿਧ ਦੇਵਨ ਕੀਨ ਉਚਾਰ। ਬਾਨੀ ਕਰ ਉਰ ਅੰਗੀਕਾਰ। ਕਰਯੋ ਪ੍ਰਵੇਸ਼ ਮੰਥਰਾ ਮਾਹੀਂ। ਭਯੋ ਹੁਲਾਸ ਕੁਬਜ ਮਨ ਮਾਹੀ ॥ ੩੮ ॥ ਕੁਬਜਾਂ ਚੜੀ ਮਹਿਲ ਪੁਨਿ ਦੋਰੇ। ਅਲੰਕਤ ਨੱਗ੍ਰ ਹੇਰ ਚਹੁ ਓਰੇ। ਨਾਨਾ ਤੋਰਣ ਜਾਮੋਂ ਧਰੀ। ਬਹੁਤ ਪਤਾਕਾ ਕੀਨੀ ਖਰੀ ॥ ੩੯ ॥ ਸਭ ਉਤਸਵ ਕੈਹ ਨੱਗ੍ਰ ਸੁਹਾਇਓ। ਕੁਬਜਾਂ ਮਨਹਿ ਅਚੰਭਾ ਆਇਓ। ਉਤਰੀ ਬੇਗ ਮਹਲ ਤੇ ਧਾਇ। ਯਾਤ੍ਰੀ ਕੋ ਤਿਨ ਪੂਛਯੋ ਜਾਇ ॥ ੪੦ ॥ ਮਾਤਾ ਨੱਗ੍ਰ ਅਲੰਕ੍ਰਿਤ ਸਾਰੇ। ਕਾਂਹਿ ਨਮਿੱਤ ਭਯੋ ਸੁ ਉਚਾਰੋ। ਨਾਨਾ ਉਤਸਵ ਹਰਖ ਅਪਾਰੀ। ਕਰੇ ਕੌਸ਼ਲਜਾ ਰਾਮ ਮਹਿਤਾਰੀ ॥ ੪੧ ॥ ਬ੍ਰਾਹਮਣ ਕੋ ਦੇਵੇ ਬਹੁ ਦਾਨਾ। ਰਤਨ ਪਟੰਬਰ ਹੇਮ ਸੁ ਨਾਨਾਂ। ਧਾਤ੍ਰੀ ਹਰੀ ਕਹੀ ਤਬ ਬਾਤ। ਰਾਮ ਤਿਲਕ ਹੋਵੈਗੋ ਪ੍ਰਾਤ ॥ ੪੨ ॥ ਯਾਤੇ ਨੱਗ੍ਰ ਅਲੰਕ੍ਰਿਤ ਭਰਿਯੋ। ਭੂਪਤਿ ਆਪ ਸੁ ਬਚਨ ਉਚਰਿਓ। ਸੁਨਿ ਯਹਿ ਬਾਤ ਮੰਥਰਾ ਬੌਰੀ। ਕੈਕਈ ਕੇ ਢਿਗ ਆਇ ਸੁ ਦੌਰੀ ॥ ੪੩ ॥ ਸੇਜ ਕੁਕੇਈ ਸੋਈ ਪਰੀ। ਨੈਨ ਜਾਂਹਿ ਮ੍ਰਿਗ ਹੈ ਮਦ ਹਰੀ। ਤਾਂ ਪ੍ਰਤ ਕੁਬਰੀ ਕੀਯੋ ਬਖਾਂਨ। ਕਿਉਂ ਸੋਵੇ ਮੂੜ੍ਹੇ ਸੁਖ ਮਾਨ ॥ ੪੪ ॥ ਦੁਰਭਾਗੇ ਭੈਯ ਆਯੋ ਭਾਰੀ। ਨਾ ਜਾਨੇ ਜੋਬਨ ਰੂਪ ਖੁਮਾਰੀ। ਰਾਮ ਰਾਜ ਕੋ ਤਿਲਕ ਉਦਾਰੇ। ਭੂਪ ਅਨੁਗ੍ਰਹ ਹੋਇ ਸਕਾਰੇ ॥ ੪੫ ॥ ਸੁਨਿ ਯਹਿ ਬਾਤ ਕੈਕਈ ਰਾਨੀ। ਬੇਗ ਉਠੀ ਉਰ ਮੈਂ ਹਰ

ਖਾਨੀ॥ ਰਤਨ ਜੜੀ ਨੂਪਰ ਪਦ ਤਾਰ॥ ਦਈ ਮੰਥਰਾ ਹਰਖ ਅਪਾਰ ॥ ੪੬॥ ਬਹੁਰ ਕੇਕਈ ਬਾਤ ਵਖਾਨੀ। ਭੂਮ ਨੀਕੇ ਵਹੁ ਸੁਨੋਂ ਭਵਾਨੀ। ਹਰਖ ਅਸਥਾਨ ਬਡੋ ਯਹਿ ਆਇਓ॥ ਤੈਂ ਮੋਕੋ ਕਿਉਂ ਭਯ ਦਿਖਰਾਇਓ ॥ ੪੭॥ ਭਰਤ ਹੁਤੇ ਮੁਹਿ ਅਧਕ ਸੁ ਰਾਮ। ਪ੍ਰੇਵਾਦੀ ਮੁਹਿ ਕਰੇ ਸੁਕਾਮ॥ ਮੋਹਿ ਕੌਸ਼ਲਜਾ ਸਮ ਉਰ ਪੇਖ। ਮੇਰੀ ਸੇਵਾ ਕਰੇ ਬਿਸੇਖ॥ ੪੮॥ ਮੂੜ ਮੰਥਰਾ ਭਾਖੋ ਮੋਹਿ। ਰਾਮ ਕਹਾਂ ਭੈ ਦੀਨੋ ਤੋਹਿ। ਸੁਨੀ ਬਾਤ ਯਹਿ ਕੁਬਰੀ ਜਬਹੀਂ॥ ਭਇਓ ਵਿਖਾਧ ਮਨ ਭੀਤਰ ਤਬਹੀਂ ॥ ੪੯॥ ਸੁਨ ਰਾਨੀ ਯਹਿ ਬਚਨ ਹਮਾਰੇ। ਯਾਂਤੇ ਭਯ ਯਹਿ ਭਇਓ ਤੁਮਾਰੇ। ਰਾਜਾ ਪ੍ਰੇ ਬਾਤਾਂ ਤਵ ਕਹੈ॥ ਕਾਮ ਕੁਅਰਥ ਆਪਨੋ ਗਹੈ ॥ ੫੦॥ ਤੋਕੋ ਬਾਤਨ ਮਾਹਿ ਸੰਤੋਖੇ। ਕਾਰਯ ਕੌਸ਼ਲਜਾ ਕੋ ਪੋਖੇ। ਰਾਮ ਰਾਜ ਮਨ ਭੀਤਰ ਆਏ। ਤੋ ਪੇਕੇ ਤਵ ਭਰਤ ਪਠਾਏ॥ ੫੧॥ ਅਨੁਜ ਤਾਹਿ ਕੇ ਸਾਥ ਲਵਾਏ। ਮਾਤੁਲ ਕੁਲ ਮੈਂ ਬੇਗ ਪਠਾਏ॥ ਆਜ ਸੁਮਿਤ੍ਰਾ ਹਰਖ ਪ੍ਰਸੰਗਾ॥ ਰਾਮ ਰਾਜ ਲਛਮਣ ਤਿਨ ਸੰਗਾ ॥ ੫੨॥ ਰਾਮ ਲਖਣ ਲਯੋ ਰਾਜ ਸੁ ਸਾਰੇ। ਦਾਸ ਹੋਇਗੇ ਪੂਤ ਤੁਮਾਰੋ। ਕੈ ਦੇਵੇਗਾ ਨਗਰ ਨਿਕਾਰ। ਕੈ ਪ੍ਰਾਨਨ ਤੇ ਡਾਰੇ ਮਾਰ॥ ੫੩॥ ਤੂੰ ਦਾਸੀ ਕੌਸਲਜਾ ਕੇਰੀ। ਹੋਵੇਂਗੀ ਜਿਉਂ ਔਰ ਸੁ ਚੇਰੀ। ਸੌਕਨ ਕਰੇ ਪਰਾਭਵ ਥਾਰਾ। ਤਾਂਤੇ ਭੁਲੋ ਸੁ ਮਰਣ ਤੁਮਾਰਾ॥ ੫੪॥ ਗੀਧਾ ਮਾਲਤੀ ਛੰਦ। ਕਰ ਯਤਨ ਭਾਮਨ ਬੇਗ ਤੂ ਜਿਉਂ ਭਰਤ ਰਾਜ ਸੁ ਹੋਵਈ। ਦਸ ਚਾਰ ਬਰਸ ਸੁ

ਬਾਸ ਬਨ ਮੇਂ ਰਾਮ ਨੀਕੇ ਜੋਵਈ । ਪੁਨਿ ਭਰਤ ਹੂਵ ਸੋ ਹੋਇ ਗੋ ਵਹੁ ਰਾਜ ਪਾਲੇ ਭੁਜ ਬਲਾ। ਉਪਾਇ ਤਾਂਕੋ ਭਾਖਹੌਂ ਮਨ ਮੇਂ ਧਰਾ ਜੋ ਮੈਂ ਭਲਾ ॥੫੫॥ ਚੌ:॥ ਪੂਰਬ ਦੇਸ ਅਸੁਰ ਸੰਗ੍ਰਾਮਾਂ। ਭਇਓ ਅਪਾਰ ਸੁ ਭੈਰਵ ਨਾਮਾ। ਸੁਰਪਤਿ ਭੂਪਤਿ ਯਾਚਜੋ ਆਇ। ਸਰਬ ਭਇਓ ਸੁਤਾਂਹਿ ਸਹਾਇ॥ ੫੬॥ ਲੈ ਕਰ ਚੜ੍ਹਿਯੋ ਰਥ ਮੈਂ ਭਾਰੇ। ਸੈਨਾ ਸਹਿਤ ਬਜਾਇ ਨਗਾਰੇ । ਤੂੰ ਤਾਂਕੇ ਪੁਨਿ ਸੰਗਿ ਸਿਧਾਨੀ। ਸਭਹੂੰ ਮਾਹਿਂ ਮਨੋਹਰ ਰਾਨੀ ॥੫੭॥ ਰਣ ਆਸ਼ਕਤ ਭਇਓ ਨ੍ਰਿਪ ਜਬਹੀਂ ॥ ਰਥਕੀ ਕੀਲ ਟੂਟੀ ਤਿਨ ਤਬਹੀ। ਰਾਜੇ ਕੀਲ ਨਾ ਜਾਂਨਜੋ ਟੂਟਾ। ਲੈਕਰ ਧਨੁਖ ਅਸੁਰ ਸੰਗ ਜੂਟਾ॥ ੫੮। ਤੈਂ ਰਣ ਮੈਂ ਅਤਿ ਧੀਰਜ ਕਰਿਯੋ। ਕੀਲ ਛੇਕ ਮੈਂ ਨਿਜ ਕਰ ਧਰਿਯੋ॥ ਨੀਲ ਕਮਲ ਨੈਨੀ ਤੈਂ ਪਿਯਾਰੀ॥ ਪਤਿ ਪ੍ਰਾਨਨ ਰਛਾ ਉਰ ਧਾਰੀ॥੫੯॥ ਅਸੁਰ ਸੰਗ ਨ੍ਰਿਪ ਰਣ ਮੈਂ ਮਾਰਿਯੋ॥ ਬਹੁਰ ਨਹਿਂਦਮ ਤੋਹਿ ਨਿਹਾਰਿਯੋ। ਅਚਰਜ ਤੋਹਿ ਪੇਖ ਨ੍ਰਿਪ ਆਇਓ। ਪ੍ਰੇਮ ਭਰੇ ਤੋਕੋ ਗਲ ਲਾਯੋ॥ ੬੦॥ ਵਰ ਮਾਂਗੋ ਮੋਤੇ ਤੁਮ ਦੋਈ। ਜੋ ਤੇਰੇ ਮਨ ਭੀਤਰ ਹੋਈ।ਯਾ ਬਿਧਿ ਭੂਪਤਿਕੀ ਸੁਨਿ ਬਾਨੀ। ਤੈਂ ਭਾਮਨਿ ਪੁਨਿ ਆਪਿ ਬਖਾਨੀ ॥੬੧॥ ਭੂਪਤਿ ਤੈਂ ਵਰ ਦੋਇ ਬਖਾਨੇ । ਮੋਹਿ ਦਏ ਸੋ ਸਭ ਸਰ ਜਾਨੇਂ। ਜੋ ਮੇਰੀ ਆਮਾਂਨਤ ਹੋਈ। ਤੋ ਮੈਂ ਰਹੈ ਚਿਰਿਵਰ ਸੋਈ॥ ੬੨॥ ਅਵਸਰ ਹੋਇਹਮਾਰੋ ਜਬਹੀਂ। ਮਾਂਗੋਂਗੀ ਦੇਵੋ ਵਰ ਤਬਹੀਂ । ਰਾਜਾ ਮੁਖ ਤੇ ਕਥਾਂ ਬਖਾਨੀਂ। ਚਲ ਆਇਓ ਅਪਨੀ ਰਜਧਾਨੀ॥ ੬੩॥ ਯਹ ਮੈ ਕਥਾ

ਕਹੀ ਤਵ ਜੋਈ । ਤੁਮਤੇ ਸੁਨੀ ਪ੍ਰਿਥਮ ਮੈਂ ਸੋਈ । ਸਿਮਰਣ ਭਈ ਆਜ ਵਹਿ ਮੋਕੋ । ਕਰੋ ਉਪਾਇ ਕਹੌਂ ਜੋ ਤੋਕੋ ॥੬੪॥ ਕ੍ਰੋਧਾਗਾਰ ਬੇਗ ਤੁਮ ਜਾਵੋ । ਨਿਜ ਮਨ ਭੀਤਰ ਰੋਖਬਢਾਵੋ । ਤਯਾਗੋ ਤਨ ਕੇ ਭੂਖਨ ਸਾਰੇ। ਚਾਰੋਂ ਓਰ ਸੁ ਦੇਹੁ ਖਿਲਾਰੇ॥ ੬੫॥ਭੂਮਿਸੈਨ ਮੁਖ ਮੋਨ ਗਹੀਜੇ। ਪੂਛੇ ਭੂਪ ਨ ਉਤਰ ਦੀਜੇ । ਕਰੇ ਪ੍ਰਤਗਯਾ ਜੌਲੌ ਰਾਜਾ । ਸੱਤ ਕਰੋਂਗੋ ਬਾਂਛਤ ਕਾਜਾ ॥ ੬੬ ॥ ਤੌ ਪਾਛੇ ਪੁਨ ਬੋਲ ਕੈਕੇਈ । ਮੇਰੀ ਸਿੱਛਾ ਜਾਨ ਸੁ ਏਈ । ਗਿਰਜਾ ਸੁਨਿ ਯਹਿ ਕੁਬਰੀ ਬਾਨੀ । ਸੱਤ ਕੈਕਈ ਉਰ ਮੈਂ ਮਾਨੀ ॥ ੬੭ ॥ ਖੇਟਨ ਸੰਗਤਿ ਜਿਉਂ ਭਰਮਾਇ । ਤਯੋਂ ਕੇਕੇਈ ਲਯੋ ਬੁਲਾਇ । ਪੁਨਿ ਕੈਕੇਈ ਬਚਨ ਉਚਾਰੇ । ਯਹਿ ਮਤਿ ਕਹਿਤੇ ਭਈ ਤੁਮਾਰੇ ॥ ੬੮ ॥ ਤੇਰੀ ਬੁਧਿ ਨ ਮੋਹਿ ਪਛਾਨੀ । ਤੂਹੈਂ ਕੁਬਰੀ ਪਰਮ ਸਿਆਨੀ । ਭਰਤ ਹੋਇਗੋ ਰਾਜਾ ਜਬਹੀਂ । ਸੌ ਪੁਨਿ ਗਾਂਉ ਦਯੋਂ ਤੁਮ ਤਬਹੀਂ ॥ ੬੯ ॥ ਤੂ ਮੇਰੀ ਹੈਂ ਪ੍ਰਾਨ ਪਿਆਰੀ । ਯਹ ਤੋਕੋ ਮੈਂ ਸੱਤ ਉਚਾਰੀ । ਯਾਬਿਧ ਤਾਂਕੋ ਭਾਖ ਭਵਾਨੀ । ਕ੍ਰੋਧਾਗਾਰ ਧਸੀ ਰੁਖਮਾਨੀ॥੭੦॥ਭੂਖਨ ਤਨ ਕੇ ਸਭ ਪਰ ਹਰੇ। ਚਾਰੋਂ ਓਰ ਵਿਕੀਰਣ ਕਰੇ। ਸੋਈ ਭੂਮਿ ਮਲਨ ਤਨ ਅੰਬਰ। ਭਰਤ ਰਾਜ ਹਿਤ ਕਰਯੋ ਅਡੰਬਰ ॥ ੭੧ ॥ ਕੁਬਜੇ ਸੁਨੀਏ ਬਚਨ ਹਮਾਰੇ। ਜੌਲੌ ਰਾਮ ਸੁ ਬਨੋ ਸਿਧਾਰੇ। ਤੌਲੌ ਭੂਮਿ ਬਿਖੈ ਮੈਂ ਸੋਵੌਂ । ਨਾਤਰੁ ਅਪਨੇ ਪ੍ਰਾਨਨ ਖੋਵੌਂ ॥ ੭੨ ॥ ਨਿਹਚੈ ਯੌਂ ਤੂ ਕਰੁ ਕਲਿਆਨੀ । ਤਉ ਕਲਿਆਨ ਹੋਇਗੀ ਰਾਨੀ

ਯਾ ਬਿਧ ਭਾਖ ਕੁਬਜਾ ਗ੍ਰਿਹਗਈ। ਰਾਨੀ ਵਹਿ ਬਿਧ ਕਰਤ ਸੁ ਭਈ ॥ ੭੩ ॥ ਸਵੈਯਾ ॥ ਧੀਰ ਬਡੋ ਉਰ ਮਾਂਹਿ ਦਯੋ ਗੁਣ ਔਰ ਅਚਾਰ ਸੁ ਨੀਤ ਉਦਾਰੀ। ਜੋ ਬਿਧਿ ਬੇਦਨ ਕੋ ਉਪਦੇਸ਼ਕ ਔਰ ਬਿਬੇਕ ਸੁ ਜਾਹਿੰ ਅਪਾਰੀ। ਜੇ ਵਹੁ ਖੋਟਨ ਸੰਗ ਕਰੇ ਪੁਨਿ ਪਾਪ ਬਢੇ ਜਿਨ ਆਹਿ ਪਿਆਰੀ। ਸੋ ਤਿਨ ਕੇ ਸਮ ਹੋਵਤ ਹੈ ਕ੍ਰਮ ਕੈ ਜਗ ਮੈ ਗਿਰਨਾਥ ਕੁਮਾਰੀ ॥ ੭੪ ॥ ਇਤਿ ਸ੍ਰੀਮਤਿ ਅਧਯਾਤਮ ਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਅਯੁਧਯਾ ਕਾਂਡੇ ਦੁਤੀਯੋ ਧਿਆਇ ॥ ੨ ॥

---

## ਸ੍ਰੀ ਮਹਾਂਦੇਵਉਵਾਚ

ਚੌਪਈ ॥ ਬਹੁਰ ਭਵਾਨੀ ਦਸਰਥ ਰਾਈ। ਨਿਜ ਮੰਤ੍ਰੀ ਕੋ ਲੀਯੋ ਬੁਲਾਈ। ਬਸਿਸ੍ਰ ਬਖਾਨਿਓ ਤੁਮ ਕੋ ਜੋਈ ॥ ਰਾਮ ਰਾਜ ਹਿਤ ਸੁਨਿਓ ਸੋਈ ॥ ੧ ॥ ਸੋ ਵਹੁ ਵਸਤੂ ਬੇਗ ਲਿਆਵੋ। ਮੰਤ੍ਰੀ ਵਰੁ ਕਛੁ ਢੀਲ ਨ ਲਾਵੇ। ਯਾ ਬਿਧ ਮੰਤ੍ਰੀ ਆਇਸੁ ਦਯੋ। ਆਨੰਦ ਭੂਪ ਸੁ ਨਿਜ ਗ੍ਰਿਹ ਗਯੋ ॥ ੨ ॥ ਦੋਹਰਾ ॥ ਭਾਵੀ ਮ੍ਰਿਤੁ ਅਧੀਨ ਵਹੁ ਉਮਾਂ ਚਲੇ ਗ੍ਰਿਹਿ ਰਾਇ ॥ ਹੋਨੀ ਮੇਟ ਨ ਕੋ ਸਕੈ ਅਬ ਕੌਨ ਹਟਾਵੇ ਜਾਇ ॥ ੩ ॥ ਚੌਪਈ ॥ ਭੂਪਤਿ ਗਏ ਸੁ ਜਬ ਨਿਜ ਧਾਮਾਂ। ਦੇਖੀ ਨਾਹਿੰ ਤਾਹਿੰ ਨਿਜ ਭਾਮਾਂ। ਬਯਾਕੁਲ ਮਨ ਭੂਪਤਿ ਇਹ ਆਈ। ਆਜ ਕੈਕੇਈ ਕਹਾਂ ਸਿਧਾਈ ॥ ੪ ॥ ਆਗੇ ਜੋ ਆਵੌਂ ਮੈਂ ਮੰਦਰ। ਹਸਤ ਸਮੀਪ ਆਇ ਵਹੁ ਸੁੰਦਰ ।

ਆਜ ਨ ਵਹੁ ਗ੍ਰਿਹਿ ਭੀਤਰ ਵੇਖੀ। ਭੂਪਤਿ ਮਨਿ ਯਹਿ ਚਿੰਤ ਬਿਸੇਖੀ॥ ੫ ॥ ਭੂਪਤਿ ਮਨ ਕਾਂਪੇ ਜਿਉਂ ਦਾਮਨ । ਦਾਸੀ ਭਾਖ ਕਹਾਂ ਤੁਮ ਸੁਆਮਨਿ । ਮੇਰੀ ਪਿਆਰੀ ਕਿਉਂ ਨਹਿੰ ਆਵੈ । ਪੂਰਬ ਜਿਉਂ ਨਹਿ ਬਦਨ ਦਿਖਾਵੈ॥ ੬ ॥ ਦਾਸੀ ਬਚਨ ਬਖਾਨੇ ਆਪ ॥ ਸੁਨੀਏ ਭੂਪਤਿ ਰਵਿ ਪਰਤਾਪ । ਕ੍ਰੋਧਾਗਾਰ ਧਸੀ ਰੁਖਮਾਨੇ। ਕਾਰਣ ਦੇਵ ਨ ਹਮ ਕੁਛ ਜਾਨੇ ॥ ੭ ॥ ਤੁਮ ਭੂਪਤਿ ਵਰ ਲੇਹੁ ਬਿਚਾਰਾ । ਕਾਰਣ ਤਹਾਂ ਨਿਕਟ ਪਗ ਧਾਰਾ। ਦਾਸੀ ਗਨ ਯੌ ਭਾਖਿਯੋ ਜਬਹੀਂ। ਤ੍ਰਸਤ ਭਯੋ ਭੂਪਤਿ ਵਰ ਤਬਹੀਂ ॥ ੮ ॥ ਰਾਜਾ ਤਾਹਿੰ ਸਮੀਪਹਿ ਗਯੋ ॥ ਤਾਹਿੰ ਨਿਹਾਰ ਦੁਖੀ ਅਤਿ ਭਯੋ । ਨਿਜ ਹਾਥਨ ਕਰ ਤਾਂਕੋ ਦੇਹ। ਕਰਿਯੋ ਵਿਸਰਜਨ ਭੂਪ ਸਨੇਹ ॥ ੯ ॥ ਰਾਜਾ ਤਾਂਕੋ ਬਚਨ ਬਖਾਨੇ ॥ ਕਿਉਂ ਸੋਈ ਭੂ ਮੈਂ ਰੁਖਸਾਨੇ ॥ ਸੁਖ ਪਲੰਘ ਤੈਂ ਦੂਰ ਤਿਆਗੇ॥ ਤੁਹਿ ਕੋ ਹੇਰ ਮੋਹਿ ਦੁਖ ਲਾਗੇ ॥੧੦॥ ਸਵੈਯਾ ॥ ਭਾਮਨ ਕਿਉਂ ਨਹਿ ਬੋਲਤ ਮੋਹਿ ਸੁ ਭੂਖਨ ਕਿਉਂ ਧਰ ਭੀਤਰ ਡਾਰੇ । ਡਾਰ ਕਿਪਾਟ ਪਟੰਬਰ ਤੈ ਮਲਨਾਂਬਰ ਕਿਉਂ ਤਨ ਊਪਰ ਧਾਰੇ । ਸਾਚ ਕਹੋ ਤਵ ਵਾਛਤ ਜੋ ਵਹ ਕਾਜ ਕਰੋਂ ਇਹ ਨੇਮ ਹਮਾਰੇ । ਨਾਰਿ ਕਿਧੋਂ ਨਰ ਹੋਇ ਸੁਨੋ ਕਹੁ ਸੁੰਦਰ ਜਾਂ ਤਵ ਕਾਜ ਬਿਗਾਰੇ ॥ ੧੧॥ ਦੰਡ ਦਿਓਂ ਤਿਨ ਕੋ ਗਜ ਗਾਮਨ ਕੈ ਪੁਨਿ ਪ੍ਰਾਨਨ ਤੈ ਦਯੋਂ ਮਾਰੇ॥ ਜਾਂ ਪਰ ਤੂ ਅਤਿ ਕੋਪ ਭਈ ਵਹਿ ਪੀਨ ਪਯੋਧਰ ਵੇਹਿ ਦਿਖਾਰੇ । ਜੋ ਦੁਰਲੱਭ ਅਹੈ

ਜਗ ਕਾਰਧ ਸੋ ਵਹਿ ਕਾਜ ਕਰੋਂ ਖਿਣ ਥਾਰੇ ॥ ਚੰਦ ਮੁਖੀ ਉਰ ਜਾਨਤ ਹੈ ਯਹਿ ਭੂਪਤਿ ਆਹਿ ਅਧੀਨ ਤੁਮਾਰੇ॥ ੧੨ ॥ ਨਰਾਜ ਛੰਦ ॥ਨ ਖੇਦ ਮੋਹਿ ਕੀਜੀਏ ਬਤਾਇ ਬਾਤ ਜੋ ਅਹੇ। ਧਨੀਂ ਕੰਗਾਲ ਕੋ ਕਰੋਂ ਪ੍ਰਸੰਨ ਹੋਇ ਤੂੰ ਕਹੇ। ਜਿਨੇ ਹਨੇ ਸੁ ਤੋਹਿ ਕਾਜ ਹੋਇ ਜੋ ਧਨੀ ਘਨੋਂ। ਖਿਨੇਕ ਮਾਹਿ ਤਾਹਿ ਕੋਂ ਸਮਸ੍ਰ ਮੈ ਧਨੰ ਹਨੋਂ॥ ੧੩। ਕਰੇ ਅਬਧ ਕੋ ਬਧੋਂ ਬਧਾਹ ਕੋ ਵਿਧੋਖ ਹੋਂ। ਕਹਾਂ ਬਖਾਨ ਹੋ ਘਨੋ ਸੁ ਪ੍ਰਾਨ ਤੋਹਿੰ ਤੋਖਹੋਂ। ਸੁ ਪ੍ਰਾਣ ਪ੍ਰੀਤਮੋ ਸੁ ਰਾਮ ਮੋਹਿ ਲੋਕ ਮੈ ਅਹੇ॥ ਕਰੋਂ ਸੁਰੰਦ ਤਾਹਿੰ ਕੀ ਕਰੋਂ ਸੁ ਕਾਜ ਜੋ ਕਹੇਂ ॥ ੪ ॥ ਜਬੈ ਸੁ ਭੂਪ ਯੋਂ ਕਹਿਯੋ ਸੁਰੰਦ ਰਾਮ ਕੀ ਕਰੀ। ਤਬੈ ਵਿਸਰਜ ਨੈਨ ਕੋ ਉਠੀ ਮਨੋਂ ਲਤਾ ਹਰੀ। ਕਹੇ ਸੁਭੂਮ ਪਾਲ ਕੋ ਸੁਨੋ ਸੁ ਬਾਤ ਮੇਰੀਯਾ। ਸੁ ਸੱਤਿ ਵਾਕ ਭੂਪਤੇ ਸੁਰੰਦ ਰਾਮ ਕੇਰੀਯਾ॥ ੧੫॥ ਚੌਪਈ ॥ ਮੇਰੀ ਬਾਨੀ ਸਫਲ ਸੁ ਕੀਜੈ। ਭੂਪਤਿ ਬੇਗ ਸੁ ਆਪ ਭਨੀਜੈ। ਪੂਰਬ ਦੇਵ ਅਸੁਰ ਤਿਨ ਸੰਘਰ । ਭਇਓ ਭੂਪ ਭਵ ਮੰਡਲ ਅੰਦਰਿ॥ ੧੬ ॥ ਮੈਂ ਤੋ ਤਨ ਤਬ ਰਖਣ ਕੀਨੇ। ਤੋਹਿ ਤੁਸ਼ਟ ਮੈਂ ਦੋ ਵਰ ਦੀਨੇ॥ ਤੇ ਦੋਨੋਂ ਵਰ ਆਹਿ ਨਿਆਸ॥ ਮੈ ਸੁਥ੍ਰੂਤ ਰਾਖੇ ਤਵ ਪਾਸ॥ ੧੭॥ ਇਨ ਮੈ ਏਕ ਸੁ ਯਹ ਵਰ ਦੀਜੈ। ਰਾਜਾ ਪੁਤ ਹਮਾਰਾ ਕੀਜੈ ॥ ਅਹਿ ਜੋ ਕਰੇ ਇਕਤ੍ਰ ਭਾਰਾ। ਤਾਕਹ ਟੀਕੋ ਭਰਤ ਹਮਾਰਾ॥ ੧੯ ॥ ਦੂਜੋ ਯੇ ਮਾਂਗੋਂ ਤਵ ਪਾਸ। ਰਾਮ ਕਰੇ ਦੰਡਕ ਬਨਬਾਸ। ਸੁੰਦਰ

ਤੇ ਮੁਨਿ ਭੇਖ ਸੁ ਕਰੇ। ਸੀਸ ਜਟਾ ਤਨ ਬਲਕਲ ਧਰੇ।
੧੯॥ ਚੌਦਾ ਬਰਖ ਬਸੈ ਬਨ ਭਾਰੇ। ਕੰਦ ਮੂਲ ਫਲ ਕਰੇ
ਅਹਾਰੇ। ਬਹੁਰੋ ਆਇ ਅਜੁਧਯਾ ਮਾਹੀਂ। ਕੈ ਰੁਚ ਹੋਇ
ਰਹੇ ਬਨ ਮਾਹੀਂ॥੨੦॥ ਬਨ ਕੌ ਜਾਵੈਂ ਵੈਂ ਪਰਭਾਤ।
ਰਾਮ ਕੰਜ ਦ੍ਰਿਗ ਸੁੰਦਰ ਗਾਤ। ਜੌ ਕੁਛ ਤਹਾਂ ਬਿਲੰਬਹਿ ਜੋ
ਵੈਂ। ਤੌ ਭੂਪਤਿ ਮੈ ਪ੍ਰਾਨ ਸੁ ਖੋਵੈਂ॥੨੧॥ ਸਤ ਪ੍ਰਤਗਯਾ
ਤੂੰ ਜਗ ਅਹੇ। ਦੀਜੇ ਭੂਪ ਸੁ ਜੇ ਵਰ ਕਹੇ। ਸੁਨ ਕੈਕੇਈ
ਦਾਰਣ ਬਾਨੀ। ਭੂਮਿ ਗਿਰੇ ਨ੍ਰਿਪ ਹੋਇ ਮਲਾਨੀ॥੨੨॥
ਜਿਉਂ ਤਰੁ ਗਿਰੇ ਬੱਜ੍ਰਕੇ ਮਾਰੇ॥ ਤਿਉਂ ਭੂਪਤਿ ਨਹਿ ਰਹੀ
ਸੰਭਾਰੇ। ਸਨੇ ਸਨੇ ਨ੍ਰਿਪ ਆਂਖ ਉਘਾਰੀ। ਮਨ ਕੇ ਮਾਹਿ
ਭਯੋ ਭਯਕਾਰੀ॥੨੩॥ ਕਿੰਵਾਦ੍ਰਹ ਸੁਪਨਾ ਭਉ ਭਾਨੇ। ਕਿੰਵਾ
ਚਿਤ ਸੁ ਮੋਹਿ ਭ੍ਰਮਾਨੇ। ਧੌਂ ਮਨ ਭੀਤਰ ਕੀਨ ਬਿਚਾਰੀ।
ਬਾਘਨ ਜਿਉਂ ਪੁਨਿ ਨਾਰ ਨਿਹਾਰੀ॥੨੪॥ ਕਿਧਾਕਲਹਿ
ਨੀਂ ਵਾਕ ਬਖਾਨੇ॥ ਜਾਂਕਰ ਹੋਹੁਪ੍ਰਾਨ ਮਮ ਹਾਨੇ॥ ਰਾਮ ਕਿ
ਕੀਨੋ ਤੋ ਅਪਰਾਧੂ। ਕਮਲੇਖਣ ਅਤਿ ਰਾਮ ਸੁ ਸਾਧੂ।
੨੫॥ ਤੂੰ ਮਮ ਆਗੇ ਕਰੀ ਬਡਾਈ। ਰਾਮ ਗੁਨਨ ਕੀ ਹੈ
ਸੁਖ ਦਾਈ॥ ਮੋਹਿ ਕੌਸਲਜਾ ਕੋ ਸਮ ਹੇਰੀ॥ ਕਰੇ ਨਿਰੰਤਰ
ਸੇਵਾ ਮੇਰੀ॥ ੨੬॥ ਯਾ ਬਿਧ ਪੂਰਬ ਤੂੰ ਮਮ ਭਾਨੇ। ਅਬ
ਕਾਹੇ ਤੂ ਬ੍ਰਿਥਾ ਬਖਾਨੇ। ਰਾਜ ਗਹੀਜੇ ਸੁਤ ਹਿਤ ਸੁੰਦਰ। ਰਾਮ
ਰਹੇ ਪੁਨ ਅਪਨੇ ਮੰਦਿਰ॥੨੭॥ ਮੋਪੈ ਯਹੀ ਅਨੁਗ੍ਰਹ
ਕੀਜੈ॥ ਰਾਮਭੀਖ ਮੇਰੈ ਕਰ ਦੀਜੇ। ਰਾਮਹਿ ਤੇ ਨਹੀਂ ਡੋ

ਡਰ ਹੋਈ। ਰਾਮ ਨਹੀ ਦੁਖਦਾਤਾ ਕੋਈ॥ ੨੮ ॥ ਦੋਹਰਾ। ਯਾ ਬਿਧਿ ਭੂਪ ਬਖਾਨਿਯੋ ਚਲਯੋ ਨੀਰ ਦ੍ਰਿਗ ਜਾਇ। ਕਰ ਜੋਰੇ ਅਤਿ ਦੀਨ ਹੁਇ ਪਰੈ ਕਕੇਈ ਪਾਇ ॥ ੨੯ ॥ ਚੌਪਈ। ਬਹੁਰ ਕਕੈਈ ਬਚਨ ਉਚਰੇ ॥ ਕੋਪ ਭਈ ਦ੍ਰਿਗ ਲਾਲ ਸੁ ਕਰੇ। ਭੂਪਤਿ ਕਿਆ ਭ੍ਰਮ ਭਯੋ ਤੁਮਾਰੇ। ਤੈਂ ਬਿ ਅਰਥ ਕਿਉਂ ਵਾਕ ਉਚਾਰੇ ॥੩੦॥ ਮਿੱਥਯਾ ਕਰੇ ਪ੍ਰਤਗਯਾ ਕਰੀ। ਨਰਕ ਹੋਇ ਤੁਹਿਕੋ ਨਰਵਰੀ। ਜੋ ਬਨ ਜਾਇ ਨ ਰਾਮ ਪ੍ਰਭਾਤਾ। ਅਜਿਨ ਚੀਰ ਧਰ ਸੁੰਦਰ ਗਾਤਾ ॥੩੧॥ਤੌ ਉਧ ਬੰਧਨ ਮੈ ਤਨ ਕਰੌਂ। ਕੈ ਬਿਖ ਖਾਏ ਤਵਾਗੇ ਮਰੌਂ ॥ ਸੱਤ ਪ੍ਰਤੱਗਯਾ ਮੈਂ ਜਗ ਰਾਜਾ। ਠਾਂਗੇ ਸਰਬ ਸਭਾਂਤਰ ਕਾਜਾ॥ ੩੨॥ ਕਰੀ ਸੁਗੰਧ ਰਾਮ ਸੁਤ ਕੇਰੀ ॥ ਮਿੱਥਯਾ ਅਹੇ ਪ੍ਰਤ-ਗਯਾ ਤੇਰੀ। ਨਰਕ ਹੋਇ ਤੋਕੋ ਨ੍ਰਿਪ ਭਾਰਾ। ਯੋ ਕੈਕੇਈ ਜਬੈ ਉਚਾਰਾ ॥ ੩੩ ॥ ਭੁਪਤਿ ਦੀਨ ਮਨਾ ਤਬ ਭਯੋ ॥ ਦੂਖ ਸਮੁੰਦਹਿ ਗੋਤਾ ਲਯੋ। ਮੁਰਛਤ ਹੋਇ ਗਿਰਯੋ ਧਰ ਮਾਹੀਂ॥ ਮਨੋਂ ਪਰੇ ਸ਼ਵ ਸਾਸ ਸੁਨਾਹੀ ॥ ੩੪॥ ਸਵੈਯਾ ॥ ਇਹ ਭਾਂਤਿ ਬਿਤੀਤ ਭਈ ਨ੍ਰਿਪ ਰਾਤ ਸੁ ਦੂਖ ਬਡੇ ਜਨ ਬਰਖ ਸਮਾਨੀ। ਪੁਨਿ ਜੋ ਪਰਭਾਤ ਭਯੋ ਜਗਮੈ ਮਿਲ ਬੰਦਨ ਗਾਇਕ ਕੀਰਤਿ ਠਾਨੀ। ਸੁਨਕੈ ਬਹੁ ਬਾਦ ਕਬਿੱਤਨ ਕੋ ਉਰ ਕੋਪ ਭਈ ਨ੍ਰਿਪ ਕੀ ਵਹ ਰਾਨੀ। ਚਲ ਜਾਹੁ ਵਜਾਹੁ ਨ ਵਾਦ ਘਨੇਂ ਇਹ ਭਾਂਤਿ ਨਿਵਾਰ ਸੁ ਤਾਹਿ ਭਵਾਨੀ॥ ੩੫ ॥ ਚੌਪਈ ॥ ਮੱਧ ਹਵੇਲੀ ਭਇ ਪ੍ਰਭਾਤ ॥ ਠਾ

ਢੇ ਭਏ ਸੁ ਗਨ ਬਖਿਯਾਤ। ਬ੍ਰਹਮਣ ਖੱਤ੍ਰੀ ਵੈਸ ਸੁ ਧਨ ਵਰ। ਰਿਖ ਕੰਨਯਾ ਪੁਨਿ ਛੱਤ੍ਰ ਸੁ ਚਾਂਮਰ ॥ ੩੬ ॥ ਗਜ ਬਾਜੀ ਪੁਨਿ ਔਰ ਪਦਾਂਤੀ। ਵਾਰ ਵਿਲਾਸਨ ਪੌਰ ਜਨਾ ਤੀ। ਵਸਿਸ੍ਰ ਸੁ ਜਿਉਂ ਜਿਉਂ ਬਿਧਹ ਬਤਾਈ। ਮੰਤ੍ਰੀ ਤਿਉਂ ਤਿਉਂ ਸਗਲ ਬਨਾਈ ॥ ੩੭ ॥ ਸ਼ਸਤ੍ਰੀ ਬਾਲ ਬ੍ਰਿਧਿ ਪੁਰ ਮਾਹੀਂ ॥ ਰਾਤਸੁ ਨਿੰਦ੍ਰਾ ਲਈ ਨ ਕਾਹੀ। ਰਾਮਚੰਦ ਕੋ ਕਦੋਂ ਨਿਹਾਰੇਂ। ਪੀਤ ਪਟੰਬਰ ਤਨ ਮੈ ਧਾਰੇਂ ॥ ੩੮ ॥ ਸਰਬ ਅਭਰਨ ਧਰੇ ਮਨ ਮੋਹੇ। ਹੇਮ ਕ੍ਰੀਟ ਕਰ ਕੰਕਣ ਸੋਹੇ ॥ ਕੌਸਤਕ ਮਣਿ ਗਲ ਲਸੇ ਉਦਾਰੇ ॥ ਸੋ ਮਨੋਜ ਸੁੰਦ ਰ ਤਨ ਧਾਰੇ ॥ ੯੩ ॥ ਰਾਜ ਤਿਲਕ ਕੋ ਭਾਲ ਸੁਹਾਏ। ਗਜਾ ਰੂਢ ਮੁਸਕਾਵਤ ਆਏ। ਲਖਮਣ ਕੇ ਕਰ ਛੱਤ੍ਰ ਸੁਹਾਏ ॥ ਸੀਸ ਰਾਮ ਕੇ ਭ੍ਰਾਤ ਝੁਲਾਏ ॥ ੪੦ ॥ ਸਵੈਯਾ ॥ ਕਬ ਹੋਇ ਪ੍ਰਭਾਤ ਸੁ ਯਾ ਜਗ ਮੈਂ ਕਬ ਆਵਤ ਰਾਮ ਸੁ ਨੈਨ ਨਿਹਾਰੇਂ ॥ ਇਮ ਰਾਤ ਬਤੀਤ ਭਈ ਸਗਲੀ ਉਤਕੰਠਤ ਹੈਂ ਪੁਰਕੇ ਜਨ ਸਾਰੇ ॥ ਅਬਲੌ ਨਹਿ ਭੂਪਉਠੇ ਘਰ ਤੈ ਇਹ ਕਾਰਨ ਕੌਣ ਸੁਮੰਤ ਬਿਚਾਰੇ ॥ ਹਰਏ ਹਰਏ ਕਹਿ ਭੂਪ ਹੁਤੇ ਸੁ ਸਮੰਤ ਤਹੀ ਘਰ ਮਾਂਹਿ ਸਿਧਾਰੇ ॥ ੪੧ ॥ ਜਯ ਸਬਦ ਉਚਾਰ ਨਿਵਾਇ ਸੁ ਨਾਰਿ ਸੁ ਭੂਪਤਿ ਕੋ ਤਿਨ ਬੰਦਨਠਾਨੀ। ਅਤਿ ਖੇਦ ਨਿਹਾਰ ਸੁ ਭੂਪਤਿ ਕੋ ਕਰਿ ਜੋਰਿ ਦੋਊ ਪੁਨਿ ਪੂਛਤ ਰਾਨੀ। ਦੇਵ ਕੇਕਈ ਸੁਨੀਤ ਬਧੋ ਤੁਮ ਭੂਪਤਿ ਕੋ ਮੁਖ ਕਾਹਿ ਮਲਾਨੀ। ਬਲਆਹਿ ਚਲਾਚਲ ਭੂਪ

ਮੁਨੀ ਬਲੀ ਵਿੱਕ੍ਰਿਤ ਆਜੁ ਭਇਓ ਮੁਹਿਭਾਨੀ॥ ੪੨॥ ਬੋ
ਲ ਕਕੇਈ ਸੁਮੰਤ ਕਹਿਯੋ ਨ੍ਰਿਪ ਰਾਤ ਨਾ ਨੀਂਦ ਕਰੀ ਦ੍ਰਿਗ
ਮਾਂਹੀ। ਔਰ ਨ ਭਾਖਤ ਹੈ ਮੁਨਤੇ ਇਕ ਰਾਮਹਿ ਰਾਮ ਬਕੇ
ਮੁਖਮਾਹੀ। ਜਾਗਤਿਰਾਤ ਰਹਿਓ ਸਗਲੀ ਇਹ ਕਾਰਨ ਭੂਪ
ਚਲਾਚਲਆਹੀ। ਭੂਪ ਪਿਖੇ ਸੁਤ ਰਾਮ ਭਲੇ ਤੁਮ ਜਾਉ
ਸੁਮੰਤ ਲਿਆਉ ਇਹਾਂਹੀ॥ ੪੩॥ ਸੁਮੰਤੋ ਵਾਚ॥ ਦੋਹਰਾ॥
ਰਾਨੀ ਭੂਪ ਨ ਭਾਖਿਓ ਕਿਹ ਬਿਧ ਜਾਵੇਂ ਲੈਨ॥ ਸੁਮੰਤ ਲਿ
ਆਵੈ ਰਾਮ ਕੋ ਜੋ ਭੂਪ ਬਖਾਨੇਂ ਬੈਨ॥ ੪੪॥ ਸੁਨਿ ਮੰਤ੍ਰੀ
ਕੇ ਬੋਲ ਕੋ ਬੋਲੇ ਦਸਰਥ ਰਾਇ। ਸੁਮੰਤ ਨਿਹਾਰੋਂ ਰਾਮਕੋ
ਬੇਗ ਲਿਆਵਹੁ ਜਾਇ॥ ੪੫॥ ਯਾ ਬਿਧ ਭੂਪ ਬਖਾਨਿਯੋ
ਚਲੇ ਸੁਮੰਤ ਸੁ ਦੌਰ। ਰਾਮ ਭਵਾਨੀ ਕੇ ਗਏ ਕਿਨੇ ਨਵਾਰੇ
ਪੌਰ॥ ੪੬॥ ਚੌਪਈ॥ ਰਾਮ ਕੰਜ ਦ੍ਰਿਗ ਤੇ ਕਲਿਆਨੁ।
ਬੇਗ ਚਲੋ ਨ੍ਰਿਪ ਗਹਿ ਕਰ ਆਨ। ਰਾਜਾ ਤਵ ਦੇਖਨ ਕੋ
ਚਹੇ। ਚਲੋ ਬੇਗ ਕਛੁ ਢੀਲ ਨ ਅਹੇ॥ ੪੭॥ ਯਾਬਿਧ
ਕਹਿਯੋ ਸੁਮੰਤ ਸੁ ਜਬਹੀ। ਰਾਮ ਚਲੇ ਰਥ ਬੈਠਸੁ ਤਬਹੀ।
ਲਖਮਣ ਸੰਗ ਸੁ ਲਏ ਬੁਲਾਇ। ਮੱਧ ਡੇਵਢੀ ਪਹੁਚੇ ਆਇ
॥ ੪੮॥ ਬਸਿਸ਼ਟ ਪਾਸ ਨਹਿ ਢੀਲ ਲਗਾਈ। ਦੇਖਤ ਚਲੇ ਗਏ
ਰਘੁਰਾਈ। ਪਿਤਾ ਸਮੀਪ ਸੁ ਜਾਇ ਭਵਾਨੀ। ਬੇਗ ਰਾਮ
ਪਦ ਬੰਦਨ ਠਾਨੀ॥ ੪੯॥ ਦੋਹਰਾ॥ ਰਾਮਅਲਿੰਗਨ ਹੇਤ
ਨ੍ਰਿਪ ਉਠੇ ਸੁ ਜਬ ਹੁਲਸਾਇ॥ ਬਾਹੁ ਪਸਾਰ ਸੁ ਬੀਚਹੀ
ਗਿਰੇ ਮੂਰਛਾ ਖਾਇ॥ ੫੦॥ ਚੌਪਈ॥ ਹਾਹਾ ਰਾਮ

ਭਾਖ ਮੁਖ ਮਾਹੀਂ । ਏਕ ਭੂਪ ਲੀਨੋ ਅੰਗ ਮਾਹੀਂ । ਭੂਪਤਿ ਪੇਖ ਮੂਰਛਾ ਭਾਰੀ । ਰੋਵਨ ਲਗੀ ਸਗਲ ਤਹਿ ਨਾਰੀ॥ ੫੧ ॥ ਰੋਵਨ ਕੈਸੋ ਗ੍ਰਹਿ ਮੈ ਭਇਓ । ਸੰਕ ਬਸਿਸ਼੍ਰ ਤਹਾਂ ਪੁਨਿ ਗਇਓ । ਪੂਛਤ ਭਏ ਰਾਮ ਸੁਤ ਤਾਰਨ । ਕੌਨ ਭਇਓ ਭੂਪਤਿ ਦੁਖ ਕਾਰਨ॥ ੫੨ ॥ ਯਾ ਬਿਧ ਰਾਮ ਸੁ ਪੂਛਿਯੋ ਜਬ ਹੀ । ਉੱਤਰ ਦਯੋ ਕੈਕਈ ਤਬ ਹੀ । ਤੁਮਹੀ ਕਾਰਨਿ ਹੋ ਸੁਨ ਰਾਮ । ਤੁਮ ਅਧੀਨ ਕਛੁ ਭੂਪਤਿ ਕਾਮ ॥ ੫੩ ॥ ਪਿਤਾ ਦੁਖ ਰਘੁ ਵਰ ਪਰਹਰੋ । ਭੂਪਤਕੋ ਵਹੁ ਕਾਰਜ ਕਰੋ । ਸੱਤ ਪ੍ਰਤੱਗਿਯਾ ਰਾਮ ਤਵ ਤਾਤ । ਸੱਤ ਪ੍ਰਤਗਿਯਾ ਰਾਮ ਬਖਿਆਤ ॥ ੫੪ ॥ ਰਾਜਾ ਦੋ ਵਰ ਮੋਕੋ ਦਏ । ਸੰਤੁਸ਼੍ਰ ਚਿੱਤ ਜਬ ਮੋਪਰ ਭਏ । ਤਵ ਅਧੀਨ ਦੋਨੋਂ ਤੇ ਅਹੇ । ਤਵ ਭਾਖਤ ਨ੍ਰਿਪ ਲੱਜਾ ਗਹੇ॥ ੫੫ ॥ ਸਤਿ ਫਾਸ ਮੈ ਭੂਪਤਿ ਪਰੋ । ਰਾਮ ਤੁਮੇ ਤਿਨ ਮੋਚਨ ਕਰੋ । ਪੁਤ੍ਰ ਕਹੀਜੇ ਸਾਚੋ ਸੋਇ । ਪਿਤ ਪੂੰ ਨਰਕ ਤੇ ਰਾਖੇ ਜੋਇ ॥ ੫੬ ॥ ਦੋਹਰਾ ॥ ਯੌ ਕੈਕਈ ਭਾਖਿਓ ਭੂਪਤਿ ਕੋ ਦੁਖ ਮੂਲ ॥ ਸੁਨਤ ਰਾਮ ਦੁਖ ਉਰ ਭਯੋ ਮਨੋ ਹਨੇ ਕਰ ਸੂਲ ॥ ੫੭ ॥ ਚੌਪਈ ॥ ਦੂਖਤ ਰਾਮ ਕੈਕਈ ਭਾਨੇ । ਮੋ ਪੂਤ ਕਿਧੋਂ ਯੌ ਬਚਨ ਬਖਾਨੇ । ਪਿਤਾ ਹੇਤ ਜੀਵਨ ਪਰਹਰੌ । ਘੋਰ ਹਲਾ ਹਲ ਪੀਵਨ ਕਰੋਂ ॥ ੫੮॥ ਸੀਯ ਕੁਸੱਲਿਆ ਕਰੋਂ ਸੁ ਤਿਆਗ । ਤਜੋ ਰਾਜ ਨਹਿ ਕਰੋਂ ਸੁ ਰਾਗ । ਬਿਨ ਭਾਖੇ ਪਿਤਕਾਰਯ ਕਰੇ । ਉਤਮ ਪੂਤ ਸੁ ਵਹੀ ਉਚਰੇ ॥ ੫੯ ॥ ਭਾਖੇ ਕਰੇ ਪਿਤਾ ਕੋ ਕਾਰਜ । ਮੱਧਮ ਪੂਤ ਕਹੇ ਵਹਿ ਆਰਯ । ਭਾਖੇ

ਕਰੇ ਨ ਕਾਰਯ ਜੋਇ । ਪਿਤਾ ਪੂਤ ਮਲ ਭਾਖਿਯੋ ਸੋਇ॥੬੦
॥ ਯਾਂਤੇ ਕਰੋ ਸਕਲ ਨ੍ਰਿਪ ਕਾਰਯ। ਜੋ ਮੋ ਪ੍ਰਤਿ ਭਾਖੇ ਜਗ
ਆਰਯ। ਸੱਤ ਕਰੋਂਗੋ ਸੰਕ ਨ ਮਾਨੇ। ਰਾਮ ਬਚਨ ਨਹਿ
ਦ੍ਵੋਇ ਬਖਾਨੇ ॥ ੬੧ ॥ ਦੋਹਰਾ ॥ ਯਾਂ ਬਿਧ ਰਾਮ ਪ੍ਰਤੱ
ਗਿਯਾ ਸੁਨੀ ਕੈਕਈ ਕਾਨ ॥ ਉਮਾਂ ਹਰਖ ਉਠ ਬੈਠ ਕੈ
ਲਾਗੀ ਕਰਨ ਬਖਾਨ॥੬੨॥ ਕੈਕਈ ਵਾਚ॥ ਦੋਹਰਾ ॥
ਰਾਮ ਸੁ ਤੇਰੇ ਤਿਲਕ ਹਿਤ ਕਰੇ ਇਕੱਤਰ ਭਾਰ । ਤਿਨਹੀ
ਕਰ ਅਬ ਟੀਕੀਏ ਭ੍ਰਰਤ ਸੁ ਪੂਤ ਹਮਾਰ ॥ ੬੩ ॥ ਏਕ
ਸੁ ਯਹਿ ਵਰ ਜਾਨੀਏ ਦੂਜੋ ਸੁਨ ਨਿਰਧਾਰ । ਤੁਮ ਬਨ
ਜਾਵੋ ਬੇਗ ਅਬ ਚੀਰ ਬਸਨ ਜਟ ਧਾਰ ॥ ੬੪ ॥ ਪਿਤ
ਆਇਸ ਸਿਰ ਪਰ ਧਰੋ ਚੌਦਹ ਬਰਖ ਸੁ ਆਹਿ। ਬਨੋਬਾਸ
ਤਨ ਮੈਂ ਧਰੋ ਮੁਨਿ ਭੋਜਨ ਮੁਖ ਮਾਹਿ ॥ ੬੫ ॥ ਯਹੀਕਾਜ
ਹੈ ਪਿਤਾ ਕੋ ਕਰੋ ਰਾਮ ਉਰਮਾਨ। ਰਾਜਾ ਉਰ ਲਜਾਬਦੀ
ਕਰੇਨ ਤੋਹਿ ਬਖਾਂਨ॥੬੬॥ਸ੍ਰੀ ਰਾਮੋ ਵਾਚ ॥ਦੋਹਰਾ ॥ ਭਰਤ
ਲਏ ਸਭ ਰਾਜ ਕੋ ਮੈਂ ਜਾਊਂ ਬਨ ਮਾਹਿ। ਪਰ ਰਾਜਾ ਭਾਖੇ
ਨਹੀਂ ਕਾਰਨ ਜਾਨੋ ਨਾਹਿ ॥ ੬੭ ॥ ਸੁਨਤ ਰਾਮਕੇ ਬਚਨ
ਕੋ ਦਸਰਥ ਨੈਨ ਉਘਾਰ । ਚੰਦ ਬਦਨ ਦ੍ਰਿਗ ਕੰਜ ਸੇ
ਠਾਂਢੇ ਰਾਮ ਨਿਹਾਰ॥ ੬੮ ॥ ਦੁਖੀ ਸੁ ਦੂਖਤ ਬਚਨ ਤਬ
ਭੂਪਤ ਕੀਨ ਬਖਾਨ। ਮੈਂ ਨਾਰੀ ਵਸਿ ਭ੍ਰਾਤ ਸੁਤ ਉਨ ਮਾਰਗ
ਗਤਿ ਮਾਨ॥ ੬੯॥ ਸਿੱਖਲ ਮੈਂ ਪਗ ਡਾਰਕੈ ਰਾਜ ਕਰੋ ਪੁਰ
ਮਾਹਿ। ਮੋਕੋ ਝੂਠ ਸ ਨਾਂ ਛੁਹੇ ਤੋਂਕੋ ਪਾਪ ਸੁ ਨਾਹਿ ॥ ੭੦ ॥

ਯਾ ਬਿਧ ਭੂਪ ਬਖਾਨਿਯੋ ਉਰਮੈਂ ਦੁਖ ਸੰਤਾਪ । ਤਪਤ ਰਿਦੇ ਅਤਿ ਹੋਇਓ ਲਾਗੋ ਕਰਨ ਵ੍ਰਿਲਾਪੁ ॥ ੭੧ ॥ ਚੌਪਈ ॥
ਹਾ ਰਾਮ ਹਾ ਨਾਥ ਉਦਾਰੇ । ਹਾ ਮੇਰੇ ਸੁਤ ਪ੍ਰਾਣ ਪਿਆਰੇ । ਮੋਕੋ ਤਿਆਗ ਘੋਰ ਬਨ ਮਾਹੀਂ । ਜਾਵਨ ਕਿਉਂ ਚਾਹੋ ਮਨ ਮਾਹੀਂ ॥ ੨੨ ॥ ਯਾ ਬਿਧ ਭਾਖ ਰਾਮ ਗਲਲਾਇ । ਰਾਜਾ ਰੋਇ ਨੈਨ ਜਲ ਜਾਇ । ਨਿਜ ਪਾਨਨ ਕਰ ਰਾਮ ਉਦਾਰੇ । ਭੂਪਤਿ ਕੇ ਦ੍ਰਿਗ ਨੀਰ ਨਿਵਾਰੇ ॥ ੭੩ ॥ ਨੈ ਕੋਵਿਦ ਸੁਤ ਧੀਰਜ ਧਰਿਯੋ । ਭੂਪਤਿਕੋ ਅਸ੍ਵਾਸਨ ਕਰਿਯੋ । ਕਿਉਂ ਨ੍ਰਿਪ ਦੁਖ ਉਰ ਭਯੋ ਉਦਾਰੇ । ਰਾਜੁ ਕਰੇਂਗੇ ਅਨੁਜ ਹਮਾਰੇ ॥ ੭੪ ॥ ਤੇਰੋ ਬਚਨ ਪਾਲ ਬਨਮਾਹੀਂ । ਮੈਂ ਆਵੌਂ ਬਹੁਰੇ ਪੁਰਮਾਂਹੀ । ਰਾਜ ਕੋਟਿ ਗੁਣ ਸੁਖਿ ਬਨਮਾਂਹੀ । ਰਾਜ ਨ ਹੋਇ ਸੁਮੇ ਮਨ ਮਾਹੀਂ ॥੭੫॥ ਤੇਰੋ ਸੱਤਿਪਾਲ ਤਹਿ ਕਰੇ । ਦੇਵਕਾਜ ਸਭ ਯਾ ਬਿਧ ਸਰੇ । ਮਾਤ ਕਕੇਈ ਕਹਿਯੋ ਬਨਬਾਸਾ । ਮੇਰੋ ਹੈ ਬਹੁ ਗੁਣ ਪਰਗਾਸਾ ॥ ੭੬ ॥ ਅਬਹੀ ਬਨ ਜਾਨੋਂ ਮੈਂ ਚਹੋਂ । ਢੀਲ ਨਹੀਂ ਉਰ ਅੰਤਰ ਗਹੋਂ । ਤਿਲਕ ਹੇਤ ਜੋ ਆਨੇ ਭਾਰ । ਤੇ ਸਭ ਧਾਰੋ ਭਵਨ ਮਝਾਰ ॥ ੭੭ ॥ ਦੋਹਰਾ ॥ ਜਨਕ ਨੰਦਨੀ ਤੋਖ ਕਰ ਮਾਤਾ ਕੋ ਅਸ੍ਵਾਸ । ਤਵ ਪਦ ਪੰਕਜ ਬੰਦਕੈ ਮੈ ਜਾਵੋਂ ਬਨਬਾਸ ॥ ੭੮ ॥ ਚੌਪਈ ॥ ਯਾ ਬਿਧ ਰਾਮ ਉਚਾਰਣ ਕੀਨੋਂ । ਭੂਪਤਿ ਕੋ ਪਰਕਰਮਾ ਦੀਨੋਂ । ਮਾਤ ਕੌਸੱਲਜਾ ਦੇਖਨ ਹੇਤ । ਆਵਨ ਭਯੋ ਸੁ ਧਰਮ ਨਿਕੇਤ ॥ ੭੯ ॥ ਸੰਕਰੁ ਛੰਦ ॥ ਕੌਸੱਲਜਾ ਹਰਿ ਪੂਜ ਕੈ ਉਰ ਰਾਮ

ਕਾਰਜਧਾਰ। ਧਨਬਾਮਨਾਂ ਬਹੁਦਾਨਦੈ ਪੁਨਿਹੋਮਕੀਨ ਅਪਾਰ
। ਕਰਮਨ ਇਕਾਗਰ ਆਪਨੋਂ ਉਰ ਬਿਸ਼ਨ ਧਿਆਨ ਉਦਾਰ।
। ਤਿਨਿ ਨੈਨ ਦੋਨੋ ਮੀਚਕੈ ਮੁਖਿ ਮੋਨ ਲੀਨੋ ਧਾਰ॥ ੯੦
॥ ਹੈ ਸੁ ਅੰਤਰਿ ਸਰਬ ਕੇ ਪੁਨਿ ਏਕ ਰੂਪ ਅਨੂਪ। ਘਨ ਚਿਤ
ਪ੍ਰਕਾਸ਼ ਅਨੰਦ ਸਤ ਪੁਨਿ ਸਰਬ ਅਧਿਕ ਸਰੂਪ। ਯਾ ਬਿਧ
ਅਨੂਪਸਰੂਪਜੋਹਰਿਧਾਰਯੋਉਰਧਾਮ। ਨੈਨਦੋਨੋਹੈਂਮਿਲੇ ਤਿਨ
ਨਾਂਹਿਪੇਖੇਰਾਮ॥ ੯੧॥ ਇਤਿਸ੍ਰੀਮਤਿਅੱਧਯਾਤਮਰਾਮਾਇਣੇ
ਉਮਾਂਮਹੇਸ਼ੁਰ ਸੰਬਾਦੇ ਅਜੁੱਧਿਆ ਕਾਂਡੇ ਤ੍ਰਿਤੀਯੋਧਿਯਾਇ॥੩॥

---

॥ ਸ੍ਰੀਮਹਾਂਦੇਵੋਵਾਚ॥ ਸੰਕਰਛੰਦ॥

ਪਿਖ ਸੁਮਿੱਤ੍ਰਾ ਰਾਮ ਕੋ ਦ੍ਰਿਗਕੰਜ ਸੋਭ ਅਪਾਰ। ਕੌਸ਼ੱਲਿਆ ਕੋ ਭਾਖਿਯੋਪਿਖ ਰਾਮਖਰੇਉਦਾਰ।ਸੁਨਿਰਾਂਮਨਾਮਕੁਸ਼ੱਲਿਯਾਂਗ ਲਏ ਤਾਹਿੰਉਘਾਰ। ਬਿਸਾਲ ਨੈਨ ਸੁਰਾਮਕੋ ਪਿਖਰੋਦਲੀਨ ਬੈਠਾਰ॥ ੧॥ ਗੀਯਾ ਮਾਲਤੀ ਛੰਦ ॥ ਸਿਰ ਚੂੰਮ ਕੰਠ ਲਗਾਇਕੇ ਸੁਤ ਜੋ ਚਹੋ ਸੋ ਲੀਜੀਏ। ਉਪਵਾਸਕੀ ਉਰ ਭੂਖ ਹੈ ਮਿਸ਼ਟਾਨ ਭੋਜਨ ਕੀਜੀਏ। ਸੁਨਿ ਰਾਮ ਆਪ ਬਖਾਨਿਯੋ ਨਹਿ ਕਾਲ ਭੋਜਨ ਕੋ ਅਹੇ। ਅਬ ਬੇਗ ਮਾਇ ਸੁ ਮੈਂ ਚਲੋਂ ਮੈਬਾਸ ਦੰਡਕ ਬਨ ਗਹੇ॥ ੨॥ ਕੈਕੇਈ ਕੋ ਵਰ ਦਾਨ ਕੈ ਪੁਨਿ ਸੱਤਿ ਵਾਦੀ ਭੂਪਤੀ। ਭਰਤ ਕੋ ਦਯੋ ਰਾਜ ਪੁਰ ਕੋ ਮਮ ਅਰੰਨ ਮਹਾਂ ਮਤੀ॥ ਬਰਖ ਚੌਦਾਂ ਬਾਸਕੈ ਮੁਨਿ ਸੰਗਿ ਨੀਕੇ ਜੀਜੀਯੇ। ਪੁਨਿ ਬੇਗ ਆਵੋਂ ਮਾਇ ਮੇਰੀ ਚਿੰਤ ਰੰਚ ਨ ਕੀ-

ਜੀਏ ॥ ੩ ॥ ਸਵੈਯਾ ॥ ਸੁਨਿ ਰਾਮ ਕੀ ਬਾਤ ਸੁਦੁੱਖ ਬਢਿਯੋ ਤਨ ਮੂਰਛ ਜਾਇ ਪਰੀ ਧਰਿ ਮਾਹੀ । ਉਠਿ ਫੇਰ ਸੁ ਰਾਮਹਿ ਬਾਤ ਕਹੀ ਮਨ ਡੂਬਤ ਤਾ ਦੁਖ ਸਾਗਰਮਾਹੀਂ । ਬਨਜਾਹਿ ਸੁ ਜੋ ਤੁਮ ਰਾਮ ਬਲੀ ਸੁਤਿ ਸੰਗਿ ਚਲੋਂ ਤਵ ਮੈਂ ਬਨ ਮਾਹੀਂ । ਬਿਛਰੀ ਤੁਮ ਤੇ ਸੁਤ ਰਾਮ ਸੁਨੋ ਖਿਨ ਆਧ ਨ ਜੀਵਤ ਹੌਂ ਜਗ ਮਾਹੀਂ ॥ ੪ ॥ ਗੀਯਾਮਾਲਤੀ ਛੰਦ ॥ ਜਿਉਂ ਗਊ ਬਾਲਕ ਪੂਤ ਤਜਿ ਨਹੀਂ ਔਰ ਠੌਰਹਿ ਸੋ ਰਹੇ। ਤਿਯੋ ਰਾਮਤੋਹਿ ਨ ਤਜੋਂ ਮੈਂਊ ਪ੍ਰਾਣ ਪਿਆਰੇ ਮੇ ਅਹੇ। ਪਰਸ਼ਿਨਿ ਭੂ ਪਤਿ ਜੋ ਭਏ ਦੇ ਭਰਤ ਰਾਜ ਸਿਂਘਾਸਨੈਂ। ਕਿਸ ਹੇਤ ਭੂਪਤਿ ਭਾਖ ਹੈ ਪੁਨਿ ਰਾਮ ਤਵ ਬਨ ਬਾਸਨੈਂ ॥ ੫ ॥ ਕੈਕਈ ਕੋ ਵਰ ਦਾਨ ਦੈ ਸਰਬੰਸੁ ਦੇਵੇ ਤਾਹਿੰਕੋ। ਤੈਂਕੋ ਕੈਕੇਈ ਭੂਪ ਕੋ ਅਪਰਾਧ ਕੀਨੋ ਨਾਂਹਿੰਕੋ । ਪਿਤਾ ਜਿਉਂ ਗੁਰ ਰਾਮ ਹੈ ਤਿਉਂ ਮਾਤ ਅਧਿਕ ਪਛਾਨੀਯੇ। ਪਿਤਾ ਤੇ ਬਨਬਾਸ ਭਾਖਯੋ ਮੈਂ ਹਟਾਵੋ ਮਾਨੀਯੇ ॥ ੬ ॥ ਸਵੈਯਾ ॥ ਮਮ ਵਾਕ ਉਲੰਘਨ ਕੈ ਬਨ ਕੋ ਤੁਮ ਜਾਹੁ ਸੁ ਭੂਪਤਿ ਕੇ ਬਚ ਮਾਨੇ । ਤਬ ਮੈਂ ਯਮ ਕੇ ਘਰ ਜਾਉਂ ਅਬੈ ਸੁਨਿ ਰਾਮ ਕਰੋਂ ਨਿਜ ਪ੍ਰਾਨਨ ਹਾਨੇਂ। ਲਖਮੱਨ ਸੁਨੇ ਇਹ ਵਾਕ ਜਬੈ ਉਰ ਕੋਪ ਬਢਿਯੋ ਜਨੁ ਆਗ ਸਮਾਨੇਂ। ਜਨ ਲੋਕ ਸੁ ਤੀਨ ਜਲਾਵਤ ਹੈਂ ਇਮ ਪੇਖ ਤਬੈ ਤਿਨ ਬੈਨ ਬਖਾਨੇ ॥ ੭ ॥ ਲਖਮਣੋਂ ਵਾਚ ॥ ਹੈ ਉਨਮੱਤਿ ਸੁਨਾਰਿ ਅਧੀਨ ਸੁਭ੍ਰਾਤ ਮਹਾਂ ਉਰ ਭੂਪ ਨਿਹਾਰੋਂ। ਬਾਂਧ ਤਿਨੇਂ ਘਰਿ ਰਾਖਤ ਹੌਂ ਉਰ ਰਾਮ ਬਡੀ ਪਗ

ਸ੍ਰਿੰਖਲ ਡਾਰੋਂ। ਬੰਧੁ ਸਮੇਤ ਦੁ ਮਾਤੁਲ ਮੈਂ ਭਰਤੈਂ ਪਥ ਆ
ਵਤ ਬਾਨਨ ਮਾਰੋਂ। ਦੇਖਹਿ ਮੋਂ ਬਲ ਦੇਵ ਸਭੈ ਸਭ ਲੋਕਨ
ਕੋ ਖਿਨ ਭੀਤਰ ਜਾਰੋਂ ॥ ੮॥ ਗੀਯਾਮਾਲਤੀ ਛੰਦ ॥ ਰਾਮ
ਤੂ ਕਰ ਤਿਲਕ ਭਾਲ ਸੁ ਬੈਠ ਰਾਜ ਸਿੰਘਾਸਨੰ॥ ਬਿਘਨ
ਕਾਰੀ ਲੋਕ ਮੈਂ ਕਰ ਚਾਪ ਕਰੋਂ ਸੁ ਸਾਸਨੰ। ਇਮ ਕਹੈ ਲ
ਖਮਣ ਕੋਪ ਕੈ ਤਬ ਰਾਮ ਗਰੇ ਲਗਾਇਯੋ। ਉਮਾ ਤਾਂਸਿਰ
ਚੂਮ ਕੈ ਤਬ ਰਾਮ ਆਪ ਸੁਨਾਇਯੋ ॥ ੯ ॥ ਸ੍ਰੀ ਰਾਮੋਵਾਚ
॥ ਚੌਪਈ ॥ ਰਘੁ ਸਰਦੂਲ ਭੁਜਾ ਬਲ ਧਾਰੀ। ਤੂੰ ਮੇਰੋ
ਅਤਿਸੈ ਹਿਤਕਾਰੀ। ਤਵ ਬਲ ਪਿਖੋਂ ਸਗਲ ਮਨ ਮਾਂਹੀਂ।
ਲਖਮਨ ਸੁਨੋਂ ਸਮੈਂ ਅਬ ਨਾਹੀਂ॥ ੧੦॥ ਵਿੱਸੁ ਸਰੀਰ ਰਾ
ਜ ਪੁਨਿ ਜੋਈ। ਜੋ ਲਖਮਣ ਯਹਿ ਸਾਚੋ ਹੋਈ। ਤੌ ਤਾਂ ਹੇਤ
ਸੁ ਯਤਨ ਤੁਮਾਰਾ। ਸਫਲ ਹੋਇ ਯਾ ਜਗਤ ਮਝਾਰਾ ॥ ੧੧
॥ ਮੇਘਨ ਮਾਂਹਿ ਸੁ ਬਿਜੁਲੀ ਜੈਸੇ। ਭੋਗ ਸਭੈ ਜਗ ਚੰਚਲ
ਤੈਸੇ। ਤਪਤ ਲੋਹ ਜਗ ਬਿੰਦ ਸੁ ਜੈਸੀ। ਆਯੁ ਪਿਖੋ ਖਿਣ
ਭੰਗਰ ਤੈਸੀ ॥੧੨॥ ਜਿਉਂ ਮੇਂਡਕ ਕਉ ਅਹਿ ਮੁਖ ਗਹੇ।
ਵਹਿ ਅਤ ਮੂਰਖ ਦੰਸਨ ਚਹੇ। ਕਾਲ ਸਰਪ ਤਿਉਂ ਲੋਕਨ
ਗ੍ਰਾਸੇ। ਮੂਰਖ ਕਰੇ ਭੋਗ ਉਰ ਆਸੇ ॥ ੧੩ ॥ ਜਾਕਰ ਮਨ
ਤੇ ਅਤਿ ਦੁਖ ਪਾਵੇਂ । ਤਾਂ ਸੁਖ ਹਿਤ ਵੈ ਕਰਮ ਕਮਾਵੇਂ। ਸੋ
ਤਨ ਆਤਮ ਤੇ ਅਤਿ ਨਿਆਰੋ। ਭੋਗ ਸੁ ਕਿਹ ਬਿਧ ਹੋਇ
ਬਿਚਾਰੋ॥ ੧੪॥ ਮਾਤ ਪਿਤਾ ਭਾਈ ਸੁਤ ਦਾਰਾ॥ ਜਾ ਸੰਗ
ਮ ਕਰ ਕਰੇ ਬਿਕਾਰਾ ॥ ਪ੍ਰਪਾਜੰਤ ਜਿਉਂ ਨਵੀਅਨ ਕਾਠ॥

ਤਿਉਂ ਖਿਣ ਚੰਚਲ ਸੰਗਮ ਠਾਠ ॥ ੧੫॥ ਪਦਮਾ ਛਾਇਆ
ਜਿਉਂ ਅਤਿ ਚਲਾ। ਤਰਨ ਅਵਸਥਾ ਊਰਮ ਜਲਾ। ਸੁਪਨ
ਤੁਲ ਇਸਤ੍ਰੀ ਸੁਖ ਅਹੇ ॥ ਤੱਦਪ ਨਰ ਅਭਿਮਾਨਹਿ ਗਹੇ
॥ ੧੬ ॥ ਸੁਪਨ ਤੁਲ ਯਹਿ ਸਭ ਸੰਸਾਰਾ ॥ ਸਦਾ ਰੋਗ
ਦੁਖ ਜਾਹਿ ਮਝਾਰਾ ॥ ਗੰਧਰਬ ਨਗਰ ਕੇ ਸਮ ਜਗਗਰੇ ॥
ਮੂਰਖ ਤਾਂ ਅਨੁਵਰਤਨ ਕਰੇ ॥ ੧੭ ॥ ਰਵਿ ਕੀ ਗਤਿ ਆ
ਗਤੀ ਆਧੀਨਾ ॥ ਆਯੁਰ ਹੋਇ ਨਿਰੰਤਰਿ ਖੰਨਾਂ ॥ ਜਰਾ ਮਰ
ਨ ਔਰਨ ਕੋ ਦੇਖੇ ॥ ਮੂਰਖ ਅਪਨੋ ਨਾਹਿੰ ਸੁਲੇਖੇ॥ ੧੮॥
ਸੋਈ ਦਿਨ ਅਰੁ ਸੋਈ ਰਾਤਿ ॥ ਮੂਢ ਧਰੇ ਮਨ ਮੈਂ ਬਖਿਆਤ
॥ ਭੋਗਨ ਕੋ ਅਨੁਧਾਵਨ ਕਰੇ ॥ ਕਾਲ ਬੇਗ ਕੀ ਖਬਰ ਨ ਪਰੇ
॥ ੧੯ ॥ ਕਾਚੇ ਘਟ ਕੋ ਨੀਰ ਸੁ ਜੈਸੇ॥ ਉਮਰਾ ਜਾਇ ਸੁ
ਖਿਣ ਖਿਣ ਤੈਸੇ ॥ ਸਫਲ ਬਾਣ ਜਿਉਂ ਕਰੇ ਪ੍ਰਹਾਰਾ। ਤਿਉ
ਤਨ ਰੋਗ ਸੁ ਕਰੇ ਸੰਘਾਰਾ ॥ ੨੦ ॥ ਬਾਘਨ ਜਿਉਂ ਜਗ
ਜਰਾ ਡਰਾਵੇ ॥ ਸਮੋ ਨਿਹਾਰ ਮਿਰਤ ਸੰਗ ਆਵੇ ॥ ਤ੍ਵਚ
ਪੁਨਿ ਮਾਸ ਹਾਡ ਅਰੁ ਵਿਸ਼੍ਰਾ॥ ਮੂਤ੍ਰ ਰੇਤ ਰਕਤ ਜਿਹ ਨਿਸ਼੍ਰਾ
॥ ੨੧ ॥ ਐਸੇ ਤਨ ਮੈਂ ਕਰ ਅਭਿਮਾਨ ॥ ਮੈਂ ਰਾਜਾ ਜੋ ਲੇਵੇ
ਮਾਨ ॥ ਅੰਤ ਸਮੇਂ ਤਨ ਬਿਸ਼੍ਰਾ ਹੋਈ ॥ ਕੈ ਪੁਨਿ ਭਸਮ ਕ੍ਰਿ
ਮਾਦਿਕ ਸੋਈ॥ ੨੨॥ ਵਿਕਾਰੀ ਔਰ ਪ੍ਰਣਾਮੀ ਜੋਇ ॥ ਆ
ਤਮ ਦੇਹ ਕਦਾਪਿ ਨ ਹੋਇ। ਲਖਮਣ ਜੋ ਤਨ ਆਤਮ ਮਾਨ
॥ ਲੋਕ ਦਹਨਿ ਕੋ ਚਹੇ ਭਵਾਨ ॥ ੨੩॥ ਦੋਖ ਅਹੇ ਜਗ ਭੀ
ਤਰ ਜੇਤੇ। ਤਨ ਅਭਿਮਾਨ ਹੋਇ ਸਭ ਤੇਤੇ ॥ ਦੇਹੋ ਹੀ ਯਹਿ

ਬੁਧਿ ਸੁ ਜੋਈ॥ ਨਾਮ ਅਵਿਦ੍ਯਿਆ ਭਾਖੀ ਸੋਈ॥੨੪॥ ਨਾਹਿ ਦੇਹ ਚਿਦਾਤਮ ਹੱਯੇ। ਯਾ ਬਿਧਿ ਕੀ ਮਤਿ ਵਿੱਦ੍ਯਾ ਕੱਹੀਯੇ॥ ਅਵਿੱਦ੍ਯਾ ਕਰ ਹੋਵੈ ਸੰਸਾਰ॥ ਵਿਦ੍ਯਾ ਤਾਂਹਿ ਸੁ ਦਏ ਨਿਵਾਰ ॥ ੨੫॥ ਤਾਂਤੇ ਭ੍ਰਾਤ ਮੋਖ ਉਰ ਧਰੋ। ਵਿਦ੍ਯਾ ਭ੍ਯਾਸ ਯਤਨ ਬਹੁ ਕਰੋ॥ ਕਾਮ ਸੁ ਕ੍ਰੋਧਾਦਿਕ ਹੈਂ ਜੇਤੇ॥ ਮੋਖ ਪੰਥਕੇ ਬੈਰੀ ਤੇਤੇ॥੨੬॥ ਸਤ੍ਰ ਸੂਦਨ ਤਾਹਿ ਨਿਵਾਰੋ॥ ਮੇਰੇ ਬਚਨ ਭਲੇ ਉਰ ਧਾਰੋ॥ ਤਿਨੈਂ ਮੈਂ ਕ੍ਰੋਧ ਅਹੇ ਜਗ ਜੋਈ॥ ਮੋਖ ਬਿਨਾਸਕ ਏਕੋ ਸੋਈ॥੨੭॥ ਕ੍ਰੋਧ ਸੰਗ ਜਗੁ ਜੋ ਨਰ ਕਰੇ॥ ਸੁਹਿਰਦ ਭ੍ਰਾਤ ਤਾਤ ਸੰਹਰੇ॥ ਕ੍ਰੋਧ ਮੂਲ ਤਨ ਤਾਪ ਪਛਾਨੋ॥ ਕ੍ਰੋਧ ਮੂਲ ਜਗ ਬੰਧਨ ਜਾਨੋ॥ ੨੮॥ ਕ੍ਰੋਧ ਕਰੇ ਨਿਜ ਧਰਮ ਸੁ ਘਾਤ। ਤਾਂਤੇ ਕ੍ਰੋਧ ਤਜੋ ਮਮ ਭ੍ਰਾਤ। ਕ੍ਰੋਧ ਬਡੋ ਜਗ ਸ਼ਤ੍ਰ ਸੁ ਹੱਯੇ। ਵੈਤਰਨੀਂ ਨਦੀ ਸੁ ਤ੍ਰਿਸ਼ਨਾਂ ਪੱਯੇ॥੨੯॥ ਸੰਤੋਖ ਨਾਮ ਨੰਦਨ ਬਨ ਜਾਨੋਂ। ਸ਼ਾਂਤਿ ਸੁ ਕਾਮਧੇਨ ਪਹਿਚਾਨੋ। ਤਾਂਤੇ ਸ਼ਾਂਤਿ ਭਜੋ ਉਰ ਮਾਹੀਂ॥ ਸ਼ਤ੍ਰੂ ਤੇਰੋ ਕੋਇਕ ਨਾਹੀਂ॥੩੦॥ ਪ੍ਰਗੱਯਾ ਤਨ ਮਨ ਇੰਦ੍ਰੇ ਪ੍ਰਾਨੈਂ॥ ਆਤਮ ਇਨ ਤੇ ਭਿੰਨ ਪਛਾਨ॥ ਸੁਯੰ ਜੋਤ ਅਤਿ ਸੁਧ ਸੁਆਹਿ॥ ਵਿਕਾਰ ਹੀਨ ਆਕ੍ਰਿਤ ਕਿਛੁ ਨਾਂਹਿ॥੩੧॥ ਤਨਿ ਇੰਦ੍ਰੇ ਪੁਨਿ ਪ੍ਰਾਣ ਨਿਆਰੇ। ਜੌ ਲੌ ਨਹਿ ਆਤਮ ਨਿਰਧਾਰੇ॥ ਤੌਲੌ ਪਾਵੇ ਦੂਖ ਅਪਾਰਾ। ਮਾਹਿੰ ਸੰਸਾਰ ਮਰੇ ਬਹੁ ਬਾਰਾ॥ ੩੨॥ ਤਾਂਤੇ ਪ੍ਰਾਣਾਦਿਕ ਤੇ ਨਯਾਰੋ। ਲਖਮਣ ਉਰ ਆਤਮ ਨਿਰਧਾਰੋ॥ ਬਾਹਿਰ ਕਰੋ ਸੁ ਸਭ ਵਿਵਹਾਰੇ। ਖੇਦ ਨ ਹੋਇ ਸੁ ਰੰਚ ਤੁਮਾਰੇ॥੩੩॥ਪਰਾਰਬਧਸਭ

ਭੋਗੋ ਭ੍ਰਾਤ। ਸੁਖ ਦੁਖ ਜੋ ਜਗ ਮੈਂ ਬਖਜਾਤ। ਕਾਰਜ ਕਰੋ ਅਹੇ ਜਗ ਜੋਈ। ਲੇਪ ਨ ਤੋਕੋ ਰੰਚਕ ਹੋਈ ॥ ੩੪ ॥ ਬਾਹ ਰਿ ਕਰ ਕਰਿਤੱਤੁ ਵਿਕਾਰ। ਅੰਤਰਿ ਸੁਧ ਸੁਭਾਵ ਨਿਹਾਰ। ਕਰਮ ਅਹੇ ਜਗ ਭੀਤਰ ਜੋਈ। ਤੋ ਮਹਿ ਲੇਪ ਕਰੇ ਨਹਿੰ ਤੋਈ॥ ੩੫॥ ਮੈਰੋ ਕਹਯੋ ਗਯਾਨ ਯਹ ਸਾਰ। ਤੂੰ ਲਖਮਣ ਉਰ ਅੰਤਰਧਾਰ। ਸੰਸਾਰ ਦੁਖ ਕੀ ਪੀੜਾ ਜੋਈ। ਤੋ ਮੈਂ ਨਾਹਿੰ ਕਦਾਚਿਤ ਹੋਈ॥ ੩੬ ॥ ਦੋਹਰਾ ॥ ਗਿਰਜਾ ਯਾ ਬਿਧ ਰਾਮ ਜੀ ਕਹਯੋ ਭ੍ਰਾਤ ਪ੍ਰਤਿ ਗਿਆਨ। ਪੁਨਿ ਮਾਤਾ ਪ੍ਰਤਿ ਭਾਖਿਯੋ ਸੁਨੋ ਸਗਰ ਦੈ ਕਾਨ ॥ ੩੭ ॥ ਚੌਪਈ ॥ ਮਾਤਾ ਮੈਂ ਯਹਿ ਭਾਖਯੋ ਜੋਈ। ਤੁਮ ਉਰ ਅੰਤਰ ਧਾਰੋ ਸੋਈ। ਮਮ ਆਗਮਨ ਪ੍ਰਤੀਖਨ ਕਰੋ। ਦੂਖ ਸਗਲ ਉਰ ਕੇ ਪਰਹਰੋ॥ ੩੮ ॥ ਕਰਮ ਪੰਥ ਮੇਂ ਆਏ ਜੋਈ। ਸਦਾ ਇਕਤ੍ਰ ਰਹੇ ਨਾ ਤੋਈ। ਨਦ ਪਰ ਵਹਿ ਯਥਾ ਸਰ ਭਾਰੇ। ਕਬੀ ਮਿਲੇ ਕਬ ਜਾਹਿ ਨਿਆਰੇ॥ ੩੯॥ ਚੌਦਹ ਬਰਖ ਕਾਲ ਹੈ ਜੇਤੋ। ਆਧੋ ਖਿਣ ਜਿਉਂ ਭਾਵੈ ਤੇਤੋ। ਦੂਖ ਸਗਲ ਉਰ ਕੇ ਪਰਹਰੋ। ਮਾਇ ਮੋਹਿ ਅਨਮੋਦਨ ਧਰੋ॥ ੪੦ ॥ ਦੋਹਰਾ॥ ਯਾ ਬਿਧ ਕਰੋ ਸੁ ਮਾਤ ਅਬ ਮੋ ਪਰ ਕਰੁਣਾ ਧਾਰ। ਤੋ ਬਨਬਾਸ ਸੁ ਮੋਹਿ ਕੋ ਹੋਵੇਗੋ ਸੁਖਕਾਰ॥ ੪੧ ॥ ਸ੍ਵੈਯਾ ॥ ਇਮ ਰਾਮ ਉਚਾਰ ਉਮਾਂ ਮੁਖਤੇ ਤਬ ਦੰਡ ਪ੍ਰਣਾਮ ਕਰੀ ਧਰਮਾਹੀਂ। ਚਿਰਕਾਲ ਪਰੇ ਧਰ ਊਪਰ ਵੈ ਅਰੁ ਮਾਤ ਕੇ ਪਾਦ ਗਹੇ ਕਰ ਮਾਹੀਂ। ਤਬ ਮਾਤ ਉਠਾਇ ਸੁ ਗੋਦ ਲਏ ਸਿਰ ਚੂੰਮਤਨੀਰ ਬਹੇ ਦ੍ਰਿਗ ਮਾਹੀਂ। ਬਨ ਰਾਮ

ਚਲੇ ਪਿਖ ਮਾਤ ਤਬੈ ਸੁ ਅਸੀਸ ਕਹੇ ਅਪਨੇ ਮੁਖ ਮਾਹੀਂ ॥
੪੨॥ਸੁਰ ਸਾਧ ਕਹੈਂ ਜਿਨਕੋ ਜਗ ਮੇਂ ਅਰ ਹੈ ਪਿਤਰਾ ਭੁਵ
ਮੈ ਬਿਖਯਾਤਾ। ਪੁਨਿ ਔਰ ਮਹਾਂ ਰਿਖ ਪ੍ਰੂਖ ਭਯੋ ਯਮ ਔ ਵਰ
ਣਾਂ ਪੁਨ ਜੇ ਵਸਧਾਤਾ । ਦਿਸ ਮਿਤ੍ਰ ਆਦਿਕ ਖਿਪਾ ਦਿਨ
ਸੰਬਤ ਮਾਸ ਸਮੇਤ ਸੁ ਰੁਦ੍ਰ ਬਿਧਾਤਾ। ਸੁਤ ਤੇ ਬਨਮੈ ਕਲਯਾਨ
ਕਰੇਂ ਇਮ ਭਾਖਤ ਹੈ ਰਘੁਬੀਰ ਕੀ ਮਾਤਾ॥ ੪੩ ॥ ਬ੍ਰਿਤਰਾ–
ਸੁਰ ਮਾਰਨਕੋ ਜਬਹੀ ਗਜਰਾਜ ਚੜ੍ਹੇ ਸੁਰ ਰਾਜ ਪਧਾਰੇ ।
ਸੁਰ ਮੰਗਲ ਜੋ ਹਿਤ ਤਾਹਿੰ ਕਰੇ ਵਹਿ ਮੰਗਲ ਹੋਤ ਸੁ ਹੋਇ
ਤੁਮਾਰੇ । ਅਮੀ ਰਸ ਲੈ ਸੁ ਚਲੇ ਬਿਨਤਾ ਸੁਤ ਸੀਸ ਜਬੈ
ਬ੍ਰਿਨਤਾ ਪਗ ਧਾਰੇ । ਬਿਨਤਾ ਤਬ ਮੰਗਲ ਜੋਇ ਕਰੇ ਵਹਿ
ਮੰਗਲ ਤੇ ਰਘੁਬੀਰ ਪਧਾਰੇ ॥ ੪੪ ॥ ਧ੍ਰਿਤਸਿਮ੍ਰਤ ਬੇਦ ਸੁ
ਬਿਦਯਾ ਸਭੈ ਪੁਨਿ ਬੇਦਨ ਕੇ ਰਿਖ ਅੰਗ ਉਚਾਰੇ । ਰਿਖ ਦੇ
ਵ ਸੁ ਮੰਤ੍ਰ ਅਥਰਬਣ ਜੂ ਸਭਹੀ ਯਹਿ ਰੱਖਕ ਹੋਇ ਹਮਾਰੇ ।
ਰਿਖ ਸਾਤ ਸੁ ਨਾਰਦ ਸਿਧ ਮਹਾਂ ਸੁਰ ਚਾਰਧ ਸ਼ੁਕ੍ਰ ਸੁ ਸੋਮ
ਉਦਾਰੇ। ਗ੍ਰਹ ਔਰ ਨਿਖਤ੍ਰ ਸੁ ਦੇਵ ਸਭੈ ਬਨ ਮੈਂ ਸੁਤ ਪਾਲਕ
ਹੋਹਿੰ ਤਿਹਾਰੇ॥ ੪੫ ॥ ਸੁ ਮਹਾ ਬਿਖ ਨਾਗ ਪਿਸਾਚ ਬਡੇ
ਪੁਨਿ ਰਾਖਸ਼ ਯਖ ਭਯਾਨਕ ਸਾਰੇ । ਗਜ ਸਿੰਘ ਬ੍ਯਾਘ੍ਰ
ਕੋਲ ਬਡੇ ਪੁਨਿ ਕੀਟ ਪਤੰਗ ਸੁ ਰੀਛ ਉਚਾਰੇ । ਤਰਖਾ
ਰਛ ਦੰਸ ਮਹਾਂ ਬਿਛੂਆ ਅਤਿਕ੍ਰੂਰ ਸੁਭਾਵ ਨਾ ਜਾਂਹਿ ਨਿਹਾਰੇ
॥ ਸਭ ਕ੍ਰੂਰ ਸੁਭਾਵ ਜੇ ਬਨ ਮੈਂ ਸੁਤ ਤੋ ਹਿਤ ਸੋਮ ਸੁਭਾਵ
ਸਵਾਰੇ ॥ ੪੬ ॥ ਚੌਪਈ॥ ਅੰਤਰ ਰਿਖ ਵਾਸੀ ਹੈਂ ਜੇਤੇ ।

ਤੇ ਕੱਲਯਾਨ ਕਰੇਂ ਸੁਤ ਤੇਤੇ। ਭੂਤਲ ਔਰ ਪਤਾਲ ਨਿਵਾਸੀ। ਸੁਅਸਤਿ ਕਰੇ ਤੁਮਕੋ ਸੁਖ ਰਾਸੀ ॥ ੪੭ ॥ ਦੋਹਰਾ ॥ ਬ੍ਰਹਮਾ ਬਿਸ਼ਨ ਮਹੇਸ਼ ਜੋ ਦੇਵਨ ਮੈਂ ਪਰਧਾਨ। ਸੋਇ ਬੈਠੇ ਪਥ ਚਲੇ ਤੇਰੀ ਕਰੇਂ ਕੱਲਯਾਨ ॥ ੪੮ ॥ ਨਰਾਜ ਛੰਦ ॥ ਸਦਾ ਸੁਖੀ ਰਹੋ ਬਨੇ ਨ ਪੂਤ ਦੂਖ ਕੋ ਲਹੋ। ਅਰਾਂਤ ਪੁੰਜ ਜੀਤਕੈ ਬਿਭੂਤ ਤੇਜ ਕੋ ਗਹੋ। ਸਕੇਤ ਸੰਖ ਦੁੰਦਭੀ ਬਜਾਇ ਸੰਖ ਕੈ ਬਰੋ। ਸੁ ਮਾਤ ਤਾਤ ਦਾਸ ਕੇ ਕਲੇਸ਼ ਪੁੰਜ ਕੋ ਹਰੋ ॥ ੪੯ ॥ ਸਵੈਯਾ ॥ ਇਹ ਭਾਂਤ ਅਸੀਸ ਦਈ ਜਨਨੀ ਤਬ ਰਾਮ ਚਲੇ ਬਨ ਸੀਸ ਨਿਵਾਏ। ਤਬ ਰੋਇ ਸੁ ਮਾਤ ਲਏ ਗਲ ਮੈਂ ਸਿਰ ਚੂਮ ਸੁ ਅੱਛਤ ਭਾਲ ਲਗਾਏ॥ ਇਹ ਰਾਮ ਅਸੀਸ ਪੜ੍ਹੈ ਨਰਜੋ ਉਠ ਪ੍ਰਾਤ ਸਮੈਂ ਮਨ ਪ੍ਰੇਮ ਬਢਾਏ। ਕਬਿ ਸਿੰਘ ਗੁਲਾਬ ਸਦਾ ਸੁਖ ਸੋ ਤਨ ਅੰਤ ਸਮੈਂ ਹਰਿਕੇ ਪੁਰ ਜਾਏ ॥ ੫੦ ॥ ਚੌਪਈ ॥ ਲਖਮਣ ਤਾਂਹਿ ਸਮੈ ਰਘੁਨਾਥੇ। ਕਰ ਪਰਣਾਮ ਜੋਰ ਨਿਜ ਹਾਥੇ। ਹਰਖ ਨੈਨ ਜਲ ਗਦ ਗਦ ਬਾਨੀ। ਰਾਮਚੰਦ ਪ੍ਰਤਿ ਕਹਯੋ ਭਵਾਨੀ ॥ ੫੧ ॥ ਰਾਮ ਮੋਹਿ ਉਰ ਸੰਸਾ ਜੋਈ। ਤੈ ਕਰਣਾਂ ਕਰ ਕਾਟਿਜੋ ਸੋਈ। ਮੈਂ ਸੇਵਾ ਹਿਤ ਚਾਲੋਂ ਸਾਥਾ। ਆਗਯਾ ਦਿਜੇ ਸੁ ਮਮ ਰਘੁਨਾਥਾ ॥ ੫੨ ॥ ਦੋਹਰਾ ॥ ਮੋਹ ਅਨੁਗ੍ਰਹੁ ਕੀਜੀਯੇ ਸੰਗ ਚਲੋਂ ਵਡ ਭਾਗ। ਨਾਤਰ ਅਪਨੇ ਪ੍ਰਾਣ ਜੋ ਦੇਵੋਂ ਸਨਮੁਖ ਤਯਾਗ ॥ ੫੩ ॥ ਦੋਹਰਾ ॥ ਲਖਮਣ ਕੋ ਹਠ ਪੇਖ ਕੈ ਰਾਮ ਕਹਿਯੋ ਚਲ ਬੀਰ। ਸੀਤਾ ਕੇ ਸਮਝਾਨ ਕੋ

ਬਹੁਰ ਗਏ ਰਘੁ ਬੀਰ ॥ ੫੪ ॥ ਭੁਜੰਗ ਪ੍ਰਯਾਤ ਛੰਦ ॥
ਜਬੈ ਰਾਮ ਆਏ ਤਬੈ ਸੀਯ ਜਾਨੇ। ਲਯੋ ਹੇਮ ਭਾਂਡੋ ਜਲੰ
ਆਪ ਤਾਨੇ। ਭਲੇ ਪਾਦ ਧੋਏ ਪੁਨਾਂ ਬੈਠ ਆਗੇ। ਪੁਛੈ ਸੀਯ
ਬਾਤੈਂ ਬਡੇ ਭਾਗ ਜਾਗੇ ॥੫੫ ॥ ਕਹਾਂ ਨਾਥ ਸੇਨਾਂ ਬਿਨਾ ਸੈਨ
ਆਏ। ਸਸੀ ਸੇਤ ਛੱਤ੍ਰ ਨਹੀਂ ਸੀਸ ਛਾਏ। ਨਹੀਂ ਵਾਦ ਬਾਜੇ
ਭਯੋ ਕੌਨ ਹੇਤੂ।ਨਹੀਂ ਕ੍ਰੀਟ ਸੀਸੰ ਕਹਾਂ ਧਰਮਕੇਤੂ॥੫੬॥ਬਡੋ
ਰਾਜ ਪਾਯੋ ਭਯੋ ਹਰਖ ਤੋਕੋ। ਚਲੇ ਬੇਗ ਆਏ ਕਹੋ ਸਰਬ ਮੋਕੋ
। ਹਸੇ ਰਾਮ ਬੋਲੇ ਕਹੌਂ ਸੀਯ ਤੋਕੋਂ । ਦਯੋ ਦੰਡ ਆਰੰਨ ਦੈ
ਰਾਜ ਮੋਕੋ ॥ ੫੭ ॥ ਮਹਾਂ ਸੱਤਵਾਦੀ ਸੁ ਰਾਜਾ ਦਯਾਲੰ। ਦਯੋ
ਰਾਜ ਜੋਈ ਕਰੋਂ ਜਾਇਪਾਲੰ। ਅਬੈ ਬੇਗ ਜਾਂਊਂ ਬਨੰ ਸੀਯ
ਪਜਾਰੀ। ਕਹੀ ਬਾਤ ਸਾਚੀ ਨ ਝੂਠੀ ਹਮਾਰੀ ॥ ੫੮ ॥ ਜਹਾਂ
ਮਾਤ ਮੇਰੀ ਰਹੇ ਤਾਤ ਰਾਜਾ। ਤਹਾਂ ਨੀਤ ਠਾਢੀ ਰਹੀਂ ਸੇਵ
ਕਾਜਾ। ਭਲੀ ਭਾਂਤ ਨੀਕੇ ਤ੍ਰੂ ਸਸਧਾਮ ਰਹੀਯੋ। ਮਿਲੋਂ ਆਨ
ਸੁਖ ਸੋਂ ਯਹੀ ਸਮਝ ਲਹੀਯੋ ॥ ੫੯ ॥ ਸੰਕਰ ਛੰਦ ॥
ਸੁਨਿ ਰਾਮ ਕੀ ਯਹ ਬਾਤ ਸੀਤਾ ਭਈ ਉਰਮੈ ਭੀਤ। ਬਾਖਾਨਿਓ
ਤਬ ਆਪ ਸੀਤਾ ਬਯਾਕੁਲੇ ਅਤਿਚੀਤ। ਕਿਹ ਹੇਤ ਤੇ ਬਨ
ਬਾਸ ਭੂਪਤਿ ਦਯੋ ਆਪ ਉਦਾਰ। ਇਹ ਰਾਮ ਮੋਹਿ ਬਖਾਨੀਏ
ਮਨ ਤਪਤ ਭਯੋ ਹਮਾਰ ॥ ੬੦ ॥ ਤਬ ਰਾਮ ਆਪ
ਬਖਾਨਿਯੋ ਸੁਨ ਜਾਨਕੀ ਦੈ ਕਾਨ। ਸੰਤੁਸਟ ਭੂਪਤਿ ਕੇਕਈ
ਵਰ ਦੇਨ ਕੀਨ ਬਖਾਨ। ਭਰਤ ਕੋ ਦਯੋ ਰਾਜ ਭੂਪਤ
ਮੋਹਿ ਕੋ ਬਨਬਾਸ। ਬਰਖ ਚੌਦਹਿ ਮੈਂ ਬਸੋਂ ਬਨ ਸੁਖ

ਸੋਂ ਮੁਨਿ ਪਾਸ॥ ੬੧ ॥ ਕੈਕੇਈ ਨੇ ਵਰ ਮਾਂਗਯੋ ਦਯੋ ਸੱਤਵਾਦੀ ਭੂਪ॥ ਮੈਂ ਜਾਉਂ ਬੇਗ ਸੁ ਭਾਮਨੀ ਨਹਿੰ ਵਿਘਨ ਕਰੋ ਅਨੂਪ॥ ਸੁਨਿ ਰਾਮ ਕੇ ਯਹ ਵਾਕ ਸੀਤਾ ਪ੍ਰੇਮ ਕੇ ਬਸ ਹੋਇ॥ ਮੈਂ ਜਾਂਉ ਆਗੇ ਰਾਮ ਜੀ ਤੁਮ ਆਹੁ ਪਾਛੇ ਸੋਇ॥ ੬੨ ॥ ਜੋਗ ਨਾ ਬਨ ਜਾਵਨੋ ਭਵ ਮੋ ਬਿਨਾ ਸੁਨ ਰਾਮ ॥ ਪ੍ਰਸ਼ਨ ਸੁਨਿ ਰਘੁਨਾਥ ਸੀਤਾ ਕਹੇ ਕਰਨਾ ਧਾਮ ॥ ਕੈਸੇ ਲਜਾਵੋਂ ਭਵ ਬਨੰ ਸੁਨਿ ਜਾਨਕੀ ਦੈ ਕਾਨਿ। ਬਹੁ ਬਯਾਲ ਜਾਂ ਬਨ ਮਾਹਿ ਢੂਕੇ ਮ੍ਰਿਗ ਬਯਾਕੁਲ ਜਾਨ ॥ ੬੩ ॥ ਅਤਿ ਘੋਰ ਰਾਖਸ਼ ਜਾਹਿ ਮੈ ਪੁਨ ਖਾਹਿੰ ਮਾਨਸ ਨੀਤ। ਸਿੰਘ ਬਿਆਘਰ ਸੂਕਰਾ ਬਹੁ ਫਿਰੋਂ ਅਤਿ ਨਿਰਭੀਤ। ਕਵਿ ਅਮਲ ਫੂਲ ਫਲਾਦਿਕਾ ਤਹਿ ਬਨੇ ਭੋਜਨ ਕਾਜ॥ ਆਪੂਪਿ ਬਿੰਜਨ ਨਾ ਮਿਲੇ ਜੋ ਦੇਖੀਏ ਘਰ ਸਾਜ ॥ ੬੪ ॥ ਮਿਲੇ ਕਬਹੂ ਨਾ ਮਿਲੇ ਫਲ ਮੂਲ ਭਾਖੇ ਜੋਇ ॥ ਅਤਿ ਘੋਰ ਬਣ ਭਯ ਦਾਇਕੋ ਨਹਿ ਰਾਹ ਪੇਖੇ ਕੋਇ॥ ਸਰਕਰਾ ਪੁਨ ਕੰਟ ਕਾ ਖਗ ਵਸ ਜਾਹਿੰ ਘਨੇਰ । ਗੁਹਾ ਗਹਵਰ ਹੈ ਘਨੀ ਸਮ ਰਾਤਿ ਜਾਹਿੰ ਅੰਧੇਰ ॥ ੬੫ ॥ ਇਹ ਭਾਂਤਿ ਹੈ ਤਿਹ ਦੁਖ ਘਨਾ ਜਿਹ ਦੰਡਕਾ ਬਨ ਨਾਮ । ਪਾਦ ਕੈ ਤਿਹ ਜਾਵਨੋਂ ਤਨ ਸੀਤ ਹੈ ਤਨ ਘਾਂਮ । ਰਾਖਸ਼ਾਂ ਕੋ ਹੇਰ ਕੇ ਤੂੰ ਤਜੇਂ ਸੀਤੇ ਪ੍ਰਾਨ। ਘਰ ਬੀਚ ਰਹੁ ਤੂੰ ਭਾਮਨੀਂ ਉਰ ਕਹਿਓ ਮੇਰੋ ਮਾਨ॥ ੬੬ ॥ ਮੈਂ ਬੇਗ ਆਵੋਂ ਸੁੰਦਰੀ ਉਰ ਸ਼ੰਕ ਰੰਚ ਨ ਧਾਰ ॥ ਪੁਨਿ ਬੇਗ ਪੇਖੋ ਮੋਹਿ ਕੋ ਇਮ ਰਾਮ ਕੀਨ ਉਚਾਰ ॥ ਸੁਨਿ

ਰਾਮ ਕੀ ਯਹਿ ਬਾਤ ਸੀਤਾ ਭਇਓ ਦੁਖ ਉਰਮਾਹਿੰ। ਕਛੁ ਕੋਪ ਕੈ ਮੁਖਿ ਤਾਂ ਫੁਰੇ ਪੁਨਿ ਕਹੇ ਸੀਤਾ ਨਾਹਿੰ ॥ ੬੭ ॥ ਕਿਉਂ ਰਾਮ ਮੋ ਕੋ ਤਿਆਗ ਹੈਂ ਮੈਂ ਧਰਮ ਪਤਨੀ ਦੇਵ ॥ ਪਤਿਬ੍ਰਤਾ ਨਿਰਦੋਖ ਮੈਂ ਆਨੰਨ ਕਰਤੀ ਸੇਵ। ਧਰਮੱਗ ਤੂੰ ਜਗ ਭਾਖੀਏ ਪੁਨਿ ਦਯਾ ਤੋਹਿ ਅਪਾਰ ॥ ਸਮੀਪ ਤੇਰੇ ਮੈਂ ਰਹੋਂ ਬਨ ਕੋ ਕਰੇ ਅਪਕਾਰ ॥ ੬੮ ॥ ਫਲ ਮੂਲ ਜੋ ਭੋਜਨ ਬਨੇ ਤਵ ਖਾਇ ਛੋਡੋਂ ਜੋਇ ॥ ਤਿਹ ਖਾਇ ਬਿਚਰੋਂ ਸੁਖੀ ਪੁਨਿ ਮੈਂ ਸੁਧਾ ਸਮ ਹੈ ਸੋਇ॥ ਤਵ ਸਾਥ ਬਿਚਰੋਂ ਰਾਮ ਮੈਂ ਕੁਸ ਕਾਸ ਕੰਟਕ ਜੋਇ । ਸਮ ਫੂਲ ਕੇ ਸੁ ਬਿਛਾਵਨੇ ਮਮ ਹੋਂਹਿਗੇ ਬਨ ਸੋਇ॥ ੬੯ ॥ ਸਵੈਯਾ ॥ ਰਾਮ ਕਲੇਸ ਨ ਤੋਹਿ ਦਯੋਂ ਤਵ ਕਾਰਯ ਮੈਂ ਕਰਹੋਂ ਬਨਮਾਹੀਂ ॥ ਔਰ ਸੁਨੋ ਜਬ ਬਾਲ ਹੁਤੀ ਇਕ ਜੋਤਕ ਆਇ ਪਿਤਾ ਘਰ ਮਾਹੀਂ ॥ ਰਾਮ ਕਹਿਓ ਮਮ ਪੇਖ ਤਿਨੇ ਪਤਿ ਸੰਗ ਵਸੇ ਕਬਹੀ ਬਨ ਮਾਹੀਂ ॥ ਵਾਕ ਸੁ ਬ੍ਰਹਮਨ ਹੋਇ ਤਬੈ ਤਵ ਸੰਗ ਚਲੋਂ ਜਬ ਮੈਂ ਬਨ ਮਾਹੀਂ ॥ ੭੦ ॥ ਕਛੁ ਔਰ ਕਹੋ ਮਮ ਸੰਗ ਲਯੋ ਸੁਨਿ ਕੈ ਮਨਿ ਭੀਤਰ ਆਇ ਜਬੀ ॥ ਸੁ ਰਾਮਾਇਣ ਜਾਂ ਬਹੁ ਬਾਰ ਸੁਨੇਂ ਤਿਨ ਬਾਮਨ ਕੋ ਤੁਮ ਪੂਛ ਅਬੀ ॥ ਦਿਜ ਰਾਜ ਕਹਯੋ ਪੁਰ ਔਧਹੁ ਤੇ ਬਨ ਰਾਮ ਗਏ ਬਿਨ ਸੀਅ ਕਬੀ ॥ ਦਿਜ ਰਾਜ ਬਖਾਨਤ ਜੋ ਮੁਖ ਤੇ ਤੁਮ ਰਾਮ ਤਿਆਗਹੁ ਮੋਹਿ ਤਬੀ ॥ ੭੧ ॥ ਤਵ ਸੰਗ ਚਲੋਂ ਸੁਨ ਰਾਮ ਅਬੈ ਤਵ ਕਾਰਯ ਕੀ ਬਨ ਨੀਤ ਸ—

ਹਾਈ ॥ਜਬ ਮੋ ਤਜ ਰਾਮ ਸੁ ਜਾਹਿੰ ਚਲੇ ਤਬ ਪ੍ਰਾਨ ਦਯੋਂ ਖਿਨ ਮਾਹਿੰ ਬਹਾਈ ॥ ਇਹ ਭਾਂਤਿ ਹਠੀ ਉਰ ਸੀਯ ਜਬੈ ਤਬ ਜਾਨ ਲਯੋ ਮਨ ਮੈਂ ਰਘੁਰਾਈ ॥ ਮਮ ਸੰਗ ਚਲੋ ਤਵ ਕਾਜ ਕਹਯੋ ਅਬ ਕਾਜ ਬਨੇਂ ਨਹਿੰ ਢੀਲ ਲਗਾਈ ॥ ੭੨॥ ਚੌਪਈ ॥ ਹਾਰ ਅਭਰਣ ਅਹੇ ਤਵ ਜੇਤੇ ॥ ਬੇਗ ਅਰੁੰਧਤ ਦੀਜੇ ਤੇਤੇ ॥ ਬ੍ਰਹਮਣ ਕੋ ਦੈ ਧਨਹਿ ਅਪਾਰਾ ॥ ਹਮ ਚਾਲੇ ਅਬ ਵਿਪਨ ਮਝਾਰਾ ॥ ੭੩ ॥ ਲਖਮਣ ਤੁਮ ਅਬ ਬੇਗ ਸੁ ਜਾਵੋ ॥ ਭਗਤਿ ਸਹਿਤ ਤੁਮ ਦਿਜਵਰ ਲਯਾਵੋ ॥ ਅਪਨੋ ਧਨ ਅਬ ਦੇਵੇਂ ਤਾਹਿੰ ॥ ਹਮ ਸੌਂ ਚਲੋ ਅਬੀ ਬਨ ਮਾਂਹਿ ॥ ੭੪ ॥ ਦੋਹਰਾ ॥ ਯਾ ਬਿਧ ਰਾਮਹਿ ਜੋ ਕਹਯੋ ਤੌ ਲਖਮਣ ਤਿਂਹ ਕਾਲ ॥ ਭਗਤਿ ਸਮੇਤ ਬੁਲਾਇ ਕੈ ਆਨੇ ਬਿੱਪ੍ਰ ਬਿ-ਸਾਲ ॥ ੭੫ ॥ ਚੌਪਈ ॥ ਗੋ ਸੋ ਬ੍ਰਿੰਦ ਧਨੰ ਬਸੁ ਅੰਬਰ ॥ ਦਿਬ ਅਭਰਣ ਹੁਤੇ ਜੋ ਮੰਦਰ ॥ ਕੁਟੰਬੀ ਸੀਲਵੰਤ ਦਿਜ ਜੇਤੂ ॥ ਤਿਨ ਕੋ ਦਯੋ ਸੁ ਰਘੁ ਕੁਲ ਕੇਤੂ ॥ ੭੬ ॥ ਮੁਖ ਆਭਰਣ ਆਹਿ ਤਿਨ ਜੇਈ ॥ ਦਏ ਅਰੁੰਧਤਿ ਸੀਤਾ ਤੇਈ ॥ ਰਾਮ ਮਾਤ ਸੇਵਕ ਜੇ ਆਹਿ ॥ ਰਾਮ ਦਯੋ ਧਨ ਬਹੁ ਬਿਧ ਤਾਹਿ ॥ ੭੭ ॥ ਸ਼ੰਕਰ ਛੰਦ ॥ ਆਪਨੇ ਪੁਨਿ ਸੇਵਕਾ ਧਨੁ ਦਯੋ ਰਾਮ ਅਪਾਰ ॥ ਪੁਰ ਬਾਸ ਔ ਪੁਨਿ ਦੇਸ ਕੇ ਜੇ ਹੁਤੇ ਬਿੱਪ੍ਰ ਹਜ਼ਾਰ ॥ ਦਯੋ ਤਾਹਿੰ ਕੋ ਧਨੁ ਬਹੁ ਬਿਧਾ ਉਰ ਪ੍ਰੀਤਿ ਚਿਤ ਉਦਾਸ ॥ ਪੁਨਿ ਰਾਜ ਰਾਮ ਤਿਆਗ ਕੋ ਪੁਨ ਲਯੋ ਵੈ ਬਨਬਾਸ ॥ ੭੮ ॥ ਲਖਮਣ ਤਬੈ ਨਿਜ ਮਾਤ੍ਰ ਕੋ

ਕੌਸ਼ੱਲਿਯਾ ਵਿਗਆਨ। ਸਮਰਪ ਮਾਤਾ ਤਾਹਿੰਕੋ ਪੁਨਿ ਚਾਪ ਲੈ ਨਿਜ ਪਾਂਣ। ਆਇ ਰਾਮ ਸੁ ਸਨਮੁਖੰ ਪੁਨਿ ਰਹਿਯੋ ਠਾਢੋ ਹੋਇ। ਰਾਮ ਸੀਤਾ ਲਖਮਣੋ ਨ੍ਰਿਪ ਧਾਮ ਚਾਲੇ ਸੋਇ॥ ੭੯॥ ਛਪੈ ਛੰਦ॥ ਸਾਨੁਜ ਰਾਮ ਸੁ ਸੀਯ ਚਲੇ ਨ੍ਰਿਪ ਪਥ ਮੇਂ ਸੋਹੇ। ਸਭ ਲੋਕਨ ਕੀ ਓਰ ਰਾਮ ਪੁਨਿ ਸਾਨੰਦ ਜੋਹੇ। ਸ਼ਾਮ ਵਰਣ ਤਨ ਕਾਂਮ ਕੋਟ ਦੁਤਿ ਅਤਿ ਸੁਖ ਦਾਈ। ਦਿਸ ਹਨੇ ਅੰਧੇਰੋ ਕਾਂਤਿ ਕਰੇ ਗਤਿ ਮੰਦ ਸੁਹਾਈ। ਸੁ ਪਾਦ ਆਸ ਜਗ ਪਾਵਨੋਂ ਪਦ ਪਦ ਮੈਂ ਰਘੁ ਵਰ ਕਰੇ। ਇਹ ਭਾਂਤ ਭਵਾਨੀ ਰਾਮਜੀ ਸਤ ਪਿਤ ਮੰਦਰ ਮੇਂ ਬਰੇ॥ ੮੦॥ ਇਤਿ ਸ੍ਰੀ ਅਧਯਾਤਮ ਰਾਮਾਇਣੇ ਉਮਾਂ ਮਹੇਸੁਰ ਸੰਬਾਦੇ ਅਯੁਧਿਆ ਕਾਂਡੇ ਚਤੁਰਥੋ ਧਯਾਇ॥ ੪॥

---

## ਸ੍ਰੀ ਮਹਾਂਦੇਵ ਉਵਾਚ॥

ਦੋਹਰਾ ॥ ਸਾਨੁਜ ਸੀਯ ਸਮੇਤ ਹਰਿ ਆਵਤ ਪਿਖ ਮਗ ਮਾਹਿਂ। ਬੋਲੇ ਨਾਗਰ ਪਰਸਪਰ ਮਨ ਮੈਂ ਅਤਿ ਬਿ- ਸਮਾਹਿਂ॥ ੧॥ ਕੈਕਈ ਕੋ ਵਰ ਦਾਨ ਸੁਨਿ ਭਏ ਦੁਖਤ ਸਭ ਲਇ। ਸੱਤ ਸੰਧ ਭੂਪਤਿ ਭਏ ਯਾ ਜਗ ਮੈ ਸਭ ਕੋਇ॥ ੨॥ ਇਸਤ੍ਰੀ ਹੇਤ ਤਿਆਗਿਓ ਜਾਨੋ ਪਿਆਰੋ ਕੌਰ। ਸਤਿ ਸੰਧਿ ਭੂਪਤਿ ਨਹੀਂ ਭਯੋ ਕਾਮ ਵਸਿ ਬੌਰ॥ ੩॥ ਕਥੰ ਕਕੇਈ ਦੁਸ੍ਰ ਨੇ ਰਾਮ ਭਯੋ ਬਨਬਾਸ। ਕਰੂਰ ਕਰਮ

ਅਤਿ ਮੂੜ੍ਹਧੀ ਕਰੇ ਸਗਲ ਸੁਖ ਨਾਸ ॥ ੪ ॥ ਹੇ ਜਨ
ਈਹਾਂ ਨਹਿ ਬਸੇ ਚਲੇ ਅਬੀ ਬਨ ਮਾਹਿੰ। ਰਾਮ ਸੁ ਸੀਤਾ ਸਾ
ਨੁਜੋ ਜਹਾਂ ਜਨ ਕੋ ਚਾਹਿੰ॥ ੫॥ ਸਵੈਯਾ ॥ ਦੇਖਹੁ
ਸੀਧ ਚਲੇ ਪਦ ਸੋਂ ਕਬਹੂੰ ਨਹਿੰ ਲੋਗਨ ਜੋਇ ਨਿਹਾਰੀ॥
ਰਾਮ ਚਲੇ ਪਦ ਸੋ ਪਥਿ ਮੈਂ ਅਜੁ ਨਾ ਗਜ ਵਾਜਨ ਕੀ
ਅਸਵਾਰੀ। ਜਾਵਤ ਰਾਮ ਪਿਖੇ ਦ੍ਰਿਗ ਕੈ ਤਨ ਕੋਟ ਮਨੋਜਨ
ਕੀ ਅਸਵਾਰੀ॥ ਜਾਂ ਇਨ ਕੋ ਬਨਬਾਸ ਦਯੋ ਵਹਹੈ ਜਗ
ਕ੍ਰੂਰ ਮਹਾਂ ਨ੍ਰਿਪ ਨਾਰੀ ॥ ੬ ॥ ਚੌਪਈ ॥ ਕੈ
ਕੱਈ ਨਾਮ ਰਾਖਸੀ ਆਹਿ। ਸਰਬ ਬਿਨਾਸ਼ ਕੀਯੋ ਪੁਨਿ ਤਾਹਿ
॥ ਸੀਤਾ ਪਦ ਸੋਂ ਚਲੈ ਕੁਮਾਰੀ। ਰਾਮ ਪੇਖ ਦੁਖ ਹੋਸੀ ਭਾਰੀ
॥ ੭॥ ਬਲੀਵਾਨ ਬਿਧ ਹੈ ਜਗ ਮਾਹੀਂ । ਪੁਨਿ ਪੁਰਖਤਨ
ਕੋ ਬਲੁ ਕਛੁ ਨਾਹੀਂ । ਯਾਬਿਧ ਦੁਖ ਬਜਾਕੁਲ ਜਨ
ਭਇ। ਬਾਂਮਦੇਵ ਤਬ ਵਾਕ ਅਲਏ॥ ੮॥ ਰਾਮ ਸੀਯਾ
ਲਖਮਣ ਪਤਿ ਪੇਖਾ। ਮਤਿ ਤੁਮ ਸੋਚ ਕਰੇ ਸੁ ਬਿਸੇਖਾ। ਰਾਮ
ਪਿਖੋ ਤੁਮ ਪਰਮੈ ਜੋਈ । ਆਦਿ ਨਾਰਾਇਣ ਬਿਸ਼ਨ ਸੁ
ਸੋਈ॥ ੯॥ ਇਹ ਜਨਕ ਨੰਦਨੀ ਲਖਮੀ ਆਹਿ। ਜੋਗ
ਮਾਇਆ ਭਾਖੇ ਰਿਖ ਤਾਹਿ। ਸੀ ਪਤਿ ਕੋ ਅਨੁਗਾਮੀ ਜੋਈ।
ਸੇਸ ਪਛਾਨੋਂ ਲਖਮਣ ਸੋਈ॥ ੧੦॥ ਰਾਮ ਸੁ ਮਾਇਆ
ਗੁਣ ਅਨੁਸਾਰ। ਭਾਸਤ ਹੈ ਨਾਨਾ ਆਕਾਰ। ਰਜ ਗੁਣ
ਯੁਗਤਿ ਰਾਮ ਬਿਧ ਭਇ। ਨਿਖਲ ਜਗਤ ਪੁਨਿ ਜਾਂ ਨਿਰਮਏ
॥ ੧੧॥ ਸਤ ਗੁਣ ਸਹਿਤ ਬਿਸ਼ਨ ਤਨੁ ਧਾਰੇ। ਤੀਨਲੋਕ

ਭੁਜ ਬਲੁ ਪ੍ਰਤ ਪਾਰੇ। ਤਮ ਸੰਯੁਕਤ ਰੁੱਦ੍ਰ ਬਪੁ ਧਰੇ। ਅੰਤ ਸਮੈ ਸਭ ਜਗ ਸੰਹਰੇ॥ ੧੨॥ ਸਵੈਯਾ ॥ ਮੁਨ ਸੂਰਯ ਕੋ ਸੁਤਿ ਸੇਵਕ ਥੋ ਤਿਨ ਆਪਦ ਪੇਖ ਸੁ ਮੀਨ ਭਏ। ਤਿਨ ਪਾਲਨ ਰਾਂਮ ਸੁ ਕੀਨ ਤਬੀ ਪਰਲੈ ਜਲ ਨਾਵ ਚਢਾਇ ਲਏ। ਸੁਰ ਨੀਰਦ ਪੂਰਬ ਜੋ ਮਥਏ ਗਿਰ ਮੰਦਰ ਡੂਬ ਪਤਾਲ ਗਏ। ਗਿਰ ਪੀਠ ਸੁ ਧਾਰਿ ਲਯੋ ਤਬ ਹੀ ਇਨ ਕੂਰਮ ਰੂਪ ਤਬੈ ਸੁ ਕਏ ॥ ੧੩ ॥ ਧਰਣੀਂ ਜਬ ਡੂਬ ਪਤਾਲ ਗੱਈ ਇਨ ਸ਼ੂਕਰ ਰੂਪ ਸੁ ਰਾਮ ਸਵਾਰੇ। ਰਘੁ ਨੰਦਨ ਤੋਲਨ ਕੀਨ ਤਬੀ ਧਰਣੀ ਪੁਨਿ ਰੋਪ ਸੁ ਦਾਢ ਕਨਾਰੇ। ਨਰ ਸਿੰਘ ਭਏ ਭਵ ਪੂਰਬ ਏ ਪ੍ਰਹਲਾਦ ਦਏ ਵਰਕੈ ਪ੍ਰਤਿ ਪਾਰੇ। ਸਭ ਲੋਕਹਿ ਕੰਟਕ ਰਾਕਸ ਜੋ ਜਗ ਰਾਮ ਵਹੀ ਨਖ ਸਾਥ ਵਿਦਾਰੇ॥ ੧੪॥ ਸੁਤਰਾਜ ਹਰੇ ਪਿਖ ਆਦਿਤ ਜੋ ਅਤਿ ਦੀਨ ਭਈ ਹਰਿ ਯਾਚਨ ਕੀਨੋਂ। ਬਨ ਬਾਮਨ ਰਾਜ ਲਏ ਬਲ ਤੇ ਤਿਨ ਕੇ ਸੁਤਕੋ ਇਨ ਫੇਰ ਸੁਦੀਨੋਂ। ਜਬ ਛਾਹੁਜ ਨੀਚ ਭਏ ਜਗ ਮੈਂ ਧਰਣੀ ਪਰ ਭਾਰ ਕਰਯੋ ਤਿਨ ਪੀਨੋਂ। ਭ੍ਰਿਗੁ ਵੰਸ ਬਿਖੈ ਤਬ ਰਾਮ ਜਏ ਧਰ ਬਾਹਜ ਭਾਰ ਕਰਯੋ ਸਭ ਛੀਨੋ ॥ ੧੫ ॥ ਸ਼ੰਕਰ ਛੰਦ ॥ ਵਹੀਈਸ਼ੁਰ ਰਾਮਜੀ ਅਬ ਭਏ ਨਰ ਅਵਤਾਰ। ਰਾਵਣਾਦਿ ਸੁਕੋਟ ਰਾਖਸ਼ ਹਨੇਂਗੇ ਬਲ ਧਾਰ। ਮਾਨੁੱਖ ਕੈ ਮਰਣਾ ਤਿਸੇ ਬਿੱਧ ਆਪ ਕੀਨ ਬ ਖਾਨ। ਯਾਂਤੇ ਭਏ ਹਰਿ ਆਪ ਮਾਨੁਖ ਨਾ ਸਮਰਥ ਸੁ ਆਨ ॥੧੬॥ ਭੂਪ ਦਸਰਥ ਕੀਨ ਤਪਸਾ ਰਾਧਿਯੋ ਹਰਿਰਾਇ। ਪੁੱਤ੍ਰ

ਕੀ ਇੱਛਾ ਕਰੀ ਹਰਿ ਭਯੋ ਪੂਤ ਸੁ ਆਇ। ਸੋਇ ਬਿਸ਼ਨਸੁ
ਰਾਮ ਜੀ ਦਸਕੰਧ ਕੇ ਬਧ ਕਾਜ। ਸੰਗ ਲਖਮਣ ਜਾਹਿੰਗੇ
ਬਨ ਲੋਕ ਪੇਖੇ ਆਜ ॥ ੧੭ ॥ ਬਿਸ਼ਨ ਮਾਇਆ ਜਾਨਕੀ
ਕਰ ਪਾਲ ਬਹੁਰ ਸੰਸਾਰ। ਰਾਜ ਕੈਕਈ ਕਾਰਣੋਂ ਬਨ ਨਾਹਿੰ
ਕੀਨ ਬਿਚਾਰ। ਕਾਲ ਪੂਰਬ ਨਾਰਦੋ ਕਹਿ ਗਯੋ ਆਪ
ਬਿਚਾਰ। ਬਨ ਜਾਇਕੇ ਅਬ ਰਾਮ ਜੀ ਤੁਮ ਹਰੋ ਧਰਣੀਭਾਰ
॥੧੮॥ਰਾਮ ਆਪ ਬਖਾਨਿਯੋ ਬਨ ਜਾਉ ਪ੍ਰਾਤ ਸੁਕਾਲ। ਰਾਮ
ਹਿਤ ਚਿੰਤਾ ਤਜੋ ਤੁਮ ਸੁਨੋਂ ਲੋਕ ਸੁ ਬਾਲ। ਰਾਮ ਰਾਮ ਸੁ ਜੋ
ਜਪੇਂ ਪੁਨਿ ਲੋਕਯਾ ਜਗਮਾਹਿੰ।ਤਿਨੋਂ ਮ੍ਰਿਤਭਯ ਆਦਿਕਾ ਜਗ
ਕਦੇ ਹੋਵੇ ਨਾਹਿੰ॥੧੯॥ਕੈਸੇਪੁਰਾਤਨ ਰਾਮਕੋ ਪੁਨਿ ਦੂਖ ਸ਼ੰਕਾ
ਹੋਇ। ਰਾਮ ਨਾਮ ਸੁ ਮੁਕਤਿ ਦੇਵੇ ਔਰ ਕਲੂ ਨ ਕੋਇ ॥
ਮਾਯਾ ਮਨੁਖ ਸਰੂਪ ਕੈ ਬਿਚਰੈ ਸੁ ਲੋਕਨ ਮਾਹਿ। ਬਿਡੰਬ
ਹੈ ਸਭ ਲੋਕ ਕੋ ਨਹਿ ਜਾਨ ਹੈ ਕੋ ਤਾਹਿ ॥ ੨੦ ॥ ਸਾਤਤੋਂ ਕੇ
ਭਜਨ ਹਿਤ ਦਸ ਕੰਧਕੇ ਬਧ ਕਾਜ। ਭੂਪ ਵਾਛਤ ਦੈਨ ਹਿਤ
ਇਨ ਲਯੋ ਮਾਨੁਖ ਸਾਜ। ਇਹ ਭਾਂਤਿ ਭਾਖਸੁ ਮੋਨ ਲੀਨੀ
ਵਾਂਮ ਦੇਵ ਰਖੀਸ਼ੁ। ਸੁਨ ਬਿੱਪ ਕੇ ਮੁਖ ਕਥਾ ਲੋਕਨ ਰਾਮ
ਜਾਨਯੋ ਈਸ਼ ॥ ੨੧ ॥ ਦੋਹਰਾ ॥ ਤਬ ਲੋਗਨ ਸੰਸਾ
ਗਯੋ ਚਿਤ ਵੈ ਉਰ ਹਰਿ ਰਾਮ । ਤਬੈ ਮੁਨੀ ਵਰ ਔਰ
ਕਛੁ ਭਾਖੇ ਕਰਣਾ ਧਾਮ ॥ ੨੨ ॥ ਰਹਸਸੁ ਸੀਤਾ ਰਾਮ ਕੋ
ਜੋ ਚਿਤਵੇ ਨਰ ਕੋਇ। ਰਾਮ ਭਗਤਿ ਤਿਨਕੋ ਸਦਾ ਗਯਾਨ
ਸਹਿਤ ਪੁਨਿ ਹੋਇ ॥੨੩ ॥ ਤੁਮ ਰਾਘਵਕੇ ਪਯਾਰਯੋ ਪਰਮ

ਗੋਪ ਯਹਿ ਜਾਂਨ। ਰਾਖੋ ਪਰਮ ਦੁਰਾਇ ਕੈ ਕੀਜੋ ਨਾਹਿ ਬਖਾਨ ॥ ੨੪ ॥ ਇਹ ਬਿਧ ਤਹਾ ਬਖਾਨ ਕੈ ਗਏ ਮੁਨੀ ਸੁਰ ਧਾਮ। ਲੋਕਨ ਕੇ ਪੁਨਿ ਤਾਂ ਸਮੇਂ ਲਖੇ ਪਰਮਾਤਮ ਰਾਮ ॥ ੨੫ ॥ ਸਵੈਯਾ ॥ ਤਬ ਰਾਮ ਗਏ ਪਿਤ ਕੇ ਨਿਜ ਮੰਦਰ ਨਹਿੰ ਤਹਾਂ ਕਿਨ ਜਾਤ ਹਟਾਏ। ਵਹ ਸਾਨੁਜ ਸੀਯ ਸਮੇਤ ਤਹਾਂ ਢਿਗ ਜੋਇ ਕਕੇਈ ਸੁ ਬੈਨ ਅਲਾਏ। ਬਨਬਾਸ ਕਹਯੋ ਹਮਕੋ ਜਨਨੀ ਤਹਿੰ ਜਾਵਨ ਕੇ ਹਿਤ ਹੈਂ ਹਮ ਆਏ। ਅਬ ਭੂਪ ਕਹੈ ਅਪਨੇ ਮੁਖਤੇਂ ਹਮ ਜਾਹਿੰ ਸ਼ਤਾਬ ਨ ਢੀਲ ਸੁਹਾਏ ॥ ੨੬ ॥ ਦੋਹਰਾ ॥ ਗਿਰਜਾ ਯਾ ਬਿਧ ਰਾਮ ਜੀ ਜਬੈ ਸੁ ਕੀਨ ਬਖਾਨ। ਤਬੈ ਕਕੈਈ ਬੇਗ ਕੈ ਉਠੀ ਹਰਖ ਉਰਿ ਮਾਨ ॥ ੨੭ ॥ ਸਵੈਯਾ ॥ ਸਾਨੁਜ ਰਾਮ ਸੁ ਚੀਰ ਦਏ ਤਿਨ ਜਾਨਕੀ ਕੋ ਪੁਨਿ ਚੀਰ ਫਰਾਏ। ਰਾਮ ਪਟੰਬਰ ਤਾਰ ਤਬੈ ਬਨ ਚੀਰ ਭਲੀ ਬਿਧ ਸੋ ਤਿਨ ਲਾਏ। ਭ੍ਰਾਤ ਕਰੀ ਲਘੁ ਰੀਤ ਵਹੈ ਨਹਿ ਜਾਨਕੀ ਜਾਨਤ ਰੀਤ ਸੁ ਕਾਏ। ਰਾਮ ਮੁਖਾਂਬੁਜ ਓਰ ਪਿਖਿ ਕਰ ਚੀਰ ਮਹਾਂ ਉਰ ਮਾਹਿ ਲਜਾਏ ॥ ੨੮ ॥ ਰਾਮ ਲਏ ਕਰ ਚੀਰ ਵਹੀ ਧਰ ਜਾਨਕੀ ਅੰਗਨ ਆਪ ਮੁਰਾਰੀ। ਦੇਖ ਸੁ ਚੀਰ ਝਰੇ ਤਿਨ ਕੇ ਪੁਨਿ ਰੋਇ ਉਠੀਂ ਸਗਲੀ ਨ੍ਰਿਪ ਨਾਰੀ। ਵੈ ਸੁਨ ਆਪ ਵਸਿਸ਼ਟ ਤਬੈ ਪੁਨਿ ਕੈਕਈ ਸੋਂ ਰੁਖ ਵਾਕ ਉਚਾਰੀ ॥ ਦੁਸ਼ਟ ਬਨ ਬਾਸ ਸੁ ਰਾਮ ਦਏ ਕਿਉਂ ਸੀਯ ਕੁ ਦੇਵਤ ਚੀਰ ਸੁਧਾਰੀ ॥ ੨੯ ॥ ਪਤਿਬ੍ਰਤ ਸੀਯ ਚਲੀ ਪੁਨਿ ਸੰਗ ਸੁ ਆਪ ਬਡੇ ਜਬ ਪ੍ਰੇਮ

ਬਢਾਏ । ਤਬ ਧਾਰ ਦਿਗੰਬਰ ਭੂਖਨ ਸੋਂ ਅਤਿ ਭੂਖਤ ਹੀਂ ਬਨ ਭੀਤਰ ਜਾਏ । ਪਤਿ ਸੰਗ ਫਿਰੋਂ ਬਨ ਭੀਤਰ ਏ ਰਮਿ ਕਾਨਨ ਕੇ ਸਭ ਦੂਖ ਮਿਟਾਏ । ਇਮ ਭਾਖ ਬਸਿਸ਼੍ਰ ਸੁਮੌਨ ਗਹੀ ਨ੍ਰਿਪ ਆਪ ਤਬੈ ਸੁ ਮੰਤ ਬੁਲਾਏ ॥ ੩੦ ॥ ਰਥ ਆਨ ਸੁਮੰਤ ਸੁ ਰੋਇ ਕਹੀ ਚਢ ਜਾਂਹਿਂ ਬਨੇ ਬਨ ਜੀਵਨ ਪਿਆਰੇ । ਇਹ ਭਾਂਤਿ ਉਚਾਰ ਸੁ ਰਾਮ ਪਿਖੇ ਪੁਨਿ ਸੀਯ ਸੁਮਿਤ੍ਰਜ ਓਰ ਨਿਹਾਰੇ । ਦ੍ਰਿਗ ਨੀਰ ਬਹੇ ਅਤਿ ਰੋਵਤ ਹੈ ਦੁਖ ਭਾਰ ਭਯੋ ਸੁ ਗਿਰੇ ਧਰ ਭਾਰੇ । ਰਥ ਸੀਯ ਚਢੀ ਪਤਿ ਰਾਮ ਪਿਖੇ ਕਰ ਜੋਰ ਸੁ ਭੂਪਤਿ ਸੀਯ ਜੁਹਾਰੇ ॥ ੩੧ ॥ ਸ਼ੰਕਰ ਛੰਦ ॥ ਰਾਮ ਕਰ ਪਰਦਖਣਾਂ ਭੂਪਤਿ ਚਢੈ ਰਥ ਮਾਹਿਂ । ਲਖਮਣ ਦੋਊ ਧਨ ਖੜਗ ਤੂਣੀ ਧਾਰ ਨਿਜ ਭੁਜ ਮਾਹਿਂ। ਰਥ ਬੈਠ ਕੇ ਪੁਨਿ ਬੋਲਿਓ ਸੁਨਿ ਸਾਰਥੀ ਮਨ ਮਾਹਿਂ। ਬੇਗ ਰਥ ਕੋ ਹਾਂਕੀਏ ਅਬ ਢੀਲ ਕੀਜੇ ਨਾਹਿਂ ॥ ੩੨ ॥ ਸਵੈਯਾ ॥ ਰਥ ਠਾਂਢ ਕਰੋ! ਰਥ ਠਾਂਢ ਕਰੋ! ਇਮ ਭੂਪਤਿ ਆਪ ਸੁਮਤ ਉਚਾਰੇ। ਸੁ ਚਲਾਇ ਚਲਾਇ ਸੁ ਰਾਮ ਕਹੀ ਰਥ ਤਾਹਿ ਹਕੇ ਅਤਿਸੈ ਹਠ ਧਾਰੇ। ਕਛ ਦੂਰ ਗਏ ਹਰਿ ਜੋ ਪੁਰਤੇ ਨ੍ਰਿਪ ਖਾਇ ਤਵਾਰ ਗਿਰੇ ਭੁਵ ਭਾਰੇ। ਪੁਰ ਬਾਲਕ ਬ੍ਰਿਧਯੁਵਾਦਿਜ ਸੱਤਮ ਵੈ ਰਥਕੇ ਪੁਨਿ ਸੰਗ ਸਿਧਾਰੇ ॥ ੩੩ ॥ ਗੀਯਾਮਾਲਤੀ ਛੰਦ ॥ ਤਿਸ਼੍ਰ ਤਿਸ਼੍ਰ ਸੁ ਰਾਮ ਜੀ ਮੁਖ ਭਾਖਤੇ ਜਨ ਜਾਵਹੀਂ । ਰਥ ਬੇਗ ਮਾਰ ਚਲਾਇਯੋ ਨਹਿਂ ਤਾਂਹਿ ਸੰਗਤ ਪਾਵਹੀਂ । ਰਾਜਾ ਸੁ ਬਹੁ ਚਿਰ ਰੋਇ ਕੈ ਪੁਨਿ ਸੇਵਕਾਂ ਯੌ ਕਹੀ। ਰਾਮ

ਮਾਤ ਕੁਸੱਲ੍ਯਾ ਘਰ ਲੇ ਚਲੋ ਮੋਕੋ ਸਹੀ ॥ ੩੪॥ ਕਛੁਕਾਲ ਮੇਰੋ ਜੀਵਨੋ ਤਿੰਹ ਹੋਇ ਪ੍ਰਾਣ ਉਡਾਨਿਯੋ । ਅਬ ਨਾਂ ਜੀਯੋਂ ਬਿਨ ਰਾਮ ਮੈਂ ਚਿਰ ਕਾਲ ਯਾ ਜਗ ਜਾਨਿਯੋਂ । ਜਬ ਬਰੇ ਭੂਪਤਿ ਮੰਦਰੇ ਧਰ ਗਿਰੇ ਬਯਾਕੁਲ ਹੈਂ ਸਹੀ। ਚਿਰਕਾਲ ਸੰਗਯਾ ਪਾਇਕੈ ਬੈਠੇ ਮਹੀ ਬੋਲੇ ਨਹੀ॥੩੫॥ ਦੋਹਰਾ ॥ ਯਾ ਬਿਧਿ ਭੂਪਤਿ ਧਰ ਪਰੇ ਬਯਾਕੁਲ ਉਰ ਪਛੁਤਾਇ। ਰਾਮ ਕਥਾ ਗਿਰਜਾ ਸੁਨੋਂ ਸੁਨਤ ਪਾਪ ਮਿਟਿ ਜਾਇ॥੩੬॥ ਸ੍ਵੈਯਾ ॥ ਤਬ ਰਾਮ ਗਏ ਤਮਸਾ ਤਟ ਮੈ ਸੁਖ ਸੰਗ ਵਸੇ ਤਰ ਕੀ ਪਰਛਾਹੀਂ । ਜਲਪਾਨ ਕਰੇ ਨਹਿ ਨਾਜ ਗਹੇ ਧਰ ਸੋਇਰਹੇ ਹਰਿ ਸੀਯ ਸਮਾਹੀਂ । ਲਘ ਭ੍ਰਾਤ ਸੁਮੰਤ ਸਮੇਤ ਤਹਾਂ ਨਿਸਪਾਲ ਕਰੀ ਧਨ ਲੈ ਕਰ ਮਾਹੀਂ। ਪਰਲੋਕ ਸਭੈ ਢਿਗ ਰਾਮਹਿ ਕੀ ਨਿਸ ਬਾਸ ਕੀਯੋ ਪੁਨਿ ਜਾਇ ਤਹਾਂ ਹੀਂ॥੩੭ ॥ਰਾਮ ਲਿਜਾਵਹਿਂਗੇ ਪੁਰ ਮੈ ਨਹਿ ਜਾਇ ਤਬੈ ਹਮਹੂ ਬਨਜਾ ਵੈਂ । ਲੋਕਨ ਕੀ ਮਤ ਯੋਂ ਲਖਿ ਕੈ ਰਘੁਬੀਰ ਮਹਾਂ ਉਰ ਮੈਂ ਬਿਸਮਾਵੈਂ । ਨਾਹਿਂ ਚਲੋਂ ਜਬ ਮੈ ਪੁਰ ਮੈ ਤਬ ਲੋਕ ਸਬੈ ਉਰ ਮੈ ਦੁਖ ਪਾਵੈਂ । ਰਾਮ ਸੁਮੰਤ ਬੁਲਾਇ ਕਹੀ ਰਥ ਆਨ ਸੁਮੰਤ ਅਬੈ ਬਨ ਜਾਵੈਂ ॥ ੩੮ ॥ ਦੋਹਰਾ ॥ ਸੋਏ ਜਨ ਸਭ ਹੇਰਕੈ ਰਾਮ ਸੁ ਆਇਸ ਦੀਨ। ਜੋੜਯੋ ਤਬੈ ਤੁਰੰਗ ਸਿਉਂ ਰਥ ਸੁਮੰਤ ਅਤਿ ਚੀਨ ॥੩੯॥ ਰਾਮ ਸੀਯਾ ਲਖਮਣ ਚੜ੍ਹੇ ਬੇਗ ਚਲਾਯੋ ਸੋਇ। ਲੋਗਨ ਛਲ ਬਨ ਕੋ ਗਏ ਅਯੁਧਯਾ ਪ੍ਰਤਿ ਕਛੂ ਹੋਇ ॥ ੪੦ ॥ ਪ੍ਰਾਤ ਉਠੇ ਜਨ ਦੂਖ ਉਰ

ਰਾਮ ਨਿਹਾਰੇ ਨਾਹਿ। ਰਥਨੇਮੀ ਮਾਰਗ ਪਿਖਤ ਗਏ ਸੁ ਪੁਰ ਕੇ ਮਾਹਿ ॥ ੪੧ ॥ ਸਵੈਯਾ ॥ ਇਤ ਲੋਕ ਚਿਤਾਰਤ ਰਾਮ ਸੀਯਾ ਉਤ ਸਜੰਦਨ ਬੇਗ ਸੁਮੰਤ ਚਲਾਏ । ਬਡ ਦੇਸ ਨਿਹਾਰਤ ਰਾਮ ਸੀਯਾ ਬਲਿ ਜਾਇ ਕਵੀ ਤਟ ਗੰਗ ਸੁ ਆਏ । ਜਗ ਪਾਵਨ ਗੰਗ ਨਿਹਾਰਤ ਹੀ ਹਰਿ ਰਾਮ ਸੀਯਾ ਨਿਜ ਸੀਸ ਨਿਵਾਏ। ਮਨ ਸਾਨੰਦ ਤੀਰ ਨਿਵਾਸ ਕਰੇ ਜਲ ਪਾਵਨ ਕੈ ਸਗਲੇ ਪੁਨ ਨਾਏ ॥ ੪੨ ॥ ਦੋਹਰਾ ॥ ਗੰਗਾ ਕੇ ਤਟ ਸਿੰਸਪਾ ਤਰੁ ਤਲ ਕੀਨ ਨਿਵਾਸ । ਰਾਮ ਲਖਨ ਸੀਤਾ ਭਲੇ ਸ਼੍ਰਿੰਗਵੇਰ ਕੇ ਪਾਸ ॥ ੪੩ ॥ ਆਏ ਰਾਮ ਸੁ ਗੁਹ ਸੁਨੋਂ ਲੋਕਨ ਕਹਜੋ ਸੁ ਜਾਇ। ਸਖਾ ਸੁਆਮੀ ਜਾਨਕੈ ਢਿਗ ਆਯੋ ਗੁਹ ਧਾਇ ॥ ੪੪ ॥ ਚੌਪਈ ॥ ਭਗਤਿ ਸਹਿਤ ਉਰਮੈ ਉਮਗਾਯੋ । ਫਲਫੂਲਾਦਿ ਉਪਾਇਨ ਲਿਆਯੋ। ਆਗੇ ਆਨ ਧਰੀ ਗੁਹ ਰਾਮ। ਬਹੁਰ ਕਰੀ ਤਿਨ ਦੰਡ ਪ੍ਰਣਾਮ ॥ ੪੫ ॥ ਗੀਯਾ ਮਾਲਤੀ ਛੰਦ ॥ ਉਠਾਇ ਰਾਮ ਸੁ ਬੇਗਹੀ ਕਰਿ ਪ੍ਰੇਮ ਨਿਜ ਗਰਿ ਲਾਇਓ। ਰਾਮ ਕੁਸਲ ਸੁ ਪੂਛਿਯੋ ਗੁਹ ਹਾਥ ਜੋਰ ਸੁਨਾਇਓ। ਮੈਂ ਧੰਨ ਮੇਰੋ ਜਨਮ ਆਜ ਨਿਖਾਦ ਲੋਕ ਸੁ ਪਾਵਨੋਂ। ਭਯੋ ਪਰਮਾਨੰਦ ਤੇਰੋ ਅੰਗ ਸੰਗ ਸੁਹਾਵਨੋ ॥ ੪੬ ॥ ਨਿਖਾਦ ਰਾਜ ਸੁ ਰਾਮਜੀ ਤਵ ਦਾਸਕੋ ਉਰ ਜਾਨੀਯੇ। ਇਹ ਆਹਿ ਤੇਰੋ ਰਾਮਜੀ ਹਮ ਪਾਲ ਬਾਤ ਸੁਮਾਨੀਯੇ। ਨਗਰ ਮੈਂ ਚਲ ਦੇਹੁ ਤੂੰ ਕਰ ਦਾਸ ਕੋ ਗ੍ਰਹ ਪਾਵਨੰ । ਫਲ ਮੂਲ ਲੀਜੈ ਰਾਮਜੀ ਤਵ ਅਰਥ ਰਾਖੇ ਭਾਵਨੰ ॥ ੪੭ ॥ ਮੈਂ ਦਾਸ

ਤੇਰੋ ਰਾਮਜੀ ਭਗਵਾਨ ਕਿਰਪਾ ਕੀਜੀਏ। ਇਹ ਠੌਰਕਰੋ ਸੁ ਬਾਸ ਨੀਕੇ ਨੀਰ ਪਾਵਨ ਪੀਜੀਏ। ਰਾਮ ਤਾਂਕੋ ਭਾਖਿਯੋ ਮਮ ਸਖੇ ਬਚਨ ਸੁਨੀਜੀਏ। ਪਰਸੰਨ ਅਤਿਸੈ ਮੈਂ ਭਇਓ ਕਛੁ ਕਹੋ ਬਾਤ ਸੁ ਕੀਜੀਏ॥ ੫੦॥ ਸ਼ਿਕਰਛੰਦ ॥ ਗ੍ਰਹ ਨਗਰ ਮਾਹਿ ਨ ਮੈਂ ਬਰੋਂ ਸੁ ਬਰਖ ਚੌਦਾਂ ਜਾਨ। ਫਲ ਫੂਲ ਖਾਵੋਂ ਨਾਂ ਕਬੀ ਜੋ ਔਰ ਦੇਵੇ ਆਨਿ । ਅਤਿ ਸਖਾ ਤੂੰ ਮਮ ਬੱਲਭੋ ਤਵ ਰਾਜ ਆਹਿ ਸੁ ਜੋਇ। ਵਹਿ ਸਗਲ ਮੇਰੋ ਮੈਂ ਪਿਖੋਂ ਨਹਿ ਆਹਿ ਅੰਤਰ ਕਇ ॥ ੫੧ ॥ ਬਟਖੀਰ ਲਿਆਵੋ ਜਾਇਕੈ ਇਮ ਭਾਖਿਯੋ ਰਘੁਰਾਇ । ਬਟਖੀਰ ਸੁੰਦਰ ਸੰਪਦੇ ਤਿਨ ਲਏ ਤੁਰਤ ਮੰਗਾਇ। ਬਟਖੀਰ ਕੈ ਕਚ ਕੁੰਚ ਤਾਂਕੀ ਜਟਾ ਲੀਨ ਬਨਾਇ। ਰਾਮ ਲਖਮਣ ਭ੍ਰਾਤ ਕੇ ਤਿਹ ਹੇਰ ਗੁਹ ਬਿਸਮਾਇ ॥ ੫੨ ॥ ਜਲ ਪਾਨਕੇ ਸਹਿ ਸੀਤ ਧਾ ਤ੍ਰਿਣ ਕੁਸ਼ਾ ਪਾਤ ਬਛਾਇ। ਰਚ ਸੇਜ ਲਖਮਣ ਨੈ ਦਈ ਤਹਿ ਸੌ ਰਹੇ ਰਘੁ ਰਾਇ। ਜੈਸੇ ਸੁ ਸੋਵੇਂ ਨਗਰ ਮੈ ਪ੍ਰਯੰਕ ਮਹਲ ਉਦਾਰ । ਤੈਸੇ ਸੁ ਸੋਏ ਸੀਯ ਸੇਂ ਤਰਿ ਜਾਇ ਕਵਿ ਬਲਿਹਾਰ॥ ੫੩ ॥ ਸਵੈਯਾ ॥ ਲਖਮੰਨ ਤਬੈ ਧਨੁ ਲੈ ਕਰਮੈ ਕਰਿ ਬਾਨਿ ਨਿਖੰਗ ਕਸੇ ਕਟਿ ਮਾਹੀਂ। ਦ੍ਰਿਗ ਚਾਰ ਨਿਹਾਰਤ ਚਾਰ ਦਿਸ਼ਾ ਰਘੁ ਬੀਰ ਸੁ ਪਾਲ ਕਰੀ ਨਿਸ ਮਾਹੀਂ । ਗੁਹਸੰਗ ਭਲੇ ਤਿਨਕੇ ਨਿਸਮੈਂ ਪੁਨਿ ਆਪ ਸਰਾਸਨ ਲੈ ਕਰ ਮਾਹੀਂ। ਨਿਧਖੀਰ ਸਵੇਂ ਅਹਿ ਊਪਰ ਜੋ ਸੁਰ ਕਾਜ ਪਰੇ ਗਿਰਜਾ ਧਰ ਮਾਹੀਂ॥ ੫੪॥

ਇਤਿ ਸ੍ਰੀ ਮਤਿ ਅਧਿਆਤਮ ਰਾਮਾਇਣੇ ਉਮਾਂ ਮਹੇਸੁਰ ਸੰ

ਬਾਦੇ ਅਯੁਧਿਆ ਕਾਂਡੇ ਪੰਚਮੋ ਧਿਆਇ ॥ ੫ ॥

ਸ੍ਰੀ ਮਹਾਂਦੇਵ ਉਵਾਚ ॥ ਦੋਹਰਾ ॥

ਗਿਰਜਾ ਰਾਮ ਨਿਹਾਰ ਕੈ ਗੁਹ ਨੈਨੋ ਜਲ ਜਾਇ । ਲਖਮਣ ਕੋ ਤਬ ਬੋਲਿਓ ਪਰਮ ਸੁ ਨਿਮਰ ਭਾਇ ॥ ੧ ॥ ਸੰਕਰ ਛੰਦ ॥ ਭ੍ਰਾਤ ਦੇਖੋ ਰਾਮ ਕੋ ਸਹ ਸੀਯਾ ਸੁੰਦਰ ਸ਼ਾਮ । ਧਰ ਕੁਸ਼ਾ ਪਲਵ ਸੇਜ ਮੈਂ ਅਬ ਰਹੇ ਸੋਇ ਸੁ ਰਾਮ । ਜੋ ਸੋਵਤੇ ਪਰਯੰਕ ਹੇਮ ਸੁ ਭਵਨ ਪਾਟ ਬਿਛਾਇ । ਕੈਕਈ ਕਾਰਣ ਦੂਖਕੋ ਬਿਧਿ ਦਈ ਰਾਮ ਬਨਾਇ ॥ ੨ ॥ ਮੰਥਰਾ ਮਤਿ ਮਾਨ ਕੈਕਈ ਪਾਪ ਤਾਹਿ ਸੁ ਕੀਨ । ਉਮਾ ਸੁਨ ਗੁਹਕ ਮਨੋ ਲਖਮਣ ਪ੍ਰਾਹ ਪ੍ਰਬੀਨ । ਸੁਨਿ ਸਖੇ ਮੇਰੇ ਵਾਕ ਕੋ ਗੁਹ ਆਪਨੇ ਮਨ ਮਾਹਿ । ਸੁਖ ਦੂਖ ਕਾਰਣ ਜਗਤ ਮੈਂ ਸੁਨਿ ਔਰ ਕੋਈ ਨਾਹਿ ॥ ੩ ॥ ਨਿਜ ਕਰਮ ਪੂਰਬ ਜੋ ਕਰੇ ਨਰ ਲਾਇ ਨੀਕੇ ਪ੍ਰੀਤ । ਸੁਖ ਦੂਖ ਕਾਰਣ ਹੋਇਸੋ ਜਗ ਧਾਰ ਮਨ ਮੈ ਮੀਤ । ਸੁਖ ਦੁਖਾਂ ਦਾਤਾ ਔਰ ਕੋ ਯਹਿ ਹੈਂ ਕੁਬੁਧਿ ਅਪਾਰ । ਮੈਂ ਕਰੋਂ ਅਭਿਮਾਨ ਝੂਠੋ ਗਨੇ ਸਗਲ ਵਿਕਾਰ ॥ ੪ ॥ ਸੁਕਰਮ ਸੂਤਰਮੈ ਫਸੇ ਇਕ ਜੰਤ ਜਗ ਮੈ ਆਪ । ਸੁਹਿਰਦ ਮੀਤ ਉਦਾਸ ਬੈਰੀ ਲਏ ਆਪ ਸੁਥਾਪ । ਜੋ ਕਰਮ ਕਰੇ ਸੁ ਜਗਤ ਮੈਂ ਫਲ ਭੋਗ ਹੈ ਪੁਨ ਸੋਇ । ਯਹਿ ਨੇਮ ਨੀਤ ਪਛਾਨੀਏ ਨਹਿ ਅੰਨਥਾ ਯਹਿ ਹੋਇ ॥੫॥ ਚੋਪਈ ॥ ਸੁਖ ਦੁਖ ਯਾ ਜਗ ਭੀਤਰ ਸੋਈ । ਕਰਮ ਅਧੀਨ ਸਦਾ ਨਰ ਹੋਈ । ਜੋ ਜੋ ਫਲ ਆਵੈ ਜਗ ਮਾਹੀਂ । ਭੋਗੇ ਤਾਹਿਂ ਸ੍ਵਸਤ ਮਨ ਮਾਹੀਂ ॥ ੬ ॥ ਭੋਗ ਅਗਮਨ ਵਿ

ਵਰਜਨ ਸੋਈ। ਚਾਹੇ ਨਾ ਮਨ ਭੀਤਰ ਦੋਈ। ਆਗਛਤੁ ਗਛਤਵਾ ਸੋਈ। ਭੋਗ ਵਸਤ ਜਗ ਭੀਤਰ ਹੋਈ॥੭॥ ਦੇਸ਼ ਕਾਲ ਕੀ ਸੰਗਤ ਪਾਇ। ਯਾ ਬਿਧ ਕੇ ਨਰ ਕਰਮ ਕਮਾਇ। ਸੁਭਾ ਸੁਭ ਤਾਂ ਫਲ ਭੋਗੇ ਸੋਈ। ਨਾਂਹਿ ਕਦਾਚਿਤ ਉਲਟੋ ਹੋਈ॥੮॥ ਭਲੋ ਬੁਰੋ ਫਲੁ ਜੋ ਕਛੁ ਹੋਈ। ਹਰਖ ਵਿਖਾਦ ਕਰੇ ਨਹਿ ਕੋਈ। ਬਿਧਾਤਾਨੇਂ ਰਚਿਦੀਨੋਂ ਜੋਈ। ਸੋ ਆਲੰਘ ਸੁਰਾਸੁਰ ਹੋਈ॥੯॥ ਸੂਖ ਦੂਖ ਜਗ ਭੀਤਰ ਭਾਰੇ। ਸਦਾ ਹੋਹਿ ਨਰ ਜਗਤ ਮਝਾਰੇ। ਪੁੰਨ ਪਾਪ ਤੇ ਉਪਜੈ ਦੇਹ। ਸੋਹੈ ਸੁਖ ਅਰ ਦੁਖ ਕੋ ਗੇਹ॥੧੦॥ ਸੂਖ ਅਨੰਤਰ ਹੋਵੇ ਦੂਖ। ਦੂਖ ਅਨੰਤਰ ਹੋਇ ਸੁ ਸੂਖ। ਦੋਨ ਅਲੰਘ ਸਰਬ ਕੋ ਅਹੇ। ਦਿਨ ਰਾਤਰ ਜਿਉ ਨਰ ਉਰ ਗਹੇ॥ ੧੧ ॥ ਸੁਖਕੇ ਬੀਚ ਰਹੇ ਦੁਖ ਮੀਤ। ਦੁਖ ਕੇ ਬੀਚ ਸੁ ਸੁਖ ਧਰ ਚੀਤ। ਦੋਊ ਪਰ ਸਪਰ ਮਿਲੇ ਸੁ ਐਸੇ। ਜਲੁ ਅਰੁ ਪੰਕ ਮਿਲੇ ਜਗ ਜੈਸੇ ॥ ੧੨॥ ਗਿਆਨੀ ਧਰ ਧੀਰਧ ਉਰ ਮਾਹੀਂ। ਇਸ੍ਰ ਅਨਿਸ੍ਰ ਪਾਇ ਜਗ ਮਾਹੀਂ। ਹਰਖ ਵਿਖਾਦ ਨ ਤਾਮੈਂ ਕਰੈ। ਮਾਇਆ ਸਰਬ ਸੁ ਯੋਂ ਮਨ ਧਰੈ॥੧੩॥ ਦੋਹਰਾ ॥ ਗੁਹ ਲਖਮਣ ਇਹ ਭਾਖਤੇ ਭਯੋ ਸੁ ਵਿਮਲ ਅਕਾਸ਼। ਰਾਮ ਸੁਨੀਰ ਸਪਰਸ਼ ਕੈ ਭਏ ਸੁਚੇਤ ਉਦਾਸ॥੧੪॥ ਸ੍ਰੈਯਾ॥ ਰਾਮ ਕਹਿਯੋ ਦ੍ਰਿੜ ਨਾਵ ਅਬੈ ਗੁਹ ਜਾਇ ਲਿਆਵਹੁ ਮੀਤ ਹਮਾਰੇ। ਜਾਵਹਿੰ ਬੇਗ ਸੁ ਪ੍ਰਾਤ ਭਯੋ ਚੜ ਨਾਵ ਭਲੀ ਬਿਧਿ ਗੰਗ ਸੁ ਪਾਰੇ। ਸੁਨਿ ਰਾਮਕੇ ਵਾਕ ਨਿਖਾਦ ਪ੍ਰਤੀ ਚਲਿ ਆਪਗਏ ਨ ਲਗੀ

ਕਛੁ ਬਾਰੇ। ਸੁਭ ਲੱਖਣ ਨਾਵ ਸੁ ਬੀਨ ਲਈ ਤਹਿੰ ਲੈ ਪਹੁੰਤੇ ਜਹਿ ਰਾਮ ਮੁਰਾਰੇ॥ ੧੫ ॥ ਮਮ ਨਾਥ ਸੁ ਸਾਨੁਜ ਸੀਯ ਸਮੇਤ ਸੁ ਆਪ ਚੜ੍ਹੋ ਇਹ ਨਾਵ ਸੁ ਆਈ। ਅਬ ਆਪ ਚਲਾਵਤ ਹੈ ਬਿਧ ਸੋਂ ਪੁਨਿ ਔਰ ਚਲਾਵਹਿੰਗੇ ਮਮ ਭਾਈ। ਗੁਹ ਰਾਮ ਤਬੈਤਿ ਬਖਾਨ ਤਬੀ ਭੁਜ ਥਾਂਭ ਸੁ ਜਾਨਕੀ ਆਪ ਚਢਾਈ। ਗੁਹ ਹਾਥ ਅਲੰਬਨ ਕੈ ਗਿਰਜਾ ਪੁਨਿ ਆਂਚਤ ਨਾਵ ਚੜ੍ਹੇ ਰਘੁਰਾਈ॥੧੬॥ ਸਭ ਆਯੁਧ ਲੈ ਅਪੁਨੇ ਕਰਮੈਂ ਪੁਨਿ ਨਾਵ ਚੜੇ ਰਘੁਬੀਰਕੇ ਭਾਈ। ਗੁਹ ਜਾਤਿ ਸਮੇਤ ਸੁ ਨਾਵ ਵਹੀ ਅਤਿ ਪਾਵਨ ਨੀਰ ਮੈਂ ਬੇਗ ਚਲਾਈ। ਕਰ ਜੋਰ ਕਰੀ ਬਿਨਤੀ ਤਬ ਸੀ ਅਧਬੀਚ ਜਬੈ ਚਲ ਨਾਵ ਸੁਆਈ। ਅਭਿ ਬੰਦਨ ਤੇ ਪਦ ਪੰਕਜ ਕੋ ਸੁਨਿ ਗੰਗ ਭਲੇ ਬਿਨਤੀ ਮਮ ਮਾਈ॥ ੧੭ ॥ ਦੋਹਰਾ ॥ ਬਨੋਬਾਸਤੇ ਮੈ ਜਬੀ ਆਵੋਂਗੀ ਘਰ ਮਾਂਹਿ। ਰਾਮ ਲਖਨ ਕੇ ਸੰਗ ਪੁਨ ਪੂਜੋਂਗੀ ਤਵ ਪਾਇ॥ ੧੮ ॥ ਸੁਰਾ ਮਾਸ ਉਪਹਾਰ ਕੈ ਨਾਨਾ ਭਲੀ ਅਪਾਰ। ਪੂਜੋਂਗੀ ਮੈਂ ਗੰਗਤਟ ਪਰਮ ਸੁ ਆਦਰ ਧਾਰ॥੧੯॥ ਯਾ ਬਿਧ ਭਾਖ੍ਯੋ ਜਾਨਕੀ ਗਏ ਸੁ ਪਰਤਵ ਮਾਹਿੰ। ਪਾਵਨ ਕਰੇ ਸੁ ਭੂਮ ਪਦ ਸਨੇ ਸਨੇ ਪਥ ਜਾਹਿੰ॥ ੨੦॥ ਗੁਹ ਰਘੁਪਤਿ ਪ੍ਰਤਿ ਭਾਖਿਯੋ ਸੰਗ ਚਲੋਂ ਸ੍ਰੀ ਰਾਮ। ਆਗਯਾ ਮੋਕੋ ਦੀਜੀਏ ਰਾਜਿੰਦਰ ਰਘੁਰਾਮ॥੨੧॥ਵੇਹੁ ਨ ਆਇਸ ਰਾਮ ਜਬ ਤਜੋਂ ਪ੍ਰਾਣ ਸੁਖ ਦੈਨ। ਸੁਨਿ ਨਿਖਾਧ ਕੇ ਬਚਨ ਯਹ ਬੋਲੇ ਕਰੁਣਾਂ ਐਨ॥ ੨੨॥ ਸਵੈਯਾ॥ ਘਰ ਬੀਰ ਰਹੋ ਸੁ

ਨਿਖਾਦ ਪਤੀ ਮਮ ਆਵਨਪੰਥ ਸੁ ਨੀਤ ਨਿਹਾਰੋ। ਦਸਚਾਰ ਸਮਾ ਬਸ ਦੰਡਕ ਮੈਂ ਪੁਨਿ ਆਵਹੁ ਬੇਗ ਸੁ ਮੈ ਉਰਧਾਰੋ। ਨਹਿ ਰਾਮ ਸੁ ਝੂਠ ਬਖਾਨਤ ਹੈ ਯਹਿ ਸੱਤ ਭਲੇ ਉਰ ਮਾਹਿ ਬਿਚਾਰੋ। ਇਮ ਭਾਖ ਸੁ ਰਾਮ ਮਿਲੇ ਗਲ ਮੈ ਧਰਧੀਰਸਖੇ ਨਹਿ ਫੇਰ ਉਚਾਰੋ॥੨੩॥ ਇਹ ਭਾਂਤਿ ਬਖਾਨ ਹਟਾਇ ਦਏ ਗੁਹ ਸੋ ਦੁਖ ਸੋਂ ਘਰ ਮਾਹਿੰ ਗਏ। ਤਿੰਹ ਠੌਰ ਬਿਖੈ ਮ੍ਰਿਗ ਪਾਵਨ ਏਕ ਸੁ ਰਾਮ ਸਰਾਸਨਤਾਂਨ ਹਏ। ਬਨ ਪਾਵਕਮਾਹਿੰ ਪਕਾਇ ਤਿਨੈਂ ਪੁਨਿ ਦੇਵਨਕੇ ਹਿਤ ਹੋਮਕਏ। ਕਰ ਭੋਜਨ ਸੇਖ ਸੁ ਤੀਨ ਜਨੇ ਤਰ ਮੂਲ ਸੁਖੀ ਨਿਸ ਕਾਲ ਨਏ॥੨੪॥ ॥ ਦੋਹਰਾ ॥ ਲਖਮਨ ਰਾਮ ਸੁ ਜਾਨਕੀ ਗਹਿਬਰ ਬਨਕੇ ਰਾਸ। ਭਾਰਦ੍ਵਾਜ ਆਸ੍ਰਮ ਗਏ ਬਾਹਰ ਖਰੇ ਸੁਪਾਸ॥ ੨੫॥ ਤਹਿ ਇਕ ਬਟੂ ਨਿਹਾਰਕੈ ਰਾਮ ਕਹਯੋ ਬਟ ਬਾਲ ॥ ਦਾਸਰਥੀ ਇਕ ਰਾਮ ਹੈ ਸੀਤਾ ਲਖਮਣ ਨਾਲ ॥ ੨੬ ॥ ਬਾਹਰ ਬਨਕੇ ਹੈਂ ਖੜੇ ਜਾਇ ਕਹਜੋ ਮੁਨਿ ਪਾਸ। ਸੁਨਿ ਰਘੁਵਰ ਕੀ ਬਾਤ ਕੋ ਬਟ ਉਰ ਭਯੋ ਹੁਲਾਸ ॥ ੨੭ ॥ ਬੇਗ ਗਯੋ ਮੁਨਿ ਪਾਸ ਵਹੁ ਪਦ ਬੰਦੇ ਅਭਿਰਾਮ । ਸੁਆਮਨਿ ਬਾਹਰ ਹੈਂ ਖਰੇ ਲਖਮਨ ਸੀਤਾ ਰਾਮ ॥ ੨੮ ॥ ਮੋ ਪ੍ਰਤਿ ਤਾਹਿੰਬਖਾਨਿਯੋ ਹੇ ਬਟੁ ਬੇਗ ਸੁ ਜਾਇ। ਭਾਰ ਦ੍ਵਾਜ ਮੁਨਿ ਪਾਸ ਤੂੰ ਮਮ ਬਿਰਤਾਂਤ ਸੁਨਾਇ ॥ ੨੯ ॥ ਸਵੈਯਾ ॥ ਸੁਨਿ ਕੈ ਯਹਿ ਬਾਤ ਮੁਨੀਸ਼ ਗੁਨੀ ਉਠਿ ਆਸਨ ਤੇ ਹਰਿ ਕੀ ਢਿਗ ਆਏ। ਮੁਨਿ ਰਾਮ ਨਿਹਾਰ ਸੁ ਪੂਜਨ ਕੈ ਉਠ ਪ੍ਰੇਮ

ਰਾਮ ਬਿਠਾਇ ਸੁ ਆਸਨ ਮਾਹੀਂ। ਫਲ ਮੂਲ ਖਵਾਇ ਭੋਜਨ ਜੁ ਸੁਭ ਜੋ ਨਿਪਜੇ ਅਪਨੇ ਬਨ ਮਾਹੀਂ। ਸਸਿ ਆਨਨ ਰਾਮ ਇਕੰਤ ਜਬੈ ਪੁਨਿ ਬੈਠ ਰਹੇ ਸੁਖ ਆਸਨ ਮਾਹੀਂ॥ ੧੫ ॥ ਕਰ ਜੋਰ ਰਿਖੀਸ਼ਰ ਏਹੁ ਕਹੀ ਭਵ ਆਵਨ ਕੀ ਨਿਤ ਬਾਟ ਨਿਹਾਰੋਂ। ਚਤੁਰਾਨਨ ਖੀਰ ਨਿਧੀ ਬਿਨਤੀ ਦਿਨ ਜਾਂਹਿ ਕਰੀ ਵਹਿ ਨੀਤ ਚਿਤਾਰੋਂ। ਧਰ ਭਾਰ ਨਿਵਾਰਨ ਕੋ ਉਰ ਮੈਂ ਪੁਨਿ ਰਾਵਨ ਕੋ ਬਧ ਨੀਤਿ ਬਿਚਾਰੋਂ। ਇਹ ਕਾਜ ਦੂਊ ਹਰਿ ਆਵਹਿੰਗੇ ਮਨ ਆਇਸ ਹੈ ਹਰਿ ਰੂਪ ਨਿਹਾਰੋਂ ॥ ੧੬ ॥ ਚੌਪਈ ॥ ਮੈਂ ਤਪ ਇਹਾਂ ਸੁ ਕੀਓ ਨਿਰੰਤਰ। ਮਨ ਸਮੇਤ ਨਹਿ ਪਾਯੋ ਅੰਤਰ। ਤੇਰੋ ਚਿੰਤਨ ਮੈਂ ਉਰ ਕੀਨੋਂ। ਤਬ ਕਰੁਨਾਂ ਕਰ ਦਰਸ਼ਨ ਦੀਨੋਂ ॥੧੭॥ ਸ੍ਰਿਸ਼ਟ ਪ੍ਰਾਕ ਤੂ ਹੈਂ ਇਕ ਆਹੀਂ। ਨਿਰਵਿਕਲਪ ਉਪਾਧਿ ਸੁਨਾਹੀਂ। ਮਾਯਾ ਸ਼ਕਤਿ ਸੁ ਤੋਹਿ ਕਹੀਜੇ। ਭਵ ਆਸ਼੍ਰੇ ਪੁਨਿ ਤੋਹਿ ਵਿਖੀਜੇ ॥ ੧੮ ॥ ਤੂੰ ਨਿਰਗੁਣ ਤੋਕੋ ਸੁ ਅਵਰੇ। ਯਦਾ ਸ਼ਕਤਿ ਤਬ ਨਾਮ ਸੁ ਪਰੇ। ਕੇਚਿਤ ਅਬਜਾ ਕ੍ਰਿਤ ਬਖਾਨੇ। ਮੂਲ ਪ੍ਰਕਿਰਤ ਔਰ ਪੁਨ ਠਾਨੇ ॥ ੧੯ ॥ ਕੇਚਿਤ ਕਹੇ ਸੁ ਮਾਯਾ ਨਾਮ। ਕੇ ਸੰਸ੍ਰਿਤ ਕੇ ਬੰਧਨ ਧਾਮ। ਯਾ ਬਿਧ ਬਹੁਤੇ ਨਾਮ ਬਖਾਨੈ। ਬਿਨ ਬਿਬੇਕ ਨਾ ਹੋਇ ਸੁ ਹਾਨੈ ॥੨੦॥ ਤੁਹੀਂ ਕਰੇ ਸੰਖੋਭਨ ਜਬਹੀਂ। ਮਹਤੱਤ ਉਪਾਵੇ ਮਾਯਾ ਤਬ ਹੀਂ। ਤਾਂਤੇ ਜਨੇ ਸੁ ਪੁਨਿ ਹੰਕਾਰ। ਤੀਨ ਪ੍ਰਕਾਰ ਸੁ ਕਰੇ ਉਚਾਰ ॥੨੧॥ ਸਵੈਯਾ ॥ ਸਾਂਤਕ ਰਾਜਸ ਤਾਮਸ ਔ ਜਗ ਭੀਤਰ ਵੈ ਪ੍ਰ-

ਨਿ ਨਾਮ ਕਹਾਏ। ਤਾਮਸ ਤੇ ਤਨ ਮਾਤਰ ਔ ਤਨ ਮਾਤ੍ਰ ਤੇ ਮਹ ਭੂਤ ਉਪਾਏ। ਰਾਜਸ ਤੇ ਸਭ ਇੰਦ੍ਰ ਰਚੇ ਪੁਨਿ ਸਾਂਤਕ ਤੇ ਸਭ ਦੇਵ ਬਨਾਏ। ਲਿੰਗ ਮਈ ਤਨੁ ਸੂਤ੍ਰ ਕਹੇ ਤਿਨ ਮੇਲਨਤੇ ਪੁਨਿ ਏਹੁ ਬਨਾਏ ॥ ੨੨ ॥ ਚੌਪਈ ॥ ਅਸਥੂਲ ਭੂਤ ਤੇ ਛਯੋ ਵਿਰਾਟ। ਤਾਂਤੇ ਥਾਵਰ ਜੰਗਮ ਥਾਟ। ਦੇਵ ਤ੍ਰਿਯਕ ਪੁਨਿ ਮਾਨੁਖ ਕਰੇ। ਕਾਲ ਕਰਮ ਕੇ ਹੋਇ ਅਨੁਸਰੇ ॥ ੨੩ ॥ ਤੂੰ ਰਜ ਗੁਣ ਤੇ ਬ੍ਰਹਮਾਂ ਭਯੋ। ਨਿਖਲ ਜਗਤ ਪੁਨਿ ਜਾ ਨਿਰਮਯੋ। ਸ਼ਾਂਤਕ ਤੇ ਤੁਮ ਬਿਸ਼ਨ ਕਹੀਜੇ। ਨਿਖਲ ਜਗਤ ਕੋ ਪਾਲਨ ਕੀਜੇ ॥ ੨੪ ॥ ਰੁਦ੍ਰ ਤੁਹੀ ਸੋ ਤਮ ਅਨੁਸਾਰ। ਨਿਖਲ ਜਗਤ ਕੋ ਕਰੇ ਸੰਹਾਰ। ਜਾਗ੍ਰਤ ਸੁਪਨ ਸਖੋਪਤਿ ਜੇਤੀ। ਬੁਧ ਬ੍ਰਿਤਿ ਗੁਣ ਕੀਨੀ ਤੇਤੀ ॥ ੨੫ ॥ ਤਾਂਹਿ ਵਿਲੱਖਣ ਤੂੰ ਜਗ ਸਾਖੀ। ਚਿਤ ਅਬਿਨਾਸ਼ੀ ਬੇਦ ਸੁ ਸਾਖੀ। ਉਰ ਮੈਂ ਸ੍ਰਿਸ਼੍ਰ ਕਰਜੋ ਜਬ ਚਹੈਂ। ਤੂੰ ਰਘੁਨੰ-ਦਨ ਮਾਯਾ ਗਹੈ ॥ ੨੬ ॥ ਗੁਣਵਾਨਨ ਇਵ ਤਬ ਤੂੰ ਭਾਸੈਂ। ਸਿਮਰਨ ਤੇ ਜਨਕੇ ਅਘ ਨਾਸੇ। ਦੋ ਬਿਧ ਕੀ ਮਾਯਾ ਵਡ ਭਾਗਾ। ਵਿਦਜਾਵਿਦਜਾ ਤਾਹਿ ਵਿਭਾਗਾ ॥ ੨੭ ॥ ਪ੍ਰਵਿਰਤ ਪੰਥ ਮੈ ਵਰਤੇ ਜੇਈ। ਭਏ ਅਵਿੱਦਜਾ ਵਸ ਪੁਨਿ ਤੇਈ। ਨਿਵਿਰਤ ਪੰਥਕੋ ਜੋ ਅਨੁਸਰੇਂ। ਅਰਥਬਿਦਾਂਤਵਿਚਾਰਨਕਰੇਂ ॥ ੨੮ ॥ ਤੇਰੀ ਭਗਤਿ ਨਿਰਤ ਜਨ ਜੇਈ। ਵਿੱਦਜਾ ਮੈ ਭਾਖੇ ਪੁਨਿ ਤੇਈ। ਵਿੱਦਜਾ ਕੇ ਜੇਈ ਅਨੁਸਾਰੀ। ਤੇਈ ਹੈਂ ਭਵਮੈ ਸੰਸਾਰੀ ॥ ੨੯ ॥ ਵਿਦਜਾ ਭਿਆਸ ਕਰੇ ਜਨ ਜੇਈ

। ਮੁਕਤ ਭਇਏ ਭਵ ਭੀਤਰ ਤੇਈ । ਤੇਰੇ ਭਗਤ ਸੁ ਜੇ ਜਗ ਅੰਤਰ । ਜਪੇਂ ਨਿਰੰਤਰ ਤੇਰੋ ਮੰਤਰ॥ ੩੦॥ ਵਿਦਜਾ ਪ੍ਰਗਟ ਸੁ ਤਿਨ ਕੋ ਹੋਈ। ਇਤਰ ਕਦਾਚਿਤ ਲਹੇ ਨ ਕੋਈ । ਤਾਂਤੇ ਜਿਨ ਤਵ ਭਗਤ ਸੁ ਗਹੀ । ਮੁਕਤਿ ਤਿਨੇਂ ਭਵ ਤੀਤਰ ਲਹੀ ॥ ੩੧ ॥ ਵੇਮੁਖ ਜੇ ਤਵ ਭਗਤਿ ਰਸਾਇਨ ॥ ਤਿਨ ਕੋ ਮੁਕਤਿ ਨ ਕਰਨਾਂ ਆਇਨ । ਰਾਮ ਬਹੁਤ ਅਬ ਕਾਹਿ ਬਖਾਨੋ । ਕਿੰਚਤ ਸਾਰ ਕਰੋਂ ਅਬ ਭਾਨੋਂ ॥ ੩੨ ॥ ਸੰਤਨ ਕੀ ਸੰਗਤ ਹੈ ਜੋਈ । ਮੁਕਤ ਹੇਤ ਭਵ ਰਾਖੀ ਸੋਈ । ਸਮ ਦ੍ਰਿਸ਼ਟੀ ਨਿਰ ਬਾਸੀ ਜੋਈ । ਸੰਤ ਕਹੀਜੇ ਯਾ ਭਵ ਤੇਈ ॥ ੩੩ ॥ ਸ਼ਾਂਤਿ ਦਾਇ ਤਵ ਭਗਤਿ ਸੁ ਧਾਰੇ। ਉਰਕੀ ਕਾਮ ਨ ਸਗਲ ਨਿਵਾਰੇ। ਇਸ੍ਰ ਅਨੁਸ਼ਟ ਪਾਇ ਜਗ ਮਾਹੀਂ । । ਹਰਖ ਵਿਖਾਦ ਭਜੇ ਉਰ ਨਾਹੀਂ ॥ ੩੪ ॥ ਸਬ ਕਰਮਨ ਕੋ ਕਰ ਸੰਨਜਾਸ। ਸਦਾ ਨਿਰੰਤਰ ਬ੍ਰਹਮਾ ਭਜਾਸ। ਸਮ ਦਮਾਦ ਗੁਣ ਉਰ ਮੈ ਧਰੇਂ। ਸਦਾ ਤੁਸ਼ਟ ਨਾ ਚਿੰਤਾ ਕਰੇਂ ॥ ੩੫ ॥ ਤਿਨਕੋ ਸੰਗ ਸੁ ਹੋਵੇ ਜਬਹੀਂ । ਕਥਾ ਸ੍ਰਵਣ ਤੇ ਰੁਚ ਜਨ ਤਬਹੀਂ । ਉਪਜੇ ਭਗਤ ਸੁ ਥਾਰੇ ਮਾਹੀਂ। ਤੁਹੀ ਸਨਾਤਨ ਯਾ ਜਗ ਮਾਹੀਂ ॥ ੩੬ ॥ ਤੇਰੀ ਭਗਤ ਵੰਤ ਜਨ ਜੋਈ। ਗਜਾਨ ਵਿਪੁਲ ਪਾਵੇ ਪੁਨਿ ਤੇਈ। ਮੋਖ ਪੰਥ ਯਹਿ ਆਹਿ ਨਿਰੰਤਰ। ਕੋਵਿਦ ਭਜੇ ਨ ਪਾਵੇਂ ਅੰਤਰ ॥ ੩੭ ॥ ਤਾਂਤੇ ਰਾਮ ਭਗਤਿ ਯਹ ਥਾਰੀ । ਪ੍ਰੇਮ ਲਖਮਣਾਂ ਮੋਹ ਮੁਰਾ ਰੀ । ਹੋਇ ਸਦਾ ਤਵ ਭਗਤਨ ਸੰਗਾ । ਕਰੇ ਨਿਰੰਤਰ ਜੋ

ਭਵ ਭੰਗਾ ॥ ੩੭ ॥ ਆਜ ਜਨਮ ਮੇਂ ਸੁਫਲ ਸੁ ਰਾਮ। ਤੋਹਿ ਪਿਖੇ ਹਰਿ ਪੂਰਣ ਧਾਮ। ਆਜ ਸਫਲ ਮਮ ਭਯੋ ਸੁ ਯਾਗਾ। ਤੋਹਿ ਪਿਖੋ ਹਰਿ ਮੈਂ ਵਡਭਾਗਾ ॥ ੩੯ ॥ ਦੀਰਘ ਕਾਲ ਸੁ ਮੈ ਤਪ ਕੀਨੋਂ। ਤੋਹਿ ਬਿਖੇ ਮਨ ਆਨਨ ਦੀਨੋਂ। ਤਾਂਕੇ ਫਲ ਮੈ ਆਜੁ ਸੁ ਪਾਇਏ। ਤੇ ਪਦ ਪੰਕਜ ਵਾਰ ਕਢਾਇ ॥ ੪੦ ॥ ਰਾਘਵ ਸੀਯ ਸਮੇਤ ਦਯਾਲ ॥ ਮੇ ਉਰ ਮੰਦਰ ਬਸੇ ਬਿਸਾਲ। ਊਠਤ ਬੈਠਤ ਚਲੇ ਨਿਰੰਤਰ। ਤੋ ਸਿਮ੍ਰਤ ਮਮ ਪਰੇ ਨ ਅੰਤਰ ॥ ੪੧ ॥ ਮਦਰ ਛੰਦ ॥ ਇਹ ਭਾਂਤਿ ਉਮਾਂ ਸੁ ਅਗਸਤ ਮੁਨੀ ਮੁਖ ਰਾਘਵ ਕੀ ਅਤਿ ਭਾਖ ਬਡਾਈ ॥ ਚਾਂਪ ਨਿਖੰਗ ਦਯੋ ਹਰਿ ਕੋ ਘਰ ਭੀਤਰ ਨਿਆਸ ਧਰੇ ਸੁਰ ਰਾਈ॥ ਰਾਮ ਜਰਾਉ ਸੁ ਖੱਗ ਦਏ ਭੂ ਤਾਰ ਹਨੋਂ ਤੁਮ ਰਾਖਸ਼ ਰਾਈ। ਜਾਂ ਹਿਤ ਤੈਂ ਅਵਤਾਰ ਲਏ ਮਨੁਜਾ ਕ੍ਰਿਤ ਕੀ ਭਵ ਦੇਹ ਬਨਾਈ ॥ ੪੨ ॥ ਸਵੈਯਾ ॥ ਜੋਜਨ ਦੋ ਇਤ ਤੇ ਸੁਨਿ ਰਾਮ ਸੁ ਪਾਵਨ ਕਾਨਨ ਜਾਹਿ ਮਝਾਰੀ। ਹੈ ਇਕ ਪੰਚ ਬਟੀ ਇਸਥਾਨ ਸੁ ਗੋਤਮ ਕੇ ਗ੍ਰਹ ਮਾਹਿ ਮੁਰਾਰੀ। ਆਸ਼੍ਰਮ ਤਾਂ ਤੁਮ ਬਾਸ ਕਰੋ ਸਹ ਭ੍ਰਾਤ ਸਮੇਤ ਬਿਦੇਹ ਕੁਮਾਰੀ। ਦੇਵਨ ਕੇ ਸੁਭ ਕਾਜ ਤਹਾਂ ਬਸ ਆਪ ਕਰੋ ਤੁਮ ਰਾਮ ਉਦਾਰੀ ॥ ੪੩ ॥ ਨਰਾਜ ਛੰਦ ॥ ਅਗਸਤ ਭਾਖਤੇ ਵਰੋ ਸੁਨੋਂ ਸਤੋਤ੍ਰ ਉਤਮਾਂ। ਮੁਨੀਸ਼ ਭਾਖਕੈ ਚਲੇ ਉਮਾ ਸੁ ਵੈ ਰਘੂਤਮਾ॥ ਅਗਸਤ ਪੰਥ ਜੋ ਕਹੇ ਸੁ ਜਾਹਿ ਤਾਹਿ ਮੈਂ ਚਲੇ। ਸੁਮਸਤ ਪੰਥ ਆਪ ਹੀਂ ਸੁ ਜਾਨ ਹੈ ਉਮਾਂ ਭੁਲੇ ॥ ੪੪ ॥

ਇਤਿ ਸ੍ਰੀ ਮਤਿ ਅਧਯਾਤਮਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਆਰੰਨ ਕਾਂਡੇ ਤ੍ਰਿਤੀਯੋਧਯਾਇ॥ ੩ ॥

---

॥ ਸ੍ਰੀ ਮਹਾ ਦੇਵ ਉਵਾਚ ॥ ਅਨੰਗ ਸੇਖਰ ਛੰਦ ॥

ਸੁਜਾਹਿੰ ਰਾਮ ਪੰਥਮੈਂ ਸੁ ਸੈਲ ਸ੍ਰਿੰਗਕੇ ਸਮੰ ਜਟਾਯੁ ਪੱਥਰਾ ਇਕੋ ਸੁ ਰਾਮਜੀ ਨਿਹਾਰਕੈ । ਕਿ ਆਹਿਚੰਭੌ ਹੋਇਕੈ ਕੁਵੰਡ ਆਨ ਭ੍ਰਾਤਜੂ ਸੁ ਰਾਖਸ਼ੋ ਨਿਹਾਰਿਯੋ ਕਹਯੋ ਹਰੀ ਪੁਕਾਰਿਕੈ॥ ਇਸੇ ਬਖਾਨ ਲਖਮਣੰ ਕਹਯੋ ਹਨੋ ਸੁ ਯਾਹਿਕੋ ਰਖੀਸ਼ ਦੰਡਕਾ ਬਨੈਂ ਭਖੇ ਇਨੇ ਸੁ ਮਾਰਕੇ। ਸੁਨੇ ਜਟਾਯੁ ਕਾਨ ਮੈਂ ਸੁ ਰਾਮ ਵਾਕ ਯੋਂ ਕਹੇ ਭਯੋ ਸੁ ਭੀਤ ਚਿੱਤਮੈਂ ਕਹੇ ਸੁ ਤਾਂ ਉਚਾਰਕੈ ॥ ੧ ॥ ਸੁਰਾਮ ਮੋਹਿ ਨਾ ਹਨੋ ਸਖਾ ਸੁ ਤੋਹਿ ਤਾਤ ਕੋ ਜਟਾਯੁ ਨਾਮ ਮੇ ਕਹੇ ਸੁ ਗੀਝ ਮੋ ਪਛਾਨੀਯੇ। ਬਸੇ ਗੁ ਪੰਚ ਬੱਟਕਾ ਕਰੋ ਜੁ ਕਾਜੁ ਥਾਰਿਯਾ ਕਮਾਨਬਾਨ ਕਿਯੋਂ ਧਰੋ ਕਰੋ ਨ ਪ੍ਰਾਨ ਹਾਨੀਯੇ । ਸ਼ਿਕਾਰਕੋ ਸੁ ਜਾਹੁ ਜੋ ਕਬੀ ਸਮੇਤ ਲਖਮਣਾਂ ਸੁ ਸੀਯ ਪ੍ਰਾਣ ਪਾਣ ਲੌ ਸੁ ਰੱਛ ਮੋਹਿ ਠਾਨੀਯੇ। ਉਮਾਂ ਸੁ ਗੀਝ ਬਾਕਕੋ ਸੁਨੇ ਰਘੂਤਮਾਂ ਜਬੈ ਸਨੇਹ ਵਾਕ ਯੋਂ ਕਹੇ ਕਹੋ ਸੁਗੀਝ ਮਾਨੀਯੇ ॥ ੨ ॥ ਸ੍ਵੈਯਾ ॥ ਇਹ ਬਾਸੁ ਕਰੋ ਸੁ ਜਟਾਯੁ ਭਲੇ ਬਨ ਭੀਤਰ ਹੂ ਹਮਕੇ ਨਿਕਟਾਈ । ਇਮ ਭਾਖ ਗਏ ਪੁਨਿ ਪੰਚ ਬਟੀ ਸੁ ਉਮਾਂ ਗਲ ਮਾਹਿੰ ਜਟਾਯੁ ਲਗਾਈ । ਸਹ ਸੀਯ ਸਮੇਤ ਭਰਾਤ ਗਏ ਰਘੁਵੰਸ ਮਣੀ ਗਿਰਜਾ ਰਘੁਰਾਈ ॥ ਸੁਭ ਪੰਚਬਟੀ ਸੁ ਗੁਦਾਵਰ

ਤੀਰ ਕਰੇ ਨਿਜ ਮੰਦਰ ਵਾਸ ਬਨਾਈ ॥ ੩ ॥ ਚੌਪਈ ॥
ਤਾਹਿ ਨਦੀ ਉਤ੍ਰ ਤਟ ਮਾਹੀਂ । ਤੀਨੋਂ ਵਸੁ ਭਏ ਬਨ ਮਾਹੀਂ ।
ਜਾਂਹਿ ਸ੍ਰੀ ਪਿਖ ਨੰਦਨ ਲਾਜੇ । ਰਾਮ ਰਮਾਂ ਪਤਿ ਤਹਾਂ ਬਿਰਾਜੇ
॥੪॥ ਤੋਟਕ ਛੰਦ ॥ ਘਨ ਛਾਹਿ ਕਦੰਬਸੁ ਜਾਹਿ ਘਨੇ । ਪਨਸਾ
ਕਦਲੀ ਸਫਲਾਹਿ ਬਨੇ । ਘਨ ਆਂਬ ਸਮਾਂਕੁਲ ਦੇਸ ਭਏ
। ਸਭ ਕਾਲਹਿਕੇ ਫਲ ਜਾਹਿਂ ਨਏ ॥ ੫ ॥ ਅਤਿਆਹਿਇਕੰਤ
ਸੁ ਰੋਗ ਨਹੀਂ । ਜਨਕਾ ਤਨਜਾ ਲਖਮੰਨ ਸਹੀ । ਤਹਿ ਰਾਮ
ਸੁ ਵਾਸ ਸੁਖੇਨ ਕਰੇ । ਸੁਰਲੋਕ ਸੁਰੇਸ਼ ਸਮਾਂਨ ਵਹੇ ॥ ੬ ॥
ਫਲ ਮੂਲ ਲਿਆਵਤ ਭ੍ਰਾਤ ਬਨੀ । ਰਘੁਬੀਰ ਸੀਯਾ ਪਦਸੇਵ
ਮਨੀ । ਧਨੁ ਬਾਨ ਨਿਖੰਗ ਸੁ ਧਾਰ ਵਰੀ । ਨਿਸ ਮਾਹਿਂ ਕਰੇ
ਅਤਿ ਜਾਗਰਣੰ ॥ ੭ ॥ ਨਿਤ ਨ੍ਹਾਇ ਗੁਦਾਵਰੀ ਨੀਰ ਭਲੇ ।
ਪਥ ਦੋਨਹੁ ਬੀਚ ਸੁ ਸੀਯ ਚਲੇ । ਲਘੁ ਭ੍ਰਾਤ ਗੁਦਾਵਰੀ ਨੀਰ
ਅਨੇਂ । ਕਰ ਪ੍ਰੇਮ ਸੁ ਸੇਵਤ ਪਾਦ ਤਿਨੇਂ ॥ ੮ ॥ ਚੌਪਈ ॥
ਏਕ ਸਮੇਂ ਸ੍ਰੀ ਲਖਮਨ ਨਾਮਾਂ । ਜਾਇ ਇਕੰਤ ਜਹਾਂ ਸ੍ਰੀ ਰਾਮਾਂ
। ਵਿਨੈ ਵੰਤ ਜੋਰੇ ਤਿਨ ਹਾਥ । ਪੂਛਤ ਭਯੋ ਉਮਾ ਰਘੁਨਾਥ
॥੯॥ ਭਗਵਨ ਮੋਖ ਗਤੀ ਹੈ ਜੋਈ ॥ ਤੁਮਤੈ ਸੁਨਜੋ ਚਹੋਂ ਮੈਂ
ਸੋਈ । ਕਮਲ ਨੈਨ ਤੁਮ ਕਰੋ ਬਖਾਨ । ਗਜਾਨ ਸੈਹਤ ਜੋਈ
ਹੈ ਗਜਾਨ ॥ ੧੦ ॥ ਭਗਤਿ ਸਹਿਤ ਅਤਿ ਦ੍ਰਿਢ ਬੈਰਾਗ । ਮੋ
ਪ੍ਰਤਿ ਕਹੋ ਸੁ ਤੁਮ ਵਡਭਾਗ । ਤੁਮ ਬਿਨ ਵਕਤਾ ਔਰ ਜੁ ਹੋਈ
। ਭੂਤਲ ਮਾਂਹਿ ਪਿਖੋਂ ਨਹਿ ਕੋਈ ॥ ੧੧ ॥ ਸ੍ਰੀ ਰਾਮੋ ਵਾਚ
॥ ਅਹੋ ਭ੍ਰਾਤ ਨੀਕੇ ਸੁਨਿਲੀਜੇ । ਗੋਪਨ ਤੇ ਅਤਿ ਗੋਪ ਕਹੀਜੇ

। ਜਾਹਿ ਗਯਾਨ ਕੋ ਨਰ ਪਹਿਚਾਨੇ । ਕਰੇਂ ਸਗਲ ਨਿਜ ਬੰਧਨ ਹਾਨੇਂ ॥ ੧੨॥ ਪ੍ਰਿਥਮੈਂ ਕਹੇ ਸੁ ਮਾਯਾ ਰੂਪ ॥ ਬਹੁਰ ਗਯਾਨ ਕੈ ਹੇਤ ਅਨੂਪ । ਬਹੁਰੋ ਗਯਾਨ ਸਹਿਤ ਵਿਗਯਾਨ ।ਬਹੁਰ ਪਰਾਤਮ ਕਰੋਂ ਬਖਾਨ ॥੧੩ ॥ ਜਾਕੇ ਜਾਂਨ ਮਿਟੇ ਭਯ ਭਾਰੋ ॥ ਯਹ ਲਖਮਣ ਉਰ ਅੰਤਰ ਧਾਰੋ। ਅਨਾਤਮ ਤਨ ਮੈਂ ਆਤਮ ਗਯਾਨ । ਯਹੀ ਸੁ ਮਾਯਾ ਕਰੀ ਬਖਾਨ ॥ ੧੪ ॥ ਤਾਂਹੀ ਕਰ ਹੋਵੈ ਸੰਸਾਰ । ਤਾਂਕੇ ਰੂਪ ਸੁ ਦੁਇ ਉਰ ਧਾਰ । ਵਿਖੇ ਪਾਵਨ ਦੋਨੋਂ ਪਹਿਚਾਨ । ਵਿਖੇਪਤ ਸੁਕਲਪੇ ਜਗਤ ਮਹਾਨ ॥ ੧੫॥ਲਿੰਗਾਦਿਕ ਜਗਤ ਹੈਂ ਜੇਤੇ । ਸੂਖਮ ਥੂਲਰਚੇਤਿਨਤੇਤੇ । ਦੂਸਰ ਗਯਾਨ ਰੂਪ ਆਵਰਿਓ । ਆਤਮ ਮਾਹਿ ਸੁ ਬੰਧਨ ਕਰਿਓ ॥ ੧੬ ॥ ਰਜੁ ਭੁਜੰਗ ਭ੍ਰਾਤ ਕਰ ਜੈਸੇ । ਕੀਏ ਬੀਚਾਰ ਰਹੇ ਨਹਿ ਤੈਸੇ । ਕਾਨ ਨੈਨ ਮਨ ਕਰ ਜਗ ਭਾਸੇ । ਸਰਬ ਅਸੱਤ ਸੁਪਨ ਜਜੋਂ ਨਾਸੇ ॥ ੭ ॥ ਸੰਸਾਰ ਬਿਰਖ ਕੀ ਜੜ ਅਗਯਾਨ । ਤਾਂਹੀ ਕਰ ਹੈ ਤਨ ਅਭਿਮਾਨ । ਤੱਤ ਮੂਲਕ ਬੰਧਨ ਸੁਤ ਦਾਰਾ। ਆਤਮ ਮਾਹਿੰ ਸੁ ਭਯੋ ਵਿਕਾਰਾ॥ ੧੮ ॥ਤਨ ਅਸਥੂਲ ਭੂਤ ਤਨ ਮਾਤ । ਭਯੋ ਭ੍ਰਾਤ ਲਖਮਨ ਬਿਖਿ ਆਤ। ਯਾ ਬਿਧ ਤਨ ਅਸਥੂਲ ਉਪਾਯੋ । ਜਾਮੈਂ ਆਤਮ ਅਤਿ ਦੁਖ ਪਾਯੋ॥੧੯॥ ਅਹੰਕਾਰ ਬੁਧ ਇੰਦ੍ਰੇ ਦਸਪ੍ਰਾਣ । ਚਿਦਾਕਾਸ ਮਨ ਮਾਯਾ ਜਾਨ। ਯਹਿ ਖੇਤ੍ਰ ਤਨ ਕੋਵਿਦ ਭਾਨੇ॥ ਇਨੇ ਵਿ ਲਖਣ ਆਤਮ ਜਾਨੋ॥੨੦॥ਯਹੀ ਪਰਾਤਮ ਜਾਨ ਸੁ ਬੀਰਾ । ਸਾਧਨ ਤਾਂਹਿ ਸੁਨੋ ਅਬ ਧੀਰਾ । ਜੀਵਪਰਾਤਮ ਹੈ ਪਰਯਾ

ਇ। ਕੀਏ ਬਿਚਾਰ ਭੇਦ ਨਹਿ ਪਾਇ॥ ੨੧ ॥ ਮਾਨਾਭਾਵ ਦੰਭ ਨਹਿ ਕੀਜੇ। ਹਿੰਸਾ ਮਾਹਿ ਨਹੀਂ ਮਨ ਦੀਜੇ। ਪਰਖੇ ਪਾਦਕ ਸਹੇ ਨਿਰੰਤਰ। ਵਕ੍ਰਤਾਗਤ ਕਰੇ ਨ ਅੰਤਰ॥ ੨੨॥ ਮਨ ਬਾਣੀ ਪੁਨਿ ਤ੍ਰਿਤੀਯ ਸ਼ਰੀਰ। ਕਰੇ ਭਗਤਿ ਸੇਵੇ ਗੁਰ ਧੀਰ। ਬਾਹਰ ਭੀਤਰ ਊਜਲ ਰਹੇ । ਭਲੀ ਕ੍ਰਿਯਾ ਮਹਿ ਥਿਰਤਾ ਗਹੇ॥ ੨੩ ॥ ਮਨੋਵਾਕ ਕਾਇਆ ਪਰ ਦੰਡਾ। ਵਿਖੇ ਵਾਸ਼ਨਾਂ ਕਰੇ ਸੁ ਖੰਡਾ। ਨਿਰਹੰਕਾਰ ਬਿਕਾਰਨ ਧਾਰੇ। ਜਨਮ ਜਰਾਦਿਕ ਦੋਖ ਨਿਹਾਰੇ॥ ੨੪॥ ਦਾਰਾ ਪੁਤ੍ਰ ਧਨਾਦਿਕ ਸਾਰੇ । ਕਰੇ ਸਨੇਹ ਨ ਜਗਤ ਮਝਾਰੇ। ਇਸ਼੍ਰ ਅਨਿਸ਼੍ਰ ਅਹੇ ਜਗ ਜੋਈ॥ ਪਾਇ ਬਿਕਾਰ ਭਜੇ ਨਹਿ ਕੋਈ॥ ੨੫ ॥ ਮਮ ਸਰ ਬਾਤਮ ਆਤਮ ਰਾਮ । ਬੁਧਿ ਲਗਾਇ ਤਜੇ ਸਭ ਕਾਮ । ਜਨਕੀ ਭੀਰ ਜਹਾਂ ਨਹਿ ਹੋਈ। ਸੇਵੇ ਸੁੱਧ ਦੇਸ ਅਤਿ ਸੋਈ ॥ ੨੬ ॥ ਪ੍ਰਾਕ੍ਰਿਤ ਜਨ ਕੀ ਸੰਗਤਿ ਜੋਈ। ਕਰੇ ਕਦਾਚਿਤ ਭੂਲ ਨ ਸੋਈ। ਆਤਮ ਗਯਾਨਹਿੰ ਉੱਦਮ ਧਾਰੇ। ਬੇਦਾਂਤਿਨ ਕੇ ਅਰਥ ਬਿਚਾਰੇ॥ ੨੭ ॥ ਇਨ ਕਰ ਲਹੇ ਸੁ ਆਤਮ ਗਯਾਨ। ਇਨ ਵਿਪਰੀਤ ਸੁ ਹੈ ਅਗਿਆਨ। ਬੁਧ ਪ੍ਰਮਾਣ ਮਨ ਤਨ ਹੰਕਾਰ। ਇਨ੍ਹੇ ਵਿਲੱਖਣ ਆਤਮ ਸਾਰ ॥ ੨੮ ॥ ਚਿਦਾਨੰਦ ਆਤਮ ਨਿਜ ਜਾਨੇ । ਨਿੱਤ ਸੁੱਧਿਅਤਿ ਬੁੱਧਿ ਪਛਾਨੇ। ਜਾਂਹਿ ਗਯਾਨ ਕਰ ਜੋ ਉਰ ਜਾਨੇ। ਸੋਈ ਗਯਾਨ ਭ੍ਰਾਤ ਮੈਂ ਮਾਨੇਂ ॥ ੨੯ ॥ ਵਿਗਿਆਨ ਯਹੀ ਉਰ ਅੰਤਰ ਜਾਨ। ਸਖਯਾਤ ਕਾਰ ਹੁਇ ਆਤਮ ਭਾਨ। ਆਤਮ ਪੂਰਣ ਸਰਬ

ਨਿਵਾਸੀ। ਸਤਿ ਚਿਤਿ ਆਨੰਦ ਹੈ ਅਬਿਨਾਸੀ ॥ ੩੦ ॥ ਬੁੱਧਜਾਦਕ ਉਪਾਧਿ ਬਿਹੀਨੋਂ। ਨਾਹਿਪ੍ਰਣਾਮ ਸੁ ਰੰਚਕ ਚੀਨੋਂ। ਸੁਖੰਪ੍ਰਕਾਸ਼ ਅਨਾਬ੍ਰਿਤ ਜੋਈ।ਦੇਹਾਦਿਕ ਕੋ ਭਾਸ਼ੇ ਸੋਈ ॥੩੧ ॥ ਏਕ ਅਦੁਤੀ ਸਤੱਪੁਨਿ ਗਜਾਨ। ਸੁੱਪਰਕਾਸ਼ ਅਸੰਗ ਸੁਜਾਨ । ਦ੍ਰਿਸ਼੍ਰਾ ਪੂਰਨ ਲੱਖਣ ਗਾਏ। ਬਿਨ ਵਿੱਗਜਾਨ ਨ ਜਾਨਜੇ ਜਾਏ ॥ ੩੨ ॥ ਸੋਤ੍ਰੀ ਆਹਿ ਅਚਾਰਯ ਜੋਈ। ਕਰ ਉਪਦੇਸ਼ ਨਿਗਮ ਕੋ ਸੋਈ। ਏਕ ਗਜਾਨ ਤਬ ਉਰਮੈਂ ਭਾਸੇ। ਜੀਵ ਪਰਾਤਮ ਭੇਦ ਬਿਨਾਸੇ ॥ ੩੩ ॥ ਤਬਹੀਂ ਮੂਲ ਅਵਿਦਜਾ ਜੋਈ। ਲੀਨਹੋਇ ਆਤਮਮਹਿ ਸੋਈ। ਕਾਰਯ ਕਾਰਨ ਹੋਇ ਸੁ ਹਾਨੀਂ। ਯਹੀ ਅਵਸਥਾ ਮੁਕਤਿ ਬਖਾਨੀ॥ ੩੪ ॥ ਰਘੁ ਨੰਦਨ ਯਹਿ ਮੋਖ ਸਰੂਪ। ਤੋ ਪ੍ਰਤਿ ਭਾਖਜੋ ਭ੍ਰਾਤ ਅਨੂਪ । ਵਿੱਗਜਾਨ ਗਜਾਨ ਪੁਨਿ ਦ੍ਰਿੜ ਵੈਰਾਗ। ਮੈਪਰਾਤਮ ਕਹਜੋ ਸੁਭਾਗ ॥ ੩੫ ॥ ਪਰ ਮਮ ਭਗਤਿ ਬਹੀਨ ਸੁ ਜੇਤੇ। ਯਾਕੋ ਲਹੇ ਕਦਾਪਿ ਨ ਤੇਤੇ। ਯੱਦਪ ਨੈਨ ਵੰਤ ਨਰ ਹੋਈ। ਸੰਮਕ ਰਾਤਿ ਨ ਪੇਖੇ ਸੋਈ॥ ੩੬ ॥ ਜੋ ਦੀਪਕ ਨਿਜ ਕਰ ਮੇਂ ਗਹੇ। ਨਿਖਲ ਪਦਾਰਥ ਸੋ ਨਿਸ ਲਹੇ। ਯੋਹੀ ਜੋ ਮਮ ਭਗਤ ਸੁ ਯੁਕਤਾ। ਲਹੇਂ ਪਰਾਤਮ ਤੇਈ ਮੁਕਤਾ॥ ੩੭ ॥ ਮੇਭਗਤੀਕੇ ਕਾਰਨ ਜੋਈ। ਕਿੰਚਤ ਕਹੋਂ ਸੁਨੋ ਅਬ ਤੇਈ। ਮੇਰੀਭਗਤਿ ਵੰਤ ਜੋ ਅਹੇ । ਪ੍ਰਿਥਮੇਂ ਸੰਗਤਿ ਤਿਨਕੀ ਗਹੇ ॥ ੩੮ ॥ ਏਕਾਦਸ਼ੀ ਮਹਿ ਕਰੇ ਉਪਵਾਸ । ਮਮ ਪਰਬਨ ਕੋ ਦ੍ਰਿਢ ਅਭਜਾਸ। ਜਬ ਸ੍ਰੀ ਰਾਮ ਨੌਮਿ ਦਿਨ ਆਵੇ। ਕਰ ਉਪਵਾਸ ਮੋਹ

ਮਨਲਾਵੈ ॥ ੩੯ ॥ ਮੇਰੀ ਕਥਾ ਸੁਨੇ ਅਰ ਕਹੇ । ਕਰ ਬਖ੍ਯਾਨ ਪ੍ਰੀਤ ਮਮ ਗਹੇ । ਮੋਮੈ ਨਿਸ਼ਚਾ ਮੇਰੀ ਪੂਜਾ । ਮੋਹਭਜੇ ਮੁਖ ਔਰ ਨ ਦੂਜਾ॥੪੦॥ਯਾ ਬਿਧ ਕਰੇ ਨਿਰੰਤਰ ਜੋਈ। ਮੇਰੀ ਭਗਤਿ ਅਖੰਡਤ ਹੋਈ। ਤਾਂਤੇ ਪਰੇ ਨ ਸਾਧਨ ਆਨ। ਮੇਰੀ ਭਗਤਿ ਬਡੀ ਪਹਿਚਾਨ ॥ ੪੧ ॥ ਮੇਰੀ ਭਗਤਿ ਯੁਗਤ ਜਨ ਜੋਈ। ਗਯਾਨ ਬਿੱਗਯਾਨ ਲਹੇ ਪੁਨਿ ਸੋਈ। ਦ੍ਰਿਢ ਵੈਰਾਗ ਲਹੈ ਪੁਨਿ ਸੋਇ । ਤਾਂਤੇ ਮੁਕਤਿ ਬੇਗ ਵਹੁ ਹੋਇ ॥ ੪੨ ॥ ਤੇਰੇ ਪ੍ਰਸ਼ਨਨ ਕੇ ਅਨੁਸਾਰ। ਭ੍ਰਾਤ ਕੀਯੋ ਮੈਂ ਸਰਬ ਉਚਾਰ । ਯਾਹਿ ਬਿਖੇ ਮਨ ਜੋ ਜਨ ਲਾਵੈ। ਸੋਖਿਣ ਭੀਤਰ ਬੰਧ ਮਿਟਾਵੈ ॥ ੪੩ ॥ ਮੇਰੀ ਭਗਤਿ ਵਿਮੁਖ ਮਨ ਜਾਕੋ । ਲਖਮਨ ਏਹ ਕਹੀਂ ਨਹਿ ਤਾਕੋ । ਮੇਰੀ ਭਗਤਿ ਵਾਨ ਜਨੁ ਜੋਇ । ਕਹੀਂ ਬੁਲਾਇ ਤਾਹਿੰਕੋ ਸੋਇ ॥ ੪੪ ॥ ਮਮ ਉਪਦੇਸ਼ ਪਢੇ ਜਨ ਕੋਈ । ਭਗਤੀ ਸਹਿਤ ਸ਼੍ਰਧਾ ਉਰ ਹੋਈ । ਅੱਗਯਾਨ ਪਟਲ ਵਹ ਦੂਰਿ ਨਿਵਾਰੇ । ਖਿਨ ਭੀਤਰ ਸਭ ਬੰਧਨ ਟਾਰੇ॥ ੪੫ ॥ ਮਮ ਭਗਤਿ ਜੋ ਅਹੇ ਜੁਗੀਸ਼ਰ। ਵਿਮਲ ਗਿਆਨ ਸ਼ਾਂਤਿ ਜਿਨਕੇ ਉਰ ॥ ਮੇਰੀ ਸੇਵ ਨਿਰੰਤਰ ਕਰੇ । ਵਿਮਲਗਯਾਨ ਉਰ ਅੰਤਰ ਧਰੇ ॥ ੪੬॥ ਤਿਨਕੋ ਸੰਗ ਕਰੇ ਸਦਜੋਈ । ਉਦਮ ਵੰਤ ਸਦਾ ਮਤ ਹੋਈ ।ਮੇਰੀ ਸੇਵਾ ਮੈਂ ਧੀ ਲਾਵੈ। ਮੁਕਤ ਵਹੀ ਕਰ ਭੀਤਰ ਪਾਵੈ ॥ ੪੭ ॥ ਦੋਹਰਾ ॥ ਮੈਂ ਪਰਮਾਤਮ ਰਾਮ ਜੋ ਬੇਦ ਬਖਾਨੇ ਜਾਹਿੰ । ਭਗਤਿ ਗਯਾਨ ਕਰ ਮੋ ਪਿਖੇ ਬਿਨਾਂ ਨਿਹਾਰੇ ਨਾਹਿ॥ ੪੮ ॥ ਕਬਿਵਾਚ ॥ ਸ੍ਵੈਯਾ ॥ ਸਿੰਮ੍ਰਤਿ

ਬੇਦ ਪੁਰਾਨਨ ਕੈ ਪਰਮਾਤਮ ਮੈਂ ਜਿਨ ਕੋ ਜਗ ਗਾਯੋ । ਸੰਭੁ ਭਜੇ ਜਿਨਕੇ ਪਦ ਪੰਕਜ ਔ ਚਤੁਰਾਨਨ ਨਾਰਦ ਗਾਯੋ । ਬਿਆਸਬਸਿਸ਼੍ਯਅਗਸਤਰਿਖੀਸੁਰਭਾਂਤਿਅਨੇਕਅਨੇਕਸੁਨਾਯੋ । ਸੋ ਕਬਿ ਸਿੰਘ ਗੁਲਾਬ ਪਰਾਤਮ ਰਾਮ ਧਰੇ ਤਨੁ ਭ੍ਰਾਤ ਬਤਾਯੋ ॥ ੪੯ ॥ ਇਤਿ ਸ੍ਰੀ ਮਤਿ ਅਧ੍ਯਾਤਮ ਰਾਮਾਇਣੇਂ ਉਮਾ ਮਹੇਸ਼ੁਰ ਸੰਬਾਦੇ ਆਰੰਨ ਕਾਂਡੇ ਚਤੁਰਥੋ ਧ੍ਯਾਇ ॥ ੪ ॥

---

ਸ੍ਰੀ ਮਹਾਂ ਦੇਵ ਉਵਾਚ ॥

ਸਵੈਯਾ ॥ ਤਿਹਕਾਲ ਬਿਖੇ ਰਜਨੀ ਚਰਨੀ ਇਕ ਡੋਲਤਥੀ ਤਿਹ ਕਾਨਨ ਮਾਹੀਂ । ਢਿਗ ਪੰਚਬਟੀ ਸੁਭ ਤੀਰ ਨਦੀ ਮੁਨਿ ਵਾਸ ਜਿਨੇਂ ਸਭ ਥਾਨਨ ਮਾਹੀਂ । ਕਮਲਾਂਕੁਸ ਵੱਜ੍ਰ ਧੁਜਾ ਹਰਿ ਕੇ ਪਦ ਚਿੰਨ੍ਹ ਪਿਖੇ ਸੁ ਉਮਾਂ ਧਰ ਮਾਹੀਂ । ਪਦ ਸੁੰਦਰ ਰੇਖ ਨਿਹਾਰ ਉਠੀ ਅਤਿ ਕਾਮ ਬਢਜੋ ਤਿਨਕੇ ਉਰ ਮਾਹੀਂ ॥ ੧ ॥ ਚੌਪਈ ॥ ਸ਼ਨੇਂ ਸ਼ਨੇਂ ਪਦ ਰੇਖ ਨਿਹਾਰੇ । ਗਈ ਰਾਮ ਕੇ ਭੌਨ ਮਝਾਰੇ । ਪੇਖ ਰਮਾ ਪਤਿ ਰਾਮ ਹਠੀਲੇ । ਸੀਯ ਸਮੇਤ ਸੁ ਪਰਮ ਰਸੀਲੇ ॥ ੧ ॥ ਮਨੋ ਮਨੋਜ ਰਾਮ ਇਹ ਭਾਂਤੀ । ਪੇਖ ਮਨੋਜ ਲਗੇ ਤਿਰ ਛਾਤੀ। ਉਮਾਂ ਰਾਖਸ਼ੀ ਰਾਮ ਅਲਾਇ ॥ ਕਿਨਕੋ ਕੌਰ ਕ ਹਿਤ ਬਨ ਆਏ ॥ ੩ ॥ ਸੀਸਜਟਾ ਤਨ ਬਲਕਲ ਧਾਰੀ । ਕਾਮ ਕੌਨ ਤੇ ਵਿਪਨ ਮਝਾਰੀ ॥ ਸ੍ਰੀਰਾਮੋਵਾਚ ॥ ਕੌਨ ਅਹੇ ਤੂ ਸੁਭਰ ਅਚਾਰੇ । ਕਿਸਕੀ ਹੈਂ ਸੁੰਦਰ ਤਨ ਧਾਰੇ ॥ ੪ ॥ ਕਿਤ੍ਰੂ ਇਛੱਤਹੈ ਕਲਿਯਾਨੀ । ਆਈ

ਅਰਥ ਕਹੌ ਕਿਮ ਬਾਨੀ। ਸੂਪਨਖੋਵਾਚ। ਸੂਪਨਖਾ ਮਮ ਕਰੇਂ ਬਖਾਨ। ਰਾਖਸ਼ੀ ਕਾਂਮ ਰੂਪਨੀ ਜਾਨ॥੫॥ਸਵੈਯਾ॥ ਮੈਂ ਭਗਨੀ ਬਲ ਰਾਵਣ ਕੀ ਸਭਿ ਰਾਖਸ਼ ਕੋ ਜਗ ਮੈਂ ਵਹੁਰਾਈ। ਕਾਨਨ ਮੈਂ ਖਰ ਭ੍ਰਾਤ ਸਮੇਤ ਬਸੋਂ ਬਨ ਭੂਪਤਿ ਆਪ ਪਠਾਈ। ਭੋਜਨ ਮੈ ਪੁਨਿ ਮਾਸਕਰੋਂ ਲਿਖ ਭ੍ਰਾਤ ਦਈ ਬਨ ਕੀ ਠਕੁਰਾਈ। ਸੁੰਦਰ ਤੂੰ ਕਹੁ ਕੌਨ ਅਹੇ ਪਦ ਪੇਖਤ ਮੈਂ ਤੁਮਰੀ ਢਿਗਆਈ॥ ੬॥ ਤਬ ਰਾਮ ਕਹਜੋ ਗਿਰਜਾ ਮੁਖਤੇ ਇਕ ਉੱਤਰ ਕੌਸਲ ਦੇਸ ਬਖਾਨੇਂ। ਇਕ ਔਧ ਪੁਰੀ ਤਿਨ ਮੱਧ ਬਿਰਾਜਤ ਤਾਂ ਪਤਿ ਭੂਪ ਸੁਰਾਸੁਰ ਜਾਨੇ। ਹਮਹੈਂ ਤਿਨ ਕੇ ਸੁਤ ਨਾਰਿ ਇਹੈ ਜਨਕਾ ਤਨਜਾ ਸਭ ਲੋਕ ਬਖਾਨੇ। ਲਘੁ ਭ੍ਰਾਤ ਇਹੈ ਲਖਮੰਨ ਕਹੈਂ ਅਤਿ ਸੁੰਦਰ ਪੇਖ ਮਨੋਜ ਲ ਜਾਨੇ॥੭॥ ਹਮ ਸੋਂ ਕਛੁ ਕਾਮ ਅਹੈ ਤੁਮਰੋ ਅਤਿ ਸੁੰਦਰ ਤੂੰ ਮਮ ਦੇਹ ਬਤਾਈ। ਸੁਨਿਰਾਮ ਕੇ ਵਾਕ ਉਮਾਂ ਮਦਾਰਾਰਿਤ ਰਾਕਸ਼ੀ ਯੋ ਮੁਖ ਮਾਹਿੰ ਅਲਾਈ। ਮਮ ਸੰਗ ਰਮੋਂ ਗਿਰ ਕਾਂਨਨ ਮੈਂ ਮਦਨਾਰਿਤਿ ਮੈ ਤੁਮਰੀ ਢਿਗ ਆਈ। ਦ੍ਰਿਗ ਕੰਜ ਨਹੀਂ ਤਵ ਤਜਾਗ ਸਕੌਂ ਮਦਨਾਗ ਲਗੀ ਤਨ ਦੇਹਿ ਬੁਝਾਈ॥੮॥ ਤਬ ਰਾਮ ਕਟਾਖਨ ਸੀਯ ਪਿਖੀ ਹਸ ਕੈ ਮੁਖ ਭੀਤਰ ਯੌਂ ਤਿਨ ਭਾਖੇ। ਮਮਨਾਰਿ ਇਹੈ ਅਤਿ ਸੁੰਦਰਿ ਹੈ ਤੁਮ ਨਾਹਿ ਕਰੋ ਹਮਰੀ ਅਭਿਲਾਖੇ। ਤੁਮ ਸੌਕਨ ਜੋ ਦੁਖਨੀਤ ਦਹੇ ਅਬ ਨਾਹਿੰ ਬਨੇਂ ਤੁਮ ਕੋ ਘਰ ਰਾਖੇ। ਅਤਿ ਸੁੰਦਰ ਮੇਂ ਲਘੁ ਭ੍ਰਾਤਿ ਅਹੈ ਢਿਗ ਜਾਹਿ ਤਿਨੈਂ ਸੁ ਵਹੀ ਦੁਖ ਨਾਖੇ॥ ੯॥ ਤੁਮਰੇ

ਅਨੁਸਾਰ ਸੁ ਹੈ ਭਰਤਾ ਤਿਨ ਸੰਗਰਮੋਂ ਗਿਰ ਕਾਨਨ ਮਾਹੀਂ । ਇਹ ਭਾਂਤਿ ਕਹਯੋ ਹਰ ਜੀ ਜਬਹੀਂ ਨੂਮਕੱਤ ਗਈ ਲਖ ਮੱਨ ਜਹਾਹੀਂ । ਉਰ ਭ੍ਰਾਤ ਕੀ ਆਇਸ ਮਾਨ ਅਬੇ ਭਵਮੈ ਭਰਤਾ ਸੁ ਕਹੇ ਮੁਖ ਮਾਹੀਂ । ਅਬ ਢੀਲ ਕਰੋ ਨਹਿ ਸੰਗ ਚਲੋ ਅਬ ਕੇਲ ਕਰੇਂ ਬਨਕੀ ਪਰਛਾਹੀਂ ॥ ੧੦ ॥ ਬਨ ਘੋਰ ਨਿਸਾਚਰਿ ਕਾਮ ਮੁਠੀ ਇਹ ਭਾਂਤਿ ਬਕੇ ਅਪਨੇਂ ਮੁਖ ਮਾਹੀਂ । ਹਸ ਰਾਮ ਕੇ ਭ੍ਰਾਤ ਕਹਯੋ ਮੁਖ ਤੇ ਸੁ ਮਹੋਦਰ ਤੂ ਸੁਨਿ ਯੋ ਮਨ ਮਾਹੀਂ । ਸੁ ਪੱਤਿਬ੍ਰਤਿ ਤੂ ਦਸਕੰਧਰਕੀ ਭਗਨੀ ਹਮ ਤੋ ਇਨ ਦਾਸ ਕਹਾਹੀਂ । ਪੁਨਿ ਦਾਸਨ ਤੂ ਜਗ ਹੋਵਹਿ ਗੀ ਬਨ ਮੋਹਿ ਬਰੇ ਦੁਖ ਤੇ ਉਰ ਮਾਹੀਂ ॥ ੧੧ ॥ ਕਲਿਯਾਨ ਤੁਮੇਂ ਤਿਨ ਕੀ ਢਿਗ ਜਾਇ ਵਹੀ ਜਗ ਭੀਤਰ ਰਾਜਨ ਰਾਈ । ਸੁਨ ਕੈ ਯਹਿ ਬਾਤ ਉਮਾ ਕੁਟਲਾ ਮਨ ਦੌਰਤ ਸੋ ਹਰਿ ਕੀ ਢਿਗ ਆਈ । ਅਤਿ ਕ੍ਰੋਧ ਭਰੀ ਮੁਖ ਰਾਮ ਭਨੇਂ ਕਿਮ ਮੋਹ ਭ੍ਰਮਾਵਤ ਤੂ ਦੁਖਦਾਈ । ਤੁਮ ਸੌਕਨ ਕੋ ਮਮ ਦੂਖ ਕਹੋ ਤੁਮ ਹੇਰਤਿ ਯਾਹਿ ਸੁ ਜਾਉਂ ਚਬਾਈ ॥ ੧੨ ॥ ਇਹ ਭਾਂਤਿ ਬਖਾਨ ਭੁਈ ਗਿਰ ਸੀ ਗਿਰਜਾ ਸਠ ਸੀਯ ਸੁ ਖਾਵਨ ਆਈ । ਤਬ ਰਾਮ ਕੀ ਆਇਸ ਪਾਇ ਸੁਮਿੱਤ੍ਰਜ ਨਾਰ ਗਹੀ ਖਗ ਧਾਰ ਦਿਖਾਈ । ਕਟਿ ਕਾਨ ਦੁਊ ਪੁਨਿ ਨਾਕ ਕਟੀ ਲਘੁ ਵਿਕ੍ਰਮ ਪੀਠ ਸੁ ਲਾਤ ਲਗਾਈ । ਕਰ ਘੋਰ ਧੁਨੀ ਤਨ ਸ੍ਰੋਨ ਬਹੇ ਅਤਿ ਰੋਵਤ ਸੋ ਖਰ ਓਰ ਸਿਧਾਈ ॥ ੧੩ ॥ ਜਾਇ ਪਰੀ ਖਰ ਕੇ ਪਦ ਮੈਂ ਮੁਖ ਮਾਹਿ ਬਕੇ ਪਰੁਖਾ ਖਰ

ਬਾਣੀਂ । ਕਾਨ ਸੁ ਨਾਕ ਕਟੇ ਕਿਨਹੂੰ ਭਗਨੀਂ ਪ੍ਰਤਿ ਯੋ ਖਰ ਆਪ ਬਖਾਣੀਂ । ਤੋਹਿ ਕਰਜੋ ਜਿਨ ਯੋਂ ਜਗ ਮੈਂ ਜਮ ਕੈ ਮੁਖ ਜਾਇ ਪਰਜੋ ਹਮ ਜਾਣੀਂ । ਭਾਖ ਤਿਨੇ ਖਿਨ ਪ੍ਰਾਣ ਹਨੋਂ ਯਮ ਸੋਂ ਵਹੁ ਹੋਇ ਸੁ ਤਾਨ ਕਮਾਣੀਂ ॥ ੧੪ ॥ ਸੂਪਨਖ ਉਵਾਚ ॥ ਸਵੈਯਾ ॥ ਲਿਖ ਜੋ ਬਨ ਭ੍ਰਾਤ ਦਏ ਹਮਕੋ ਅਬਤਾਂ ਬਨ ਮੈਂ ਸੁਨਿ ਰਾਮ ਸੁ ਆਏ । ਲਖਮੰਨ ਤਿਨੋਂ ਸਹ ਛਾਜਤ ਭ੍ਰਾਤ ਸੁ ਸੀਯ ਭਲੀ ਰਤਿ ਸੀ ਛਬਿ ਪਾਏ । ਅਬ ਤੀਰ ਗੁਦਾਵਰੀ ਵਾਸ ਕਰੇ ਬਨ ਦੰਡਕ ਕੇ ਭਯ ਦੂਰ ਮਿਟਾਏ । ਤਿਨ ਭ੍ਰਾਤ ਸੁ ਪ੍ਰੇਰ ਸੁਨੋ ਖਰ ਭ੍ਰਾਤ ਸੁ ਯੋਂ ਹਮਰੇ ਕਨ ਨਾਕ ਕਟਾਏ ॥ ੧੫ ॥ ਤੂੰ ਤੋ ਭਯੋ ਕੁਲ ਰਾਖਸ ਕੀ ਅਰ ਬੀਰ ਕਹਾਵਤ ਹੈਂ ਜਗ ਮਾਹੀਂ । ਮਾਰ ਤਿਨ੍ਹੈ ਤਿਨ ਮਾਸ ਭਖੋਂ ਅਰ ਸ੍ਰੋਨਤ ਪਾਨ ਕਰੋਂ ਮੁਖ ਮਾਹੀਂ । ਨਾਤਰ ਪ੍ਰਾਣ ਤਜੋਂ ਅਬਹੀ ਖਰ ਜਾਵਤ ਮੈਂ ਜਮ ਕੇ ਘਰ ਮਾਹੀਂ । ਬੇਗ ਚਢੇ ਸੁਨਕੈ ਖਰ ਯੋਂ ਅਰ ਕ੍ਰੋਧ ਭਯੋ ਤਿਨਕੇ ਉਰ ਮਾਹੀਂ ॥ ੧੬ ॥ ਦਸ ਚਾਰ ਹਜ਼ਾਰ ਸੁ ਰਾਖ਼ਸ਼ ਕੀ ਬਲ ਕ੍ਰੋਧ ਭਰੇ ਤਿਨ ਪ੍ਰੇਰ ਚਲਾਈ । ਖਰ ਤੀਨ ਸਿਰਾ ਪੁਨ ਦੂਖਨ ਜੋ ਸਿਰਦਾਰ ਬਡੇ ਹਰਿ ਕੀ ਢਿਗ ਆਈ । ਧੁਨਿ ਬਾਜਨ ਕੀ ਘਨਘੋਰ ਭੁਈ ਧਰ ਧੂਰ ਉਡੀ ਰਵਿ ਮੰਡਲ ਛਾਈ। ਤਬ ਰਾਮਕੀ ਓਰ ਗਏ ਸਗਲੇ ਸਮ ਬਿੱਜੁਲ ਆਯੁਧ ਕੀ ਚਮਕਾਈ ॥ ੧੭ ॥ ਸੁਨਿ ਰਾਮ ਕੁਲਾਹਲ ਦੈਂਤਨ ਕੋ ਲਖਮੰਨ ਇਹੈ ਮੁਖ ਬਾਤ ਅਲਾਈ । ਧੁਨਿ ਘੋਰ ਸੁਨੋ ਬਨ ਦੈਤਨ ਕੀ ਯਹਿ ਰਾਖ਼ਸ਼ ਕੀ ਧੁਜਨੀ

ਚੜਿ ਆਈ । ਅਬ ਹੋਇਗੋ ਸੰਘਰ ਘੋਰ ਇਹਾਂ ਮਮ ਸੰਗ ਇਹੈ ਅਰਿ ਕੀ ਬਲਿ ਆਈ । ਸੁ ਮਹਾਬਲ ਤੂੰ ਜਨਕਾ ਤਮ-ਜਾ ਗਹ ਕੰਦਰ ਜਾਹਿ ਰਹੋ ਸੁਖਦਾਈ॥ ੧੮ ॥ ਮੈਂ ਬਧ ਆਜ ਕਰੋਂ ਖਿਨ ਮੈਂ ਯਹਿ ਰਾਖਸ਼ ਕੀ ਬਲ ਆਵਤ ਸਾਰੀ । ਤੂੰ ਯਹਿ ਬਾਤ ਨ ਭਾਖ ਕਛੂ ਬਲ ਤੋਹਿ ਸੁਗੰਧ ਸੁ ਆਹ ਹਮਾਰੀ । ਮਾਨ ਤਬੈ ਸਹਿ ਸੀਯ ਲਈ ਲਖਮੰਨ ਗਯੋ ਗਿਰ ਖੋਹ ਮਝਾਰੀ । ਰਾਮ ਨਿਖੰਗ ਕਸੇ ਕਟਿ ਮੈ ਪੁਨ ਲੀਨ ਕੁਵੰਡ ਸੁ ਬਾਣ ਸੰਭਾਰੀ ॥ ੧੯ ॥ ਰਾਖਸ਼ ਆਇ ਪਰੇ ਤਬਹੀ ਕਰ ਆਯੁਧ ਕੀ ਬਰਖਾ ਬਰਖਾਈ । ਕੇਚਿਤ ਮਾਰਤ ਹੈਂ ਤਰਵਾ ਅਰ ਕੇਚਿਤ ਸੈਲ ਸੁ ਦੇਹ ਚਲਾਈ । ਰਾਮ ਸੁ ਆਯੁਧ ਧਾਰ ਸਭਾ ਕਟਿ ਤੀਰਨ ਸੋ ਅਤਿ ਦੂਰ ਬਗਾਈ । ਬਾਨ ਹਜ਼ਾਰ ਲਏ ਕਰ ਮੈਂ ਸਭ ਰਾਖਸ਼ ਸੈਨ ਸੁ ਮਾਰ ਗਿਰਾਈ ॥ ੨੦ ॥ ਖਰ ਦੂਖਨ ਔ ਪੁਨਿ ਤੀਨ ਸਿਰਾ ਪਹਿਰਾਧਕ ਮੇਂ ਸਭ ਨਾਇਕ ਮਾਰੇ । ਤਬ ਲੈ ਲਘੁ ਭ੍ਰਾਤ ਬਿਦੇਹ ਸੁਤਾ ਪੁਨ ਆਇ ਤਹਾਂ ਜਹਿੰ ਆਪ ਮੁਰਾਰੇ । ਅਰਪੀ ਤਬ ਸੀਯ ਸੁ ਰਾਘਵ ਕੋ ਹਤ ਰਾਖਸ਼ ਪੇਖ ਭਏ ਬਿਸਮਾਰੇ। ਮੁਖ ਕੰਜ ਪ੍ਰਭਾ ਅਵਨੀ ਦੁਹਤਾ ਬਿਗਸੀ ਮਿਲ ਰਾਮ ਪਤੰਗ ਨਿਹਾਰੇ ॥ ੨੧ ॥ ਆਯੁਧ ਘਾਵ ਸੁ ਰਾਮ ਕਲੇਵਰ ਧੋਵਤ ਹੈ ਇਤ ਸੀਯ ਸੁਹੇਲੀ। ਸੂਪਨਖਾ ਗਤਿ ਰਾਖਸ਼ ਪੇਖ ਸੁ ਦੌਰ ਗਈ ਉਰ ਲੰਕ ਇਕੇਲੀ । ਜਾਇ ਸਭਾ ਮਹਿ ਰਾਵਨ ਕੇ ਪਦ ਪਾਸ ਪਰੀ ਦੁਖ ਮਾਹਿੰ ਦੁਹੇਲੀ । ਰਾਵਨ ਕੀ ਭਗਨੀ ਤਰਫੈ ਧਰ ਧੀਰ

ਨਦੀ ਮਛੂਲੀ ਜਨ ਮੇਲੀ ॥ ੨੨ ॥ ਰਾਵਨ ਪੇਖ ਤਬਾ ਭਗਨੀ ਅਤਿ ਰੋਵਤ ਨੈਨ ਸੁ ਨੀਰ ਪਨਾਰੇ । ਊਠ ਸੁ ਊਠ ਕਹਯੋ ਮੁਖ ਤੇ ਕਿਨ ਨਾਕ ਕਟੀ ਪੁਨਿ ਕਾਨ ਤੁਮਾਰੇ । ਸ਼ੱਕ੍ਰ ਕੁਬੇਰ ਧਮੋ ਵਰਣਾਤਨੁ ਖੇਹ ਕਰੋਂ ਤਿਨਕੀ ਕਟ ਨਾਰੇ। ਰਾਵਣ ਕੀ ਸੁਨਿ ਏ ਬਤੀਯਾਂ ਤਬ ਸੂਪਨਖਾਂ ਮਨ ਮਾਹਿੰ ਉਚਾਰੇ ॥ ੨੩ ॥ ਤੂੰ ਮਤ ਮੂੜ ਪ੍ਰਮੱਤ ਸਦਾ ਮਦ ਪਾਨ ਕਰੇ ਕਛੁ ਸਾਰ ਨ ਪਾਵੇਂ । ਨਾਰਿ ਅਧੀਨ ਸੁਦੀਨ ਭਯੋ ਸਠ ਚਾਰਨ ਕੋ ਨਹਿੰ ਦੇਸ ਪਠਾਵੇਂ । ਤੂੰ ਚਖ ਚਾਰ ਬਿਹੀਨ ਸਦਾ ਸਠ ਰਾਜ ਕਹੋ ਕਿਹ ਭਾਂਤਿ ਕਮਾਵੇਂ । ਮਾਰ ਲਏ ਤ੍ਰਿਸਰਾ ਖਰ ਦੂਖਰ ਤੂੰ ਘਰ ਭੀਤਰ ਮੰਗਲ ਗਾਵੇਂ ॥ ੨੪ ॥ ਖਿਨ ਆਧਿ ਬਿਖੇ ਬਲਵੰਤ ਬੜੇ ਦਸ ਚਾਰ ਹਜਾਰ ਸੁ ਰਾਖਸ਼ ਮਾਰੇ । ਅਸੁਰਾਰਿ ਬਡੇ ਜਗ ਰਾਮ ਭਏ ਜਨ ਥਾਨ ਬਿਖੇ ਮੁਨਿਕੇ ਡਰ ਟਾਰੇ । ਨਹਿੰ ਜਾਨਤ ਤੂੰ ਇਹ ਬਾਤ ਕਛੂ ਇਨਤੇ ਮਤ ਮੂਢ ਸੁ ਮੋਹਿ ਉਚਾਰੇ । ਪਿਖ ਲਾਜ ਭਈ ਦਸ ਕੰਧਰ ਕੋ ਪੁਨਿ ਪੂਛਤ ਰਾਵਣ ਆਪ ਬਿਚਾਰੇ ॥ ੨੫ ॥ ਕੌਨ ਸੁ ਰਾਮ ਹਤੇ ਕਿਮ ਰਾਖਸ਼ ਕੌਨ ਨਿਮਿੱਤ ਭਯੋ ਬਨ ਮਾਂਹੀਂ । ਭਾਖਭਲੇ ਤਿਨ ਮੂਲ ਹਨੋਂ ਅਬ ਕ੍ਰੋਧ ਭਯੋ ਹਮਰੇ ਉਰ ਮਾਹੀਂ । ਬੀਰਨ ਮੈਂ ਜਨ ਥਾਨ ਕਦਾਚਿਤ ਆਪ ਗਈ ਸੁ ਨਦੀ ਤਟ ਮਾਹੀਂ । ਪੰਚ ਬਟੀ ਇਕ ਥਾਨ ਅਹੇ ਸੁਨਿ ਪੂਰਬ ਬਾਸ ਕਰੋਂ ਜਿਨਮਾਹੀਂ ॥ ੨੬ ॥ ਤਹਿੰ ਆਸ਼੍ਰਮ ਏਕ ਮਨੋਹਰ ਥੋ ਮਮ ਜਾਇ ਪਿਖੇ ਤਹਿੰ ਰਾਮ ਹਠੀਲੇ। ਦ੍ਰਿਗਕੰਜ ਪ੍ਰਭਾ ਧਨੁ ਬਾਂਣ ਧਰੇ

ਤਨ ਚੀਰ ਜਟਾ ਰਸ ਮਾਂਹਿ ਰਸੀਲੇ। ਲਘੁ ਭ੍ਰਾਤ ਤਿਨੇ ਲਖ ਮੰਨ ਕਹੇਂ ਅਤਿ ਸੁੰਦਰ ਤਾਹਿ ਤਥਾ ਬਿਧ ਡੀਲੇ। ਕਮਲਾ ਸਮ ਸੁੰਦਰਿ ਤਾਂ ਪਤਨੀਂ ਦ੍ਰਿਗ ਵਾਰਜ ਸੇ ਤਨ ਕਾਰਨ ਕੀ ਲੇ॥ ੨੭॥ ਗੰਧ੍ਰਪ ਦੇਵ ਨਹੀਂ ਨਰ ਨਾਗਨ ਤਾਂਹਿ ਤਥਾ ਬਿਧ ਕੀ ਹਮ ਦੇਖੀ। ਰਾਜਨ ਨਾਹਿ ਸੁਨੀ ਕਬਹੂ ਬਨਦੇਤ ਤਿਥੀ ਹਮ ਯਾ ਬਿਧ ਲੇਖੀ। ਮੈ ਭੁਮਰੇ ਹਿਤ ਲੇਨ ਲਗੀ ਤਿਨ ਰਾਮ ਇਹੈ ਮਨ ਜਾਨ ਬਿਸੇਖੀ। ਰਾਮਹ ਪ੍ਰੇਰੁ ਸੁ ਭ੍ਰਾਤ ਬਲੀ ਮਮ ਨਾਕ ਕਟਾਇ ਦਈ ਭ੍ਰਮ ਪੇਖੀ॥ ੨੮॥ ਤਬ ਮੈ ਦੁਖ ਰੋਵਤ ਦੌਰ ਗਈ ਖਰ ਭ੍ਰਾਤ ਸਮੀਪ ਸੁ ਜਾਇ ਪੁਕਾਰੀ। ਰਣ ਕੇ ਹਿਤ ਰਾਖਸ਼ ਲੈ ਬਹੁਤੇ ਤਹਿ ਦੌਰ ਗਏ ਜਹਿ ਰਾਮ ਹੰਕਾਰੀ। ਖਿਨ ਮੇਂ ਵਹੁ ਨਾਸ਼ ਕਰੇ ਸਗਲੇ ਰਣ ਰਾਖਸ਼ ਜੇ ਸੁ ਹੁਤੇ ਬਲ ਭਾਰੀ। ਸੁਨ ਮੇ ਮਨ ਯੋਂ ਜਬ ਰਾਮ ਚਹੇਂ ਖਿਨ ਮਾਹਿ ਹਨੇਂ ਬਿਧ ਕੀ ਬਿਸ ਸਾਰੀ॥ ੨੯॥ ਜੀਵਨ ਤੌ ਸਫਲੋ ਤੁਮਰੋ ਜਬ ਹੋਵਤ ਸੀਯ ਸੁ ਨਾਰਿ ਤੁਮਾਰੀ। ਉੱਦਮ ਤੂੰ ਇਹ ਭਾਂਤਿ ਕਰੋ ਜਿਹ ਭਾਂਤਿ ਮਿਲਾਵਹੁ ਪ੍ਰਾਣ ਪਿਆਰੀ। ਜਾਨਕੀ ਕੰਜ ਪ੍ਰਭਾ ਦ੍ਰਿਗਨੀ ਸਭ ਅੰਗਨ ਭੀਤਰ ਸੁੰਦਰ ਸਾਰੀ। ਰਾਮਹੁ ਤੇ ਨਹਿ ਆਂਨ ਸਕੇਂ ਕਛੁ ਪੇਖਤ ਨਾ ਬਲ ਬੁੱਧਿ ਤਿਹਾਰੀ॥ ੩੦॥ ਛਲ ਕੇ ਰਘੁਬੀਰਹਿ ਦੂਰਨ ਏ ਤਬ ਪਾਵਹਿਗਾ ਵਹਿ ਪ੍ਰਾਣ ਪਿਆਰੀ। ਸੁਨਿ ਕੈ ਯਹਿ ਬਾਤ ਦ ਯੋ ਧਨੁ ਤਾਂ ਅਰ ਮਾਨ ਕਹਜੋ ਭਗਨੀਂ ਹਿਤਕਾਰੀ। ਕਰ ਕੈ ਅਸੁਆਸਨ ਯੋਂ ਤਿਨ ਕੋ ਪੁਨਿ ਆਪ ਗਯੋ ਨਿਜ ਭੌਨ ਮਝਾ

ਰੀ। ਉਰ ਚਿੰਤ ਬਢੀ ਦ੍ਰਿਗ ਨੀਂਦ ਨਹੀਂ ਇਹ ਭਾਂਤ ਬਿਤੀਤ ਭਈ ਨਿਸ ਸਾਰੀ ॥ ੩੧ ॥ ਰਾਮ ਅਹੇ ਇਕ ਤਾਪਸਿ ਮਾਨੁਖ ਮਾਰ ਦਏ ਖਰ ਸੇ ਕਿਹ ਭਾਂਤੀ। ਥੇ ਬਲਵੰਤ ਬਡੇ ਜਗ ਮੇਂ ਕਰੁ ਆਯੁਧ ਐ ਤਰੁਣਾਂ ਤਿਨ ਗਾਤੀ। ਕੈ ਨਹਿੰ ਰਾਮ ਨਰਾਧਪ ਕੋ ਸੁ ਤੁਮੇਂ ਬਧ ਚਾਹਿ ਲਗੀ ਤਿਨ ਛਾਤੀ ॥ ਹੈ ਚਤੁਰਾਨਨ ਕੀ ਬਿਨਤੀ ਹਰਿ ਮਾਨੁਖ ਰੂਪ ਲਯੋ ਮਮਜਾਤੀ ॥ ੩੨ ॥ ਰਘੁ ਕੀ ਕੁਲ ਮੈਂ ਹਰਿ ਜੀ ਨਿਪਜੇ ਮੋਹ ਮਾਰਹਿ ਜੋ ਪਰਮਾਤਮ ਰਾਮਾ। ਇਹ ਭੂਮਹਿ ਰਾਜ ਭਜੋਂ ਖਿਨ ਭੰਗਰ ਰਾਜ ਬਿਕੁੰਠ ਲਹੋ ਨਿਜ ਧਾਮਾਂ। ਨਹਿ ਰਾਖਸ਼ ਰਾਜ ਕਰੋਂ ਜਗ ਮੈਂ ਹਨ ਰਾਮ ਲਹੋਂ ਸੁਭ ਸੀਯ ਸੁ ਵਾਮਾਂ। ਇਹ ਭਾਂਤ ਬਿਚਾਰ ਕਰਯੋ ਘਰ ਮੈਂ ਖਲ ਰਾਖਸ਼ ਰਾਜ ਸੁ ਰਾਵਣ ਨਾਮਾ ॥ ੩੩ ॥ ਸ਼ਿਕਰਛੰਦ ॥ ਗਿਰਜਾ ਪਰਾਤਮ ਰਾਮ ਕੋ ਹਰਿ ਜਾਨਕੀਨ ਵਿਰੋਧ। ਬਿਨ ਵੈਰ ਬੇਗ ਨ ਹਰਿ ਮਿਲੇ ਤਿਹ ਦੇਖਯੋ ਉਰ ਸੋਧ। ਕਰਿ ਭਕਤਿ ਜੋ ਹਰਿ ਸੇਵ ਹੈ ਨਹਿ ਬੇਗ ਪਾਵੈ ਸੋਇ। ਮੈਂ ਭਜੋਂ ਤਾਂ ਅਤਿ ਵੈਰ ਕਰ ਹਰਿ ਬੇਗ ਰਾਜੀ ਹੋਇ॥੩੪॥ ਇਤਿ ਸ੍ਰੀ ਮਤਿ ਅਧਜਾਤਮ ਰਾਮਾਇਣੇਂ ਉਮਾਂ ਮਹੇਸੁਰ ਸੰਬਾਦੇ ਆਰਨ ਕਾਂਡੇ ਪਾਂਚਵੋਂ ਧਯਾਇ ॥ ੫ ॥

———

ਸ੍ਰੀ ਮਹਾਦੇਵਉਵਾਚ

॥ ਸਵੈਯਾ ॥ ਇਹ ਭਾਂਤ ਬਿਚਾਰ ਕਰਯੋ ਨਿਸ ਮੈ ਪਰਭਾਤ ਭਏ ਰਵ ਕੈ ਰਥ ਮਾਹੀਂ। ਸੁ ਮਰੀਚ ਕੇ ਆਸ੍ਰਮ ਜਾਤ ਭਯੋ

ਇਕ ਕਾਰਯ ਧਾਰ ਮਤੀ ਮਨ ਮਾਹੀਂ । ਸੁਮਰੀਚ ਤਹਾਂ ਮੁਨਿ ਸੇਅਤਿਰਾਜਤਚੀਰਧਰੇਜਟਹੈਂਸਿਰਮਾਹੀਂ । ਗੁਣਭਾਸਕਜੋਗੁ ਣਹੀਨਸਦਾ ਪਰਮਾਤਮਧਜਾਵਤਹੈਉਰਮਾਹੀਂ ॥੧॥ ਸੁਸਮਾਧ ਵਿਰਾਮਭਈਤਿਨਕੀਤਬਤਾਹਿੰ ਪਿਖੇ ਘਰ ਰਾਵਣਆਏ । ਤਬ ਪੂਜਨਤਾਹਿੰਕਰਜੋ ਤਿਨਕੋ ਅਤਿਆਦਰਕੈ ਗਲਿਮਾਂਹਿ ਲਗਾਏ । ਅਤਿੱਥ ਕਰਿਓ ਸੁਖ ਆਸਨ ਮਾਂਹਿ ਬਠਾਇ ਮਰੀਚ ਸੁ ਬੈਨ ਅਲਾਏ । ਇਹ ਆਵਨ ਤੇ ਰਥ ਬੈਠ ਇਕਾ ਕਿਨ ਰਾਵਨ ਮੋਂ ਕਛੁ ਕਾਜ ਜਨਾਏ ॥ ੨ ॥ ਕਛੁ ਚਿੰਤ ਪਰਾਇਨ ਤੋ ਮਨ ਭਾ ਸਤ ਕਾਰਜ ਤੂੰ ਚਿਤਵੈਂ ਮਨ ਮਾਹੀਂ । ਅਬ ਮੋਹਿ ਕਹੋ ਵਹਿ ਕਾਜ ਕਰੋਂ ਅਤਿ ਗੋਪ ਨਹੀਂ ਜਬਵੇ ਮਨ ਮਾਹੀਂ । ਕਛੁ ਨਜਾਇ ਅਹੇ ਤਬ ਨਾਥ ਕਹੋ ਕਛੁ ਪਾਪ ਨ ਹੋਵਤ ਮੋ ਜਗ ਮਾਹੀਂ । ਸੁਨਿਕੈ ਇਹ ਭਾਂਤਿ ਮਰੀਚ ਕਥਾ ਪੁਨਿ ਰਾਵਨ ਬੋਲਿ ਉਠੇ ਮੁਖ ਮਾਹੀਂ ॥ ੩ ॥ ਰਾਵਨੋਵਾਚ ॥ ਸ੍ਵੈਯਾ ॥ ਹੈ ਦਸਰਥ ਸਕੇਤ ਪਤੀ ਅਤਿ ਭੂਪ ਬਲੀ ਬਿਦਤਾ ਖਿਲ ਮਾਹੀਂ । ਰਾਮ ਅਹੇ ਤਿਨਕੇ ਸੁਤ ਜੇਸ੍ ਸੱਤ ਪਰਾਕ੍ਰਮ ਲੋਕਨ ਮਾਹੀਂ । ਭੂਪ ਦਯੋ ਤਿਨਕੋ ਬਨਬਾਸ ਸੁ ਆਇਬਸੇ ਬਨ ਦੰਡਕ ਮਾਹੀਂ । ਨਾਰਿ ਸਮੇਤ ਸੁ੍ਰਾਤ ਅਹੇ ਵਹਿ ਤੀਨ ਮਿਲੇ ਸੁ ਫਿਰੇ ਜਗ ਮਾਹੀਂ ॥ ੪ ॥ ਹੈ ਅਬਲੌ ਬਨ ਘੋਰ ਬਿਖੇ ਸੁਭ ਆਸ੍ਰਮ ਬੀਚ ਸੁ ਪੰਚ ਬਟੀ। ਨਾਰੀ ਅਹੇ ਅਤਿ ਸੁੰਦ੍ਰ ਤਾਂ ਬਿਧਨਾ ਇਹ ਭਾਂਤਿ ਨ ਔਰ ਠਟੀ । ਰਾਮ ਹਨੇ ਅਪਰਾਧ ਬਿਨਾਂ ਬਨ ਰਾਖਸ਼ ਮੋਹ ਲਗੀ ਉਚਟੀ। ਮਾਰ ਖਰੀ ਸੁਖਸੋਂ ਬਿਚਰੇ ਭਗਨੀਂ ਗਹਿ

ਮੇ ਤਿਨ ਨਾਕ ਕਟੀ ॥ ੫ ॥ ਨਿਰ ਦੇਖਨਿ ਸੀਲਵਤੀ ਭਗਨੀ ਦੁਸ੍ਰਾਤਮ ਤਾਂ ਗਹਿ ਕਾਨ ਕਟਾਏ। ਕਛੁ ਮੋਹਿ ਸਹਾਇ ਕਰੋ ਬਨ ਮੈਂ ਅਬ ਮੋਹਿ ਬਨੇ ਤਿਹ ਨਾਰਿ ਲਿਆਏ। ਬਨਤੂ ਬਨ ਕੰਚਨ ਕੋ ਮ੍ਰਿਗਵਾ ਜਬ ਰਾਘਵ ਕੋ ਛਲ ਦੂਰ ਲਜਾਏ। ਲਖਮੰਨ ਚਲੇ ਤਿਨ ਪੀਠ ਪਿਛੇ ਤਬ ਰਾਵਣ ਜਾਨਕੀ ਕੋ ਬਨ ਪਾਏ ॥ ੬ ॥ ਕਰਕੈ ਸੁ ਸਹਾਇਤ ਸੋ ਇਤਨੀ ਤੁਮ ਪੂਰਬ ਜਸੋਂ ਸੁ ਬਸੋ ਘਰ ਮਾਹੀਂ। ਸੁਨਿ ਰਾਵਣਕੀ ਏਹ ਬਾਤ ਤਬੈ ਸੁ ਮਰੀਚ ਕਹੈ ਅਪਨੇ ਮਨ ਮਾਹੀਂ। ਕਿਨ ਤੈਂ ਉਪਦੇਸ਼ ਸੁ ਏਹ ਕਰੇ ਵਹਿ ਮੂਲ ਉਪਾਰਤ ਤੇ ਜਗ ਮਾਹੀਂ। ਤੁਮ ਤਾਹਿ ਹਨੋਂ ਵਹੁ ਸ਼ਤ੍ਰ ਤੁਮੈ ਵਹਿ ਨਾਸ ਚਹੈ ਤੁਮਰੋ ਭਵ ਮਾਹੀਂ ॥ ੭ ॥ ਰਾਮ ਪਰਾਕ੍ਰਮ ਯਾਦ ਭਏ ਸੁਨਿ ਰਾਵਨ ਮੈਂ ਡਰ ਹੋਂ ਮਨ ਮਾਹੀਂ। ਬਾਲ ਹੁਤੇ ਜਬ ਰਾਮ ਬਲੀ ਮਖ ਕੌਸਿਕ ਰਾ-ਖਸ ਆਯੋ ਤਹਾਂਹੀ। ਏਕਹਿ ਬਾਨ ਸੁਬਾਹੁ ਹਨੇ ਪੁਨਿ ਦੂਸਰ ਮੈਂ ਇਹ ਸਾਗਰ ਮਾਹੀਂ। ਯੋਜਨ ਸੋ ਇਹ ਆਇ ਪਰੇ ਮਨ ਬਯਾਕੁਲ ਔ ਤਨ ਕੀ ਸੁਧ ਨਾਹੀਂ ॥ ੮ ॥ ਵਹਿ ਬਾਨ ਚਿਤਾਰ ।ਚਤਾਰਤ ਹੀਂ ਮਮ ਰਾਮ ਵਿਖੇ ਸਭ ਠੌਰ ਮਝਾਰੀ। ਬਨ ਦੰਡਿਕ ਪੂਰਬ ਵੈਰ ਚਿਤਾਰ ਸੁ ਰਾਜਨ ਫੇਰ ਗਯ ਇਕ ਬਾਰੀ। ਅਤੀ ਤੀਖਨ ਮ੍ਰਿਗ ਭਯੋ ਮ੍ਰਿਗ ਸੈ ਮਮ ਸੈਂ ਮ੍ਰਿਗਵਾ ਬਹੁਤੇ ਪਰਵਾਰੀ। ਜਨਕਾ ਤਮਜਾ ਰਘੁਬੀਰ ਬਲੀ ਲਖਮੰਨ ਸਭੈ ਸੁ ਪਿਖੇ ਬਨ ਕਾਰੀ ॥ ੯ ॥ ਮਾਰਨ ਕੋ ਮਨ ਮੋਹਨ ਕੋ ਤਬ ਰਾਮ ਬਿਲੋਕ ਸੁ ਮੇ ਮਨ ਮਾਹੀਂ। ਮੇਂ ਉਰ ਬਾਨ ਹਨੇ

ਰਘੁ ਨੰਦਨ ਸ੍ਰੋਣਤ ਜਾਵਤ ਮੈਂ ਮੁਖ ਮਾਂਹੀ। ਔਰ ਗਏ ਬਨ ਭਾਗ ਸਭੈ ਪੁਨਿ ਮੈਂ ਗਿਰਿਓ ਇਹ ਸਾਗਰ ਮਾਹੀਂ। ਤਾਂ ਦਿਨ ਤੇ ਇਸ ਠੌਰ ਬਸੌਂ ਮੁਨਿ ਭੇਖ ਧਰਿਓ ਸੁ ਡਰੋਂ ਉਰ ਮਾਹੀਂ ॥੧੦॥ ਅਬ ਰਾਮ ਕੋ ਧਯਾਨ ਧਰੋਂ ਨਿਸ ਬਾਸੁਰ ਭੋਗਨ ਤੇ ਸੁ ਜਰੋਂ ਉਰ ਮਾਹੀਂ। ਰਤਨਾਰਥ ਰਾਜ ਤਥਾ ਰਮਣੀ ਇਹ ਕਾਂਨ ਪਰੇ ਤੁ ਡਰੋਂ ਉਰਮਾਂਹੀਂ। ਇਹ ਸੰਕ ਉਠੇ ਇਹਰਾਮ ਅਏ ਸਭ ਕਾਰਯ ਮੋਹ ਤਜੇ ਜਗ ਮਾਹੀਂ। ਜਬ ਸੋਇ ਰਹੋਂ ਨਿਸ ਮਾਂਹਿ ਤਬੈ ਅਤਿ ਰਾਮ ਚਿਤਾਰਤ ਹੈ ਬਨਮਾਹੀਂ॥੧੧॥ ਸੁਪਨੇ ਜਬ ਰਾਮ ਨਿਹਾਰਤ ਹੌਂ ਸਰ ਤਾਨ ਡਰਾਇ ਸੁ ਮੋਹ ਜਗਾਏ। ਅਬ ਤੂੰ ਸੁਨਿ ਬਾਤ ਕਹੋਂ ਹਿਤ ਕੀ ਸੁਭ ਹੋਵਤ ਰਾਮ ਸੋ ਬੈਰ ਮਿਟਾਏ। ਦਸ ਕੰਧਰ ਰਾਖ਼ਸ਼ ਕੋ ਕਲ ਜੋ ਤੁਮ ਪਾਲ ਕਰੋ ਬਹੁ ਭਾਂਤਿ ਸੁਹਾਏ। ਤਵ ਹੀਤ ਕਹੋਂ ਉਰ ਮਾਂਨ ਕਹਯੋ ਮਤੁ ਰਾਮ ਪਰਾਤਮ ਬੈਰ ਬਢਾਏ॥੧੨॥ ਤਜਿ ਵੈਰ ਭਜੋ ਕਰ ਪ੍ਰੇਮ ਭਲੇ ਕਰੁਣਾਂ ਨਿਧ ਰਾਮ ਪਰਾਤਮ ਗਾਏ। ਯੁਗੁ ਆਦਿ ਬਿਖੇ ਮੁਨਿ ਵਾਕਨ ਤੇ ਸੁ ਉਦੰਤ ਸਭੈ ਹਮਹੈ ਸੁਨ ਪਾਏ। ਪਰ-ਮੇਸੁਰ ਰਾਮਹ ਪੈ ਬਿਨਤੀ ਚਤੁਰਾਨਨ ਆਪ ਕਰੀ ਢਿਗ ਜਾਏ। ਤਬ ਈਸ਼ ਕਹਯੋ ਤਵ ਕਾਰਯ ਜੋ ਸੁ ਕਰੋਂ ਬਿਧਿ ਜਾਹਿੰ ਨਮਿੱਤ ਸੁ ਆਏ ॥੧੩॥ ਚਤਰਾਨਨ ਤੇ ਮੁਖ ਏਹ ਕਹੀ ਕਮਲਾ ਇਤ ਲੋਚਨ ਭੂਮ ਪਧਾਰੋ। ਤੁਮ ਦਾਸਰਥੀ ਵਪੁ ਧਾਰ ਹਰੀ ਦਸਕੰਧਰ ਕੋ ਰਣ ਮੰਡਲ ਮਾਰੋ। ਇਨਤੇ ਹਰਿ ਮਾਨੁ-ਖ ਰਾਮ ਭਏ ਵਹਿ ਆਹਿ ਨਾਰਾਇਣ ਯੌਂ ਉਰ ਧਾਰੋ॥

ਨਿਜ ਆਇ ਭਏ ਵਹਿ ਮਾਨੁਖ ਸੇ ਤਿਨ ਕੋ ਬਨ ਭੀਤਰ ਨਾਂ
ਡਰ ਭਾਰੋ ॥ ੧੪ ॥ ਦੋਹਰਾ ॥ ਭੂਮੀਂ ਭਾਰ ਮਿਟਾਨ ਹਿਤ
ਮਨੁਜ ਭਏ ਜਗਦੀਸ਼। ਤੁਮ ਸੁਖ ਸੋਂ ਨਿਜ ਘਰ ਵਸੋ ਵੈਰ
ਤਜੋ ਅਵਨੀਸ਼ ॥ ੧੫ ॥ ਸੁਨਿ ਮਰੀਚ ਕੇ ਬਚਨ ਕੋ ਬੋਲੇ
ਰਾਵਨ ਫੇਰ। ਮਾਨੀ ਨਾ ਤਿਨ ਕੀ ਕਹੀ ਲੀਨੋ ਕਾਲ ਸੁ
ਹੇਰ ॥ ੧੬ ॥ ਮਕਰਾਛੰਦ ॥ ਜੋ ਪਰਮਾਤਮ ਰਾਮ ਅਹੇ
ਬਿਨਤੀ ਬਿਧਨਾ ਤਿਨ ਜਾਇ ਕਰੀ। ਮਾਰਨ ਕੇ ਹਿਤ ਆ-
ਇ ਇਹਾਂ ਪੁਨਿ ਮਾਨਵ ਕੀ ਤਿਨ ਦੇਹ ਧਰੀ। ਸੋਇ ਕਰੇ
ਵਹਿ ਢੀਲ ਨਹੀਂ ਕਛੁ ਸਿੱਧ ਮਨੋਰਥ ਈਸ਼ ਹਰੀ ॥ ਮੈ ਅਬ
ਢੀਲ ਕਰੋਂ ਨ ਕਛੂ ਬਨ ਜਾਉ ਬਨੇਂ ਮੁਹਿ ਸੀਘ ਹਰੀ ॥ ੧੭
॥ ਸਵੈਯਾ ॥ ਬਧ ਰਾਮ ਕਰੇ ਰਣ ਭੀਤਰ ਜੋ ਤਬ ਮੈਂ ਪਰ
ਮਾਤਮ ਕੋ ਪਦ ਪਾਊਂ। ਨਹਿਂ ਰਾਮ ਹਨੋਂ ਰਣ ਭੀਤਰ ਜੋ
ਤਬ ਜਾਨਕੀ ਕੋ ਘਰ ਭੀਤਰ ਲਿਆਊਂ। ਅਬ ਤੂੰ ਮ੍ਰਿਗ
ਰੂਪ ਸੁਧਾਰ ਤਹਾਂ ਪੁਨਿ ਮੈਂ ਬਨਮੈ ਤਿਨਕੀ ਢਿਗ ਜਾਊਂ। ਤੁਮ
ਆਸ਼੍ਰਮ ਤੇ ਨਹਿਂ ਦੂਰ ਤਿਨੇਂ ਪੁਨਿ ਸਾਨੁਜ ਰਾਮ ਸੁ ਏਹ ਬ
ਤਾਊਂ ॥ ੧੮ ॥ ਪੁਨਿ ਪੂਰਬ ਜਿਉਂ ਘਰ ਮਾਹਿਂ ਬਸੇ ਇਤ
ਨੋਂ ਪਰ ਤੇ ਕਛੁ ਹੋਤ ਨ ਹਾਨੇਂ ॥ ਅਬ ਤੂੰ ਭੇਯ ਦਾਇਕ ਫੇਰ
ਕਛੂ ਬਨ ਕੋਵਿਦ ਮੋਹਿ ਮਰੀਚ ਬਖਾਨੇਂ। ਤਬ ਤੋ ਸਿਰ
ਕਾਟ ਦੁਟੂਕ ਕਰੋਂ ਅਸਿਧਾਰ ਹਨੋਂ ਤੁਮਰੇ ਤਨ ਪ੍ਰਾਨੇਂ। ਸੁ
ਨ ਵਾਕ ਮਰੀਚ ਸੁ ਮ੍ਰਿਤ ਲਖੀ ਅਬ ਬਾਤ ਬਨੇਂ ਖਲਕੇ ਬ
ਚ ਮਾਨੇਂ ॥ ੧੯ ॥ ਜਬ ਰਾਮ ਹਨੇਂ ਬਨਭੀਤਰ ਮੈ ਤਬ ਮੈਂ

ਭਵ ਸਾਗਰ ਤੇ ਛੁਟ ਜਾਵੋਂ । ਦੁਸ਼੍ਰਾਤਮ ਰਾਵਣ ਮੋਹ ਹਨੇਂ ਤਬ ਮੈਂ ਨਰਕਾਗਨ ਕੀ ਗਤਿਪਾਵੋਂ । ਇਹ ਭਾਂਤਿ ਵਿਚਾਰ ਕੀਯੋ ਗਿਰਜਾ ਉਠ ਬੇਗ ਕਹ੍ਯੋ ਤੁਮ ਸੰਗ ਸਿਧਾਵੋਂ । ਪ੍ਰਭ ਰਾਵਨ ਜੋ ਕਛੁ ਮੋਹਿ ਕਹੋ ਸਿਰ ਜੋਰ ਕਰੋਂ ਨਹਿ ਨਾਥ ਹ ਟਾਵੋਂ ॥੨੦॥ ਇਹ ਭਾਂਤ ਉਚਾਰ ਸੁ ਬੈਠ ਰਥੰ ਤਬ ਰਾਘਵ ਆਸ੍ਰਮ ਕੀ ਢਿਗ ਆਇ । ਸੁ ਮਰੀਚ ਭਯੋ ਮ੍ਰਿਗ ਕਾਂਚਨ ਕੋ ਸੁਭ ਰਾਜਤ ਬਿੰਦਸੁ ਬੀਚ ਸੁਹਾਏ ॥ ਰਤਨਾਂ ਸਿਰਸੀਂਗ ਕਰੇ ਛਲਕੈ ਸੁਭ ਨੀਲ ਮਣੀਂ ਮੁਖ ਨੈਨ ਬਨਾਏ । ਦੁਤਿ ਦਾਮਨਿ ਸੀ ਤਨ ਪੈ ਲਸਕੈ ਬਨ ਬੀਚ ਫਿਰੇ ਸੀਯ ਰੂਪ ਦਿਖਾ ਏ ॥ ੨੧ ॥ ਖਿਣ ਧਾਵਤ ਐ ਪੁਨਿ ਆਸ਼੍ਰਮ ਕੀ ਢਿਗ ਆਇ ਤਹਾਂ ਖਿਨ ਮੇਂ ਟਿਕ ਜਾਏ । ਪੁਨਿ ਆਇ ਸਮੀਪ ਡਰੇ ਉਰਮੈਂ ਭਯਭਾਰ ਭਏ ਕਹੂ ਦੂਰ ਪਲਾਏ । ਇਹ ਭਾਂਤਿ ਭਯੋ ਮ੍ਰਿਗ ਵਾ ਛਲਕੈ ਪੁਨਿ ਸੀਯ ਸਮੀਪਪੁਨਾਂ ਪੁਨ ਆਏ । ਇਹ ਭਾਂਤਿ ਫਿਰੇ ਢਿਗ ਆਸ਼੍ਰਮ ਕੀ ਉਰ ਚਾਹਤ ਹੈ ਖਲ ਸੀਯ ਲੁਭਾਏ ॥ ੨੨ ॥ ਇਤਿ ਸ਼੍ਰੀਮਤਿ ਅਧ੍ਯਾਤਮ ਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਅਰੰਨ ਕਾਂਡੇ ਖਸ਼ਮੋ ਧਜਾਇ ॥ ੬ ॥

---

ਸ਼੍ਰੀ ਮਹਾਂਦੇਵ ਉਵਾਚ ॥

॥ ਸਵੈਯਾ । ਅਬ ਰਾਮ ਪਰਾਤਮ ਰਾਵਨ ਕੋ ਕ੍ਰਿਤ ਜਾਨ ਲਯੋ ਸਗਲੋ ਮਨ ਮਾਹੀਂ । ਪੁਨਿ ਰਾਮ ਇਕੰਤ ਕਹ੍ਯੋ ਸੀਯ ਕੋ ਸੁਨ ਸੀਯ ਕਹੌਂ ਤੁਮ ਕੋ ਕਨ ਮਾਹੀਂ । ਦਸਕੰਦਰ ਭਿੱਖਕ

ਰੂਪਧਰੇ ਤੁਮਰੀ ਢਿਗ ਆਵਹਿਗੇ ਬਨ ਮਾਹੀਂ। ਅਬ ਤੂੰ ਕਰ ਛਾਹ ਕੀ ਸੀਯ ਭਲੇ ਪੁਨਿ ਆਪ ਰਹੋ ਦੁਰ ਪਾਵਕ ਮਾਹੀਂ ॥੧॥ ਮਮ ਆਇਸ ਮਾਨ ਦੁਆਦਿਸ ਤੂੰ ਬਸ ਪਾਵਕ ਮੈਂ ਉਰ ਮਾਨ ਕਹੀ। ਪੁਨ ਰਾਵਨ ਕੇ ਬਧ ਤੇ ਉਪਰੰਤ ਸੁ ਮੋਹ ਮਿਲੇ ਇਹ ਝੂਠ ਨਹੀ। ਸੁਨਿ ਰਾਮ ਕੇ ਵਾਕ ਰਚੀ ਛਲ ਕੀ ਸੀਯ ਸੋ ਹਰਿ ਕੇ ਢਿਗ ਆਇ ਬਹੀ। ਤਬ ਆਪ ਧਸੀ ਵਹੁ ਪਾਵਕ ਮੈ ਅਤਿ ਲੀਨ ਭਈ ਨਹਿਜਾਤ ਲਹੀ॥ ੨॥ ਛਲ ਕੀ ਸੀਯ ਸੋਂ ਛਲ ਕੋ ਮ੍ਰਿਗਵਾ ਪਿਖ ਹਾਸ ਉਠੀ ਅਪਨੇ ਮੁਖ ਮਾਹੀਂ। ਢਿਗ ਰਾਮਕੀ ਜਾਇ ਅਧੀਨ ਭਈ ਪੁਨਿ ਏਹੁ ਕਹਯੋ ਨਿਜ ਆਨਨ ਮਾਹੀਂ। ਇਹ ਰਾਮ ਪਿਖੋ ਮ੍ਰਿਗ ਕਾਂਚਨ ਕੋ ਰਤਨਾਗਰ ਭੂਖਨ ਹੈ ਤਨ ਮਾਹੀਂ। ਬਹੁ ਬਿੰਦ ਬਿਰਾਜਤ ਯਾ ਤਨ ਮੈਂ ਡਰਤੋ ਨਹਿ ਰੰਚ ਸੁ ਕਾਨਨ ਮਾਹੀਂ ॥ ੩॥ ਅਬ ਫਾਂਧ ਤਿਨੇਂ ਮੁਹਿ ਦੇਹਪਤੀ ਕਰ ਖੇਲਨ ਘਾਸ ਚੁਗੇ ਫੁਲਵਾਰੀ। ਤਬ ਰਾਮ ਸਰਾਸਨ ਲੈ ਕਰਮੈਂ ਲਘੁਭ੍ਰਾਤ ਸਮੀਪ ਸੁ ਏਹੁ ਉਚਾਰੀ। ਬਨਤੂੰ ਯਤਨਾਂ ਕਰ ਸੀਯ ਰਖੀਂ ਜਨਕਾ ਤਨੁਜਾ ਮਮ ਪ੍ਰਾਣ ਪਿਆਰੀ। ਇਹ ਹੈਂ ਛਲਵੰਤ ਵਡੇ ਖਲ ਰਾਖਸ਼ ਸੀ ਮੁਗਧਾ ਤੁਮਰੀ ਰਖਵਾਰੀ॥ ੪॥ ਇਹ ਹੋਇ ਇਕਾਗਰ ਸੀਯ ਰਖੀਂ ਸੁ ਆਨੰਦਵਤ ਆਹਿ ਪਤਿਬ੍ਰਤ ਬਾਰੀ। ਲਖਮੰਨ ਕਹਯੋ ਮ੍ਰਿਗ ਪੇਖ ਤਬੈ ਮ੍ਰਿਗਨਾਂਹਿ ਸੁਨੋਂ ਭੁਮ ਰਾਮ ਮੁਰਾਰੀ। ਸੁ ਮਰੀਚ ਅਹੇ ਨ ਸੰਦੇਹ ਕਛੂ ਮ੍ਰਿਗ ਯਾ ਬਿਧ ਕੇ ਨ ਰਚੇ ਮੁਖ ਚਾਰੀ। ਗਿਰਜਾ ਸੁਨਿ ਭ੍ਰਾਤ ਮੁ-

ਖਾਂਬੁਜ ਤੇ ਤਬ ਰਾਮ ਰਮਾਪਤਿ ਏਹ ਉਚਾਰੀ ॥ ੫ ॥ ਸ੍ਰੀ
ਰਾਮੋ ਵਾਚ ॥ ਜੁ ਮਰੀਚ ਅਹੇ ਤੁ ਹਨੋ ਖਿਨ ਮੈਂ ਮ੍ਰਿਗ ਜੌ ਤੁ
ਬਨੇਂ ਸੀਧ ਕੇ ਹਿਤ ਆਨੇਂ । ਤੁਮ ਸੀਯਾ ਕੋ ਪਾਲਨ ਨੀਠ
ਕਰੋ ਇਮ ਭਾਖ ਲਈ ਕਰ ਮਾਹਿਂ ਕਮਾਨੇਂ । ਮ੍ਰਿਗ ਕੋ ਅਨਧਾ
ਵਨ ਰਾਮ ਕੀਯੋ ਅਬ ਲੌ ਨਿਗਮਾਗਮ ਨੀਤ ਬਖਾਨੇਂ ।
ਜਿਨ ਮਾਹਿਂ ਰਹੇ ਨਿਤ ਮਾਇ ਸਦਾ ਜਗਦਾ ਕ੍ਰਿਤ ਜਾਸ ਬਿ
ਲੋਕ ਭੁਲਾਨੇਂ ॥ ੬ ॥ ਸੁ ਬਿਕਾਰ ਬਿਹੀਨ ਚਿਦਾਤਮ ਜੋ ਪਰਿ
ਪੂਰਣ ਔ ਮ੍ਰਿਗ ਕੇ ਹਿਤ ਧਾਏ । ਹਰਿ ਸੇਵਕ ਕੇ ਅਨਕੂਲ
ਸਦਾ ਗਿਰਜਾ ਭੁਵ ਮੰਡਲ ਬੇਦਨ ਗਾਏ । ਛਲ ਜਾਨ ਉਮਾਂ
ਸੀਯਾ ਕੇ ਹਿਤ ਰਾਮ ਧਏ ਮ੍ਰਿਗ ਕੋ ਬਲ ਪਾਦ ਉਠਾਏ ।
ਬਲ ਨਾਂਤਰ ਰਾਮ ਪਰਾਤਮ ਜੋ ਮ੍ਰਿਗ ਜਾਨਕੀ ਤੇ ਕਛੁ ਚਾ-
ਹਤ ਪਾਏ ॥੭॥ ਸੁਸਮੀਪ ਕਦਾਚਿਤ ਡੀਠ ਪਰੇ ਖਿਣ ਧਾਵ
ਤ ਲੀਨ ਕਦਾਚਿਤ ਹੋਈ । ਪੁਨਿ ਦੂਰ ਦਿਖਾਵਤ ਰੂਪ ਉਮਾ
ਹਰਿ ਧਜਾਨ ਧਰੇ ਦ੍ਰਿਗ ਹੇਰਤ ਓਈ । ਜਗ ਧੰਨ ਮਰੀਚ
ਸੁ ਭਾਗ ਜਗੇ ਪਰਮਾਤਮ ਢੂੰਡਤ ਤਾਂ ਤਨ ਜੋਈ । ਤਬ ਰਾਮ
ਨਿਹਾਰ ਉਮਾ ਮਨ ਮੈਂ ਹਰਿ ਜਾਨ ਲਯੋ ਖਲ ਰਾਖਸ਼ ਸੋਈ॥
੮ ॥ ਸਰ ਏਕ ਹਨੇ ਮ੍ਰਿਗ ਰੂਪ ਵਹੀ ਧਰ ਪੂਰਬ ਰੂਪ ਗਿਰੇ
ਧਰਮਾਹੀਂ । ਮੁਖ ਮਾਹਿਂ ਮਰੀਚ ਕੇ ਸ੍ਰੋਨ ਬਹੇ ਸੁਰ ਹੇਰ ਤਬੇ
ਸਗਲੇ ਨਭ ਮਾਹੀਂ । ਬਿਧ ਹਾ ਮ੍ਰਿਤ ਮੋਹ ਭਈ ਇਨਤੇ
ਲਖਮੰਨ ਰਖੋ ਤੁਮ ਮੋ ਬਨ ਮਾਹੀਂ । ਇਹ ਭਾਂਤਿ ਉਚਾਰ ਗਿਰੇ
ਮੁਹਿਭਾਰ ਸੁ ਸ੍ਰੋਣਤ ਪੀਵਤ ਜਾ ਮੁਖ ਮਾਹੀਂ ॥ ੯॥ ਮਰਣੇਂ

ਜਿਹ ਨਾਮ ਚਿਤਾਰਤ ਹੀ ਤਜ ਦੇਹ ਮਿਲੈਂ ਨਰ ਰਾਮ ਪਿਆਰੇ। ਅਬ ਕਯੋਂ ਨ ਮਿਲੇ ਵਹਿ ਰਾਖਸ਼ ਜੋ ਹਰਿ ਹੇਰਤਿ ਹੈ ਹਰਿ ਹੀ ਤਿਨ ਮਾਰੇ। ਤਿਨਕੇ ਤਨਤੇ ਇਕ ਜੋਤ ਉਠੀ ਸਭ ਕੇ ਪਿਖਤੇ ਮਿਲੀ ਰਾਮ ਮਝਾਰੇ। ਬਿਸਮੈਂ ਸੁਰ ਹੋਇ ਰਹੇ ਸਗਲੇ ਮਿਲਕੈ ਇਹ ਭਾਂਤ ਬਿਚਾਰ ਬਿਚਾਰੇ॥ ੧੦॥ ਸੁਕ੍ਰਿਤ ਕੌਨ ਕਰਯੋ ਇਨ ਰਾਖਸ਼ ਕੌਨ ਲਯੋ ਪਦ ਯਾ ਜਗ ਮਾਹੀਂ। ਮੁਨਿ ਹਿੰਸਕ ਨੀਚ ਮਹਾਂ ਕਪਟੀ ਸੁ ਮਿਲਯੋ ਤਨ ਛੋਰ ਪਰਾਤਮ ਮਾਹੀਂ। ਅਥਵਾ ਇਹ ਰਾਮ ਪ੍ਰਭਾਵ ਅਹੇ ਕਛੁ ਰਾਖ਼ਸ਼ ਕੀ ਕ੍ਰਿਤ ਕੋ ਬਲੁ ਨਾਹੀਂ। ਸਰ ਰਾਮ ਸਰੀਰ ਹਨੈਂ ਇਨਕੇ ਪੁਨਿ ਰਾਮ ਚਿਤਾਰਤ ਥੋ ਉਰ ਮਾਹੀਂ॥ ੧੧॥ ਡਰ ਰਾਮ ਕੇ ਛੋਰ ਦਈ ਸਗਲੀ ਗ੍ਰਹ ਕੀ ਕ੍ਰਿਤ ਰਾਮ ਭਜੇ ਉਰ ਮਾਹੀਂ। ਰਿਦ ਰਾਮ ਕੋ ਧਿਆਨ ਧਰੇ ਸਦਹੀਂ ਸਭ ਪਾਪ ਮਿਟਾਇ ਦਏ ਤਨ ਮਾਹੀਂ। ਦ੍ਰਿਗ ਰਾਮ ਨਿਹਾਰਤ ਰਾਮ ਮਿਲੇ ਜੋ ਮਰੀਚ ਹਨੈਂ ਹਰਿ ਜੀ ਬਨ ਮਾਹੀਂ। ਦਿਜ ਰਾਖ਼ਸ਼ ਸੁਕ੍ਰਿਤਿ ਦੁਕ੍ਰਿਤ ਕੀ ਗਨਤੀ ਕਛੁ ਹੈ ਹਰਿ ਕੇ ਘਰ ਮਾਹੀ॥ ੧੨॥ ਅੰਤ ਕਲੇਵਰ ਰਾਮ ਤਜੇ ਵਹਿ ਰਾਮ ਮਿਲੇ ਯਹਿ ਸਾਚੁ ਨਿਹਾਰੀ। ਆਪਸ ਮੈਂ ਇਮ ਭਾਖ ਸੁਰਾਸੁਰ ਆਪ ਗਏ ਸੁਰ ਲੋਕ ਮਝਾਰੀ। ਰਾਂਮ ਬਡੀ ਉਰ ਚਿੰਤਬਢੀ ਮਰਣੇ ਖਲ ਰਾਖ਼ਸ਼ ਕੀਨ ਉਚਾਰੀ। ਹਾ ਲਖਮੰਨ ਸੁ ਮੋ ਸਮ ਵਾਕ ਕਹਯੋ ਇਨ ਰਾਕਸ਼ ਤੁੰਡ ਮਝਾਰੀ॥ ੧੩॥ ਸੁਨਿ ਮੋ ਸਮ ਵਾਕ ਬਿਦੇਹ ਸੁਤਾ ਬਧ ਕੀ ਉਪਜੇ ਤਿਨ ਚੀਤ ਮਝਾਰੀ।

ਇਹ ਚਿੰਤ ਬਢੀ ਹਰਿ ਕੇ ਮਨ ਮੈਂ ਬਨ ਦੂਰ ਹਟੇ ਸੁ ਮੁਕੰਦ ਮੁਰਾਰੀ। ਸੁਨਿ ਵਾਕ ਮਰੀਚ ਸੁ ਸੀਯ ਡਰੀ ਦੁਖ ਸਿੰਧ ਬਹੀ ਲਖਮੰਨ ਉਚਾਰੀ। ਲਖਮੰਨ ਸਰਾਸਨ ਲੈਕਰ ਮੈਂ ਬਨ ਬੇਗ ਧਸੋ ਤਵ ਭ੍ਰਾਤ ਪੁਕਾਰੀ॥ ੧੪ ॥ ਰਾਖਸ਼ ਪੀੜ ਦਈ ਤਿਨ ਕੋ ਮੁਖ ਹਾ ਲਖਮੰਨ ਸੁ ਰਾਮ ਕਹੇ। ਨਾਹਿੰ ਸੁਨੇ ਨਿਜ ਕਾਨਨ ਤੂੰ ਬਲਿ ਬੁਧਿ ਕਹਾਂ ਮਮ ਦੂਖ ਦਹੇ। ਤਾਂ ਲਖਮੰਨ ਸੁ ਇਹ ਕਹੀ ਇਹ ਰਾਘਵ ਕੇ ਮੁਖ ਵਾਕ ਨਹੇ। ਕੋਇਕ ਰਾਖ਼ਸ਼ ਰਾਮ ਹਨੇ ਮਰਤੇ ਮੁਖਿ ਭੀਤਰ ਏਹ ਕਹੇ ॥ ੧੫ ॥ ਦੋਹਰਾ ॥ ਕ੍ਰੋਧ ਕਰੇ ਜਬ ਰਾਮ ਜੀ ਹਨੇ ਤ੍ਰਿਲੋਕੀ ਏਕ। ਸੋ ਕਿਮ ਦੀਨ ਸੁ ਬੋਲ ਹੈਂ ਸੁਰ ਪੂਜੈਂ ਧਰ ਟੇਕ॥ ੧੬ ॥ ਸਵੈਯਾ ॥ ਕ੍ਰੋਧ ਭਰੀ ਲਖਮੰਨ ਨਿਹਾਰ ਸੁ ਸੀ ਦ੍ਰਿਗ ਭੀਤਰ ਆਇਸ ਵਾਰੀ। ਭ੍ਰਾਤ ਕੇ ਨਾਸ ਚਹੇਂ ਉਰ ਮੈ ਦੁਰਬੁਧਿ ਮਹਾਂ ਲਖ-ਮੰਨ ਤਿਹਾਰੀ। ਕੈਕਈ ਨੰਦਨ ਤੂੰ ਪਠਿਓ ਮ੍ਰਿਤ ਰਾਮਹਿ ਕੀ ਉਰ ਅੰਤਰ ਧਾਰੀ। ਜਾਨਕੀ ਨਾਂ ਤੁਮ ਹਾਥ ਚਰੈ ਪਿਖ ਪ੍ਰਾਣ ਤਜੋਂ ਜਗ ਆਗ ਮਝਾਰੀ॥੧੭॥ਰਾਮ ਨ ਜਾਨਤ ਥੋ ਤੁਮ ਕੋ ਪਤਿਨੀ ਹਮਰੀ ਬਨ ਲੇਵਨ ਆਇ। ਰਾਮ ਬਿਨਾ ਨਹਿ ਮੈ ਪਰਸੋਂ ਤਨ ਜਾਨਕੀ ਯੋਂ ਮੁਖ ਸਾਚ ਅਲਾਇ। ਕੈਕਈ ਨੰਦਨ ਐ ਤੁਮਕੋ ਕਿਹ ਭਾਂਤਿ ਛੁਹੋਂ ਜਨਕਾ ਤਮਜਾਇ।ਯੋ ਮੁਖਿ ਭਾਖ ਸੁਬਾਹੁ ਹਨੇ ਉਰ ਜਾਨਕੀ ਨੈਨਨ ਨੀਰ ਬਹਾਇ॥੧੮॥ਯੋ ਸੁਨਿ ਕੈ ਲਖਮੰਨ ਤਬੈ ਕਰ ਕਾਨ ਢਪੇ ਦੁਖ ਹੈ ਉਰ ਮਾਹੀਂ। ਮੋ ਪ੍ਰਤਿ ਯੋਂ ਮੁਖਿ ਭਾਖਤ ਹੈ ਧ੍ਰਿਗ ਪਾਵਹਿਗੀ ਦੁਖ ਤੂੰ ਜਗ ਮਾਹੀਂ। ਯੌਂ ਮੁਖ ਭਾਖ ਸੁ ਸੀ ਅਰਪੀ ਤਬ ਕਾਰ ਦੀਏ ਸੁ ਗਯੋ

ਬਨ ਮਾਹੀਂ । ਦੂਖ ਲਗੋ ਉਰ ਭੀਤਰ ਤਾਂ ਹਰਏ ਹਰਏ ਬਨ
ਰਾਮ ਜਹਾਹੀ ॥ ੧੯ ॥ ਤਬ ਅੰਤਰਿ ਪਾਇ ਸੁ ਰਾਵਨ ਨੇ ਖਲ
ਭਿਖਕ ਰੂਪ ਧਰਯੋ ਤਨ ਮਾਹੀਂ । ਜਨਕਾਤਨੁਜਾ ਢਿਗ ਆਇ
ਖਰੋ ਪੁਨ ਦੰਡ ਕਮੰਡਲ ਹੈ ਕਰ ਮਾਹੀਂ । ਤਬ ਸੀਯ ਬਿਲੋਕ
ਸੁ ਆਪ ਉਠੀ ਲਖ ਸੰਤ ਕਰੋਂ ਪੁਨਿ ਪੂਜਨ ਤਾਹੀਂ । ਫਲ
ਮੂਲ ਦਏ ਤਿਨ ਖਾਵਨ ਕੋ ਪੁਨਿ ਸ੍ਵਾਗਤ ਆਪ ਕਹਯੋ ਮੁਖ
ਮਾਹੀਂ ॥ ੨੦ ॥ ਤੋਟਕ ਛੰਦ ॥ ਮੁਨਿ ਜੂ ਤੁਮ ਭੋਜਨ ਬੈਠ
ਕਰੋ । ਸੁਖ ਠੌਰ ਵਸੋ ਦੁਖ ਦੂਰ ਹਰੋ । ਪਤਿ ਮੋ ਬਨਮੈ ਅਬ
ਆਵਹਿੰਗੇ । ਤਵ ਸੇਵ ਵਿਸੇਖ ਕਰਾਵਹਿੰਗੇ ॥ ੨੧ ॥
ਭਿੱਖਕਵਾਚ ॥ ਸ੍ਵੈਯਾ॥ ਵਾਰਜ ਨੈਨਨ ਕੌਨ ਤੁਮੈ ਅਰ ਕੋ ਪਤਿ
ਹੈ ਤੁਮਰੋ ਜਗ ਮਾਹੀਂ । ਕਾਨਨ ਮੈ ਕਿਮ ਵਾਸ ਕਰੋ ਬਹੁ
ਰਾਖਸ਼ ਨੀਤ ਫਿਰੇਂ ਜਿਨ ਮਾਹੀਂ । ਮੋਹਿ ਕਹੋ ਸਭ ਤੂੰ ਕਲ-
ਯਾਨ ਨ ਹੈ ਰਜ ਵੰਸਨ ਕੇ ਘਰ ਮਾਹੀਂ । ਉੱਤਮ ਅੰਗ ਸਭੈ
ਤੁਮਰੇ ਰਿਖ ਨਾਰਨ ਕੋ ਯਹਿ ਲੱਖਣ ਨਾਹੀਂ ॥ ੨੨ ॥ ਸੀਤੋਵਾਚ
ਸਵੈਯਾ ॥ ਔਧਿਪਤੀ ਇਕ ਭੂਪ ਬਲੀ ਦਸਰਥ ਤਨੇ ਸਭ
ਲੋਕ ਬਖਾਨੇਂ । ਹੈਂ ਸੁਤ ਰਾਮ ਬਡੇ ਤਿਨਕੇ ਸੁਭ ਲੱਖਣ
ਔ ਬਲ ਕੈ ਸੁ ਨਿਧਾਨੇਂ । ਮੈ ਪਤਿਨੀ ਤਿਨਕੀ ਜਗ ਮੈਂ
ਜਨਕਾ ਤਨੁਜਾ ਮੁਹਿ ਲੋਕ ਬਖਾਨੇ । ਭ੍ਰਾਤ ਅਹੈ ਲਘੁ ਜੋ ਤਿਨ ਕੋ
ਲਖਮੰਨ ਕਹੇਂ ਬਲ ਬੁਧ ਸਮਾਨੇ ॥ ੨੩ ॥ ਚੌਪਈ । ਪਿਤ
ਆਗਯਾ ਉਰ ਰਾਮ ਸੁ ਧਾਰੀ । ਆਏ ਦੰਡਕ ਵਿਪਨ
ਮਝਾਰੀ । ਚੌਦਾਂ ਬਰਖ ਕਰੇ ਬਨ ਬਾਸਾ । ਤੁਮ ਨਿਜ ਨਾਮ ਸੁ

ਕਰੋ ਪ੍ਰਕਾਸਾ ॥ ੨੪ ॥ ਭਿੱਖਕ ਉਵਾਚ ॥ ਚੌਪਈ ॥ ਪੌਲਸਤ ਤਨੇ ਰਾਂਵਨ ਮੁਹਿ ਭਾਨੇ । ਰਾਖਸ਼ ਰਾਜ ਸਭੈ ਮੁਹਿ ਜਾਨੇ ॥ ਤੇਰੇ ਕਾਮ ਸੁ ਮੋਹਿ ਤਪਾਯੋ ॥ ਤੋਕੋ ਲੇਵਨ ਮੈਂ ਬਨ ਆਯੋ ॥ ੨੫ ॥ ਸਵੈਯਾ ॥ ਮੁਨਿ ਭੇਖ ਧਰੇ ਬਨ ਰਾਮ ਫਿਰੇ ਤਿਨ ਸੰਗਿ ਕਹਾਂ ਸੁਖ ਤੇ ਬਨ ਬਾਰੇ । ਅਬ ਮੋਹਿ ਭਜੋ ਤਜ ਦੂਖ ਸਭੈ ਸਭ ਭੋਗਨ ਭੋਗ ਸੁ ਜੇ ਜਗ ਸਾਰੇ । ਸੁਨਿ ਸੀ ਦਸਕੰਧਰ ਵਾਕ ਤਬੈ ਮਨ ਭੀਤ ਭਈ ਮੁਖਿ ਏਹ ਉਚਾਰੇ ॥ ਇਮ ਮੇ ਖਲ ਭਾਖਤ ਤੂ ਬਨ ਮੈ ਰਘੁਬੀਰ ਬਲੀ ਤੁਮਕੋ ਰਣ ਮਾਰੇ ॥ ੨੬ ॥ ਆਵਹਿਂਗੇ ਅਬ ਸਾਨੁਜ ਰਾਮ ਜੁ ਤੂ ਖਿਣ ਭੀਤਰ ਠਾਢ ਰਹੇ । ਕੋ ਮਮ ਧਾਰ ਸਕੈ ਬਨਮੈ ਹਰਿ ਨਾਰ ਯਥਾ ਸਸਿ ਕਾਨ ਗਹੇ । ਰਾਘਵ ਬਾਨ ਵਭਿੰਨ ਤਨੂੰ ਧਰ ਮਾਂਹਿ ਗਿਰੇ ਫਲ ਬੋਲ ਲਹੇ । ਸੀ ਬਤੀਆਂ ਸੁਨ ਕੈ ਗਿਰਜਾ ਦਸਕੰਧਰ ਕ੍ਰੋਧ ਸੁ ਦੇਹ ਦਹੇ ॥ ੨੭ ॥ ਤਜਿ ਭਿਖਕ ਰੂਪ ਸੁ ਰੂਪ ਗਹੇ ਗਿਰ ਸੋ ਤਨ ਹੈ ਮੁਖ ਭੀਤਰਿ ਗਾਜੇ । ਦਸ ਆਨਨ ਔ ਪੁਨਿ ਬੀਸ ਭੁਜਾਂ ਤਨ ਕੀ ਦੁਤਿ ਸੋ ਘਨ ਕੀ ਦੁਤਿ ਲਾਜੇ । ਤਿਨ ਹੇਰ ਡਰੀ ਬਨ ਦੇਵ ਸਭੈ ਅਰਭੂਤ ਦਸੋ ਦਿਸ਼ ਕੋ ਉਠ ਭਾਜੇ । ਤਬ ਫੇਰ ਧਰਾ ਨਖ ਛਿੰਦਨਕੈ ਜਹਿ ਸੀਯ ਹੁਤੀ ਗਿਰ ਸੀ ਕਰ ਛਾਜੇ ॥ ੨੮ ॥ ਤੋਲ ਧਰਾ ਰਥ ਮਾਹਿਂ ਧਰੀ ਅਤਿ ਬੇਗ ਚਲੇ ਨਭਿ ਮੰਡਲ ਮਾਹੀਂ । ਹਾ ਰਘੁਬੀਰ ਸੁ ਹਾ ਲਖਮੰਨ ਕਹੇ ਜਨਕਾ ਤਨਜਾ ਮੁਖ ਮਾਹੀਂ । ਰੋਵਤ ਦੀਨ ਭਈ ਮਨ ਮੈ ਧਰ ਰੂਪ ਨਿਹਾਰਤ ਨੈਨਨਮਾਹੀਂ

। ਸੀਯ ਕੋ ਰੋਦਨ ਦੀਨ ਮਹਾਂ ਸੁ ਜਟਾਊ ਸੁਨਿਓ ਨਿਜ ਕਾਨਨ ਮਾਹੀਂ ॥ ੨੯ ॥ ਬੇਗ ਉਠੇ ਸੁ ਜਟਾਯੁ ਬਲੀ ਨਖ ਤੀਖਨ ਮੁੰਡ ਕੁਪੇ ਉਰ ਮਾਹੀਂ। ਤਿਸ੍ਰ ਸੁ ਤਿਸ਼ਟ ਕਹ੍ਯੋ ਮੁਖ ਤੇ ਇਹ ਕੋ ਪੁਨਿ ਜਾਵਤ ਹੈਂ ਬਨ ਮਾਹੀਂ। ਭੂ ਜਗ ਨਾਥ ਕੀ ਨਾਰਿ ਹਰੀ ਖਲ ਨਾਥ ਨਹੀਂ ਅਪਨੇ ਘਰ ਮਾਹੀਂ। ਕੂਕਰ ਜਿਉਂ ਪੁੜ ਰਾਸ ਬਲੀ ਅਤਿ ਪਾਵਨ ਨੀਚ ਹਰੇ ਮੁਖ ਮਾਹੀਂ ॥ ੩੦ ॥ ਇਹ ਭਾਂਤਿ ਉਚਾਰ ਸੁ ਚੌਂਚ ਚਲਾਇ ਸੁ ਤੋੜ ਦਯੋ ਰਥ ਰਾਵਨ ਕੋ। ਪਦ ਕੇ ਨਖ ਤੀਖਨ ਫੇਰ ਦਯੋ ਖਗ ਤੋਰ ਦਯੋ ਧਨੁ ਵਾਹਨ ਕੋ। ਤਜ ਸੀਯ ਸੁ ਰਾਵਨ ਖਗ ਲਏ ਸੁ ਜਟਾਯੁ ਜੁਟੇ ਗਲਿ ਲਾਵਨ ਕੋ। ਕਰ ਕ੍ਰੋਧ ਕਟੇ ਤਿਨ ਪੰਖ ਦੁਊ ਸਿਰ ਸੇਖ ਰਹੇ ਸੁ ਬਤਾਵਨ ਕੋ ॥ ੩੧ ॥ ਇਤ ਜਾਇ ਜਟਾਯੁ ਪਰੇ ਧਰ ਮੈਂ ਕਛੁ ਪ੍ਰਾਨ ਰਹੇ ਤਿਨਕੇ ਤਨ ਮਾਹੀਂ। ਉਤ ਰਾਵਣ ਓਰ ਚਢੇ ਰਥਮੈਂ ਗਹਿ ਸੀਯ ਗਏ ਨਭਿ ਮੰਡਲ ਮਾਹੀਂ। ਮੁਖ ਰਾਮਹਿ ਰਾਮ ਸੁ ਸੀਯ ਕਹੇ ਅਤਿ ਰੋਵਤ ਰੱਖਕ ਪਾਵਤ ਨਾਹੀਂ। ਮੁਖ ਹਾ ਰਘੁਬੀਰ ਪੁਕਾਰਤ ਹੈ ਮੁਹਿ ਰਾਮ ਨਿਹਾਰਤ ਨਾਂ ਬਨ ਮਾਹੀਂ ॥ ੩੨ ॥ ਸਵੈਯਾ ॥ ਰਾਖਸ਼ ਲੈ ਬਨ ਰਾਮ ਚਲੇ ਪਤਿਨੀ ਤੁਮਰੀ ਤੁਮ ਲੇਹੁ ਛੁਡਾਈ। ਹਾ ਲਖਮੰਨ ਸੁ ਭਾਗ ਬਡੇ ਅਪਰਾਧਨ ਕੇ ਤੁਮ ਲੇਹੁ ਬਚਾਈ। ਵਾਕ ਸਿਲੀ ਮੁਖ ਮੋਹ ਹਤੇ ਤੁਮ ਦੇਵਰ ਮੋਹ ਪਿਖੋ ਅਬ ਆਈ। ਰੋਵਤ ਯੋਂ ਮੁਖ ਭੀਤਰ ਸੀ ਡਰ ਰਾਮਹਿਕੇ ਗਹਿ ਬੇਗ ਚਲਾਈ ॥ ੩੩ ॥ ਬੇਗ ਪ੍ਰਭੰਜਨ ਜਾਤ ਭਯੋ ਗਹਿ ਸੀ ਦਸ

ਕੰਧਰ ਜੋ ਨਭ ਮਾਹੀਂ । ਸੀਯ ਨਿਹਾਰ ਅਧੋਮੁਖ ਬਾਨਰ ਪਾਂਚ ਬਿਰਾਜਤ ਥੇ ਬਨ ਮਾਹੀਂ । ਭੂਖਨ ਤਾਰ ਕਛੂ ਤਨ ਤੇ ਪਟ ਪਾੜ ਸੁ ਬਾਂਧ ਬਗਾਇ ਤਹਾਹੀਂ । ਰਾਮ ਕਹੇ ਇਕ ਨਾਰ ਗਈ ਸੁ ਹਰੀ ਦਿਸ ਦੱਖਣ ਯਾ ਪਥ ਮਾਹੀਂ ॥੩੪॥ ਤਬਲੰਘ ਪਯੋਨਿਧ ਲੰਕ ਗਏ ਦਸਕੰਧਰ ਸੀਯ ਧਰੀ ਪੁਰ ਮਾਹੀਂ । ਸੁ ਅਸ਼ੋਕ ਬਨੀ ਅਤਿ ਸੁੰਦਰ ਮੈ ਸੁਭ ਤਾਲ ਤਮਾਲ ਲਗੇ ਜਿਨ ਮਾਹੀਂ । ਤਹਿ ਰਾਖ ਸੀਯਾ ਰਖਵਾਰੀ ਕਰੇ ਦਸਕੰਧਰ ਮਾਤ ਪਿਖੇ ਉਰ ਮਾਹੀਂ । ਕ੍ਰਿਸ ਦੀਨ ਭਈ ਅਤਿ ਆਰਤਹੈ ਨਹਿ ਬਾਲ ਗੁੰਦਾਵਤ ਹੈ ਸਿਰ ਮਾਹੀਂ ॥ ੩੫॥ ਦੋਹਰਾ ॥ ਸੁਸਕ ਵਦਨ ਅਤਿ ਬਯਾਕੁਲਾ ਹਾਹਾ ਰਾਮ ਪੁਕਾਰ । ਰਾਖਸ਼ ਮੈ ਸੀਤਾ ਬਸੈ ਬਿਲਪਤ ਨੈਨਨ ਵਾਰ ॥ ੩੬ ॥

ਇਤਿ ਸ੍ਰੀਮਤਿ ਅਧਯਾਤਮ ਰਾਮਾਇਣੇ ਉਮਾਂ ਮਹੇਸੁਰ ਸੰਬਾਦੇ ਆਰੰਨ ਕਾਂਡੇ ਸਪਤਮੋ ਧਯਾਇ ॥ ੭ ॥

---

## ਸ੍ਰੀ ਮਹਾਦੇਵ ਉਵਾਚ

ਸਵੈਯਾ ॥ ਇਹ ਰਾਖਸ ਕਾਮ ਕੋ ਰੂਪ ਧਰੇ ਛਲ ਕੋ ਮ੍ਰਿਗਵਾ ਬਨ ਰਾਘਵ ਮਾਰੇ । ਤਬ ਰਾਮ ਹਟੇ ਬਨ ਤੇ ਘਰ ਕੋ ਅਤਿ ਦੂਰਹਿ ਤੇ ਲਘੁ ਭ੍ਰਾਤ ਨਿਹਾਰੇ । ਮੁਖ ਸੂਕ ਰਹੇ ਅਤਿ ਦੀਨ ਭਇ ਲਖਮੰਨ ਬਲੀ ਬਨ ਪੰਥ ਮਝਾਰੇ । ਵਹ ਜਾਨ ਸਭਾ ਬਿਧ ਰਾਮ ਬਲੀ ਮਨ ਆਪਨ ਮਾਹ ਬਿਚਾਰ ਬਿਚਾਰੇ ॥੧॥ ਲਖਮੰਨ ਨ ਜਾਨਤ ਬਾਤ ਕਛੂ ਬਨ ਮੈ ਸੀਯ ਜੋ ਛਲ

ਕੀ ਸੁ ਬਨਾਈ। ਜਨ ਪ੍ਰਾਕ੍ਰਿਤ ਜਿਉਂ ਅਬ ਸੋਚ ਕਰੋਂ ਸੁ ਕਰੋ ਲਖਮੱਨਕੀ ਆਜੁ ਠਗਾਈ। ਜਬਮੈ ਅਬ ਤੂੰ ਸੁਨਿ ਮੰਦਰ ਮੈ ਤਜਿ ਸੋਕ ਰਹੇ ਬਨ ਮੈ ਠਹਰਾਈ। ਤਬ ਰਾਕਸ਼ ਕੋਟ ਮਰੈ ਕਿਹ ਭਾਂਤਿ ਪਿਖੋ ਅਬ ਔਰ ਸੁ ਰੀਤ ਨ ਕਾਈ॥ ੨॥ ਕਾਮਕ ਜਿਉਂ ਦੁਖ ਭਾਰ ਭਏ ਸੀਯ ਸੋਚ ਕਰੋ ਮਨ ਮੈ ਅਕੁਲਾਵੌਂ। ਢੂੰਡਤ ਢੂੰਡਤ ਸੀ ਬਨ ਮੈ ਤਬ ਮੈ ਅਸੁਰਾ ਇਨ ਮੈ ਕੁਪਿ ਜਾਵੌਂ । ਰਾਵਣ ਕੋ ਕੁਲ ਕੇ ਸਹਿ ਮਾਰ ਸੁ ਪਾਵਕ ਮੈ ਨਿਜ ਜਾਨਕੀ ਪਾਵੌਂ। ਮੋਹਧਰੀ ਗਹਿ ਮੈ ਤਿਨ ਕੋ ਪੁਨਿ ਔਧਪੁਰੀ ਸੁਖ ਸੌਂ ਘਰ ਜਾਵੌਂ॥ ੩॥ ਚਤੁਰਾਨਨ ਮੇ ਬਿਨਤੀ ਸੁ ਕਰੀ ਮਮ ਮਾਨੁਖ ਰੂਪ ਸੁ ਆਪ ਸਵਾਰੇ॥ ਗਹਿ ਮਾਨੁਖ ਭਾਵ ਸੁ ਬਾਸ ਕਰੋਂ ਕਛੁ ਕਾਲ ਈਹਾਂ ਅਬਿ ਭੂਮ ਮਝਾਰੇ। ਜਗ ਮਾਨੁਖ ਭਾਵ ਕੀ ਮੇ ਚਰਯਾ ਸੁਨ ਹੈ ਭਵ ਮੰਡਲ ਜੀਵ ਉਦਾਰੇ! ਤਜਿ ਬੰਦਨ ਤੇ ਭਵ ਮੋਖ ਲਹੇ ਨ ਸਹੇ ਭਵ ਭੀਤਰ ਤੇ ਦੁਖ ਭਾਰੇ॥ ੪॥ ਯੌ ਮਨ ਮੈ ਠਹਰਾਇ ਭਲੌ ਤਬ ਆਵਤ ਰਾਮ ਸੁ ਭ੍ਰਾਤ ਨਿਹਾਰੇ। ਕਾ ਹਿਤ ਜਾਨਕੀ ਤੋਹਿ ਤਜੀ ਲਖਮੰਨ ਕਹ੍ਯੋ ਇਮ ਰਾਮ ਉਚਾਰੇ॥ ਕੈਕਿਨ ਰਾਖਸ਼ ਸੀਯ ਹਰੀ ਪੁਨਿ ਕੈ ਜਨਕਾਤਨਜਾ ਗਯੋ ਮਾਰੇ । ਰਾਮ ਕਹ੍ਯੋ ਜਬ ਯਾ ਮੁਖ ਤੇ ਕਰ ਜੋਰ ਸੀਯਾ ਬਚ ਭ੍ਰਾਤ ਉਚਾਰੇ।੫॥ਹਾ ਲਖਮੰਨ ਕਹ੍ਯੋ ਮੁਖ ਰਾਖਸ਼ ਸੋ ਹਰਜੀ ਹਮ ਹੂ ਸੁਨ ਪਾਏ। ਤੇ ਬਚ ਸੌਂ ਸੁਨਿ ਸੋ ਅਵਨੀ ਦੁਹਿਤਾ ਮਮ ਜਾਹ ਸੁ ਏਹ ਅਲਾਏ। ਰੋਇ ਉਠੀ ਤਬ ਮੋਹਿ ਕਹ੍ਯੋ ਬਚ

ਰਾਖਸ਼ ਕੋ ਭ੍ਰਮ ਕਿਧੋਂ ਦੁਖ ਪਾਏ। ਰਾਮ ਕਹੇ ਨਹਿ ਧੋਂ ਕਬ
ਹੀ ਮੁਖਿ ਸੋਭਨ ਤੂੰ ਸੁ ਪਿਖੇ ਘਰ ਆਏ ॥ ੬ ॥ ਇਹ ਭਾਂਤਿ
ਕਹਯੋ ਜਬ ਮੈ ਤਿਨ ਕੋ ਤਬ ਫੇਰ ਕਹਯੋ ਤਿਨ ਧੌਂ ਮੁਖ ਮਾ
ਹੀਂ। ਅਬ ਸੋ ਨਹਿ ਵਾਕ ਵਖਾਨ ਸਕੋਂ ਵਹਿ ਆਹਿ ਅਵਾਰ
ਸੁ ਤੇ ਢਿਗ ਮਾਹੀਂ। ਕਰ ਸੇ ਮਮ ਕਾਨ ਦਬੇ ਦਬਹੀਂ ਤੁਮ
ਪੇਖਨ ਕੋ ਸੁ ਅਧੋ ਬਨ ਮਾਹੀਂ। ਤਬ ਰਾਮ ਕਹਯੋ ਲਖਮੰਨ
ਉਮਾਂ ਸੁਨਿ ਤੱਦਪ ਤੋਹਿ ਕੀਓ ਕਛੁ ਨਾਹੀਂ ॥ ੭ ॥ ਤੁਮ
ਜੋਖਤ ਵਾਕ ਸੁ ਸੱਤ ਗਹੇ ਪੁਨਿ ਤਯਾਗ ਕਰਯੋ ਤਿਨਕੋ ਬਨ
ਮਾਹੀਂ। ਅਬ ਕੈ ਕਿਨ ਰਾਖਸ਼ ਸੀਯ ਹਰੀ ਪੁਨਿ ਕੈ ਕੋਊ
ਖਾਇ ਗਯੋ ਮੁਖ ਮਾਹੀਂ। ਇਹ ਚਿੰਤ ਬਢੀ ਰਘੁ ਬੀਰ ਬਲੀ
ਕਰ ਬੇਗ ਅਏ ਨਿਜ ਆਸ਼੍ਰਮ ਮਾਹੀਂ। ਜਨਕਾ ਤਨੁਜਾ ਨਹਿੰ
ਤਾਹਿ ਪਿਖੀ ਸੁ ਬ੍ਰਿਲਾਪ ਕਰੈਂ ਦੁਖ ਹੈ ਉਰ ਮਾਹੀਂ ॥ ੮ ॥
ਸ਼ੰਕਰ ਛੰਦ ॥ ਹਾ ਜਾਨਕੀ ਅਤਿ ਸੁੰਦਰੀ ਕਹਿ ਗਈ
ਆਸ੍ਰਮ ਛੋਰ ॥ ਕੈ ਨੀਲ ਤੂੰ ਬਨ ਮੈ ਭਈ ਮਮ ਹਾਸ ਹਿਤ
ਮਨਤੋਰ। ਇਮ ਰਾਮ ਢੂੰਢੇ ਜਾਨਕੀ ਬਨਮਾਹਿ ਪਾਵੇ ਨਾਹਿ
। ਬਨ ਦੇਵੀਯੋ ਤੁਮ ਮੈ ਕਹੋ ਕਹਿ ਜਾਨਕੀ ਅਬ ਆਹਿ
॥੯॥ ਮ੍ਰਿਗ ਪਾਦ ਪਾਲਿ ਵਿਹੰਗਮੋ ਤੁਮ ਦੇਹ ਮੋਹਿ ਬਤਾਇ।
ਇਹ ਭਾਂਤਿ ਬਿਲਪ ਸੁ ਰਾਮ ਜੀ ਸੀਯ ਹੇਰ ਹੈਂ ਨਹਿੰ ਪਾਇ
। ਸਰਬੱਗ ਸੋ ਰਘੁਨੰਦਨਾ ਪਰ ਸੀਯ ਪਾਵਹਿੰ ਨਾਹਿੰ।
ਆਨੰਦ ਸੋਂ ਅਨ ਸੋਚ ਹੈਂ ਅਚੱਲ ਦੌਰੇ ਜਾਹਿੰ ॥ ੧੦ ॥
ਚੌਪਈ ॥ ਨਿਰ ਮਮ ਨਿਰ ਹੰਕਾਰ ਸੁਰਾਮਾ। ਅਖੰਡ

ਅਨੰਦ ਸਦਾ ਚਿਦ ਧਾਮਾ। ਮਮ ਜਾਯਾ ਸੀਤਾ ਯੋ ਕਹੇਂ। ਦੁਖ ਸਾਗਰ ਕੋ ਅੰਤ ਨ ਲਹੇਂ॥ ੧੧॥ ਯਾ ਬਿਧਿ ਮਾਯਾ ਨਰ ਤਨਧਾਰੀ। ਫਿਰੇਰਘੁਤਮ ਵਿਪਨ ਮਝਾਰੀ। ਜਾਂ ਪਦਪੰਕਜ ਭੁਏ ਬਿਧਾਤਾ। ਮੁਨਿ ਸਨਕਾਦਿਕ ਔ ਰਿਖ ਸਾਤਾ॥ ੧੨॥ ਦੋਹਰਾ॥ ਹੈ ਅਸੰਗ ਸਹ ਸੰਗ ਸੇ ਮੂੜ੍ਹ ਪਛਾਨੇ ਰਾਮ। ਤਤ ਗਿਆਨੀ ਰਾਮ ਕੌ ਲਖੈ ਪਰਾਤਮ ਧਾਮ॥ ੧੩॥

ਚੌਪਈ॥ ਯਾ ਬਿਧ ਸੀਯ ਹਰਿ ਬਨ ਮੈ ਟੋਲੈਂ। ਲਖਮਣ ਸਹਿਤ ਬਯਾਕੁਲ ਡੋਲੈਂ। ਨਭ ਕੀ ਓਰ ਨ ਡੀਠ ਪਸਾਰੇਂ। ਸੂਰਜ ਤੇ ਉਰ ਲਜਾ ਧਾਰੇਂ॥ ੧੪॥ ਸ਼ੰਕਰ ਛੰਦ॥ ਰਥ ਚਕਰ ਚਾਂਪ ਸੁ ਕੂਬਰੀ ਭੂ ਭਗਨ ਠਾਮ ਨਿਹਾਰ। ਦੇਖ ਲਖਮਣ ਭ੍ਰਾਤ ਤੂ ਇਮ ਰਾਮ ਕੀਨ ਉਚਾਰ॥ ਕੋ ਲੈ ਚਲੇ ਥੇ ਜਾਨਕੀ ਤਿਨ ਜੀਤ ਲੀਨੀ ਆਨ। ਕਛੁ ਭੂਮ ਆਗੇ ਰਾਮ ਜੀ ਪੁਨਿ ਗਏ ਏਹੁ ਬਖਾਨ॥ ੧੫॥ ਸਵੈਯਾ॥ ਤਨ ਹੈ ਗਿਰ ਸੇ ਮੁਖ ਸ੍ਰੋਣ ਭਰੇ ਤਿਨ ਪੇਖ ਸੁ ਰਾਘਵ ਏਹੁ ਅਲਾਈ। ਜਨਕਾ ਤਨੁਜਾ ਸੁਭ ਲੱਖਣ ਜੋ ਲਖਮੰਨ ਸੁਨੋ ਇਹ ਹੈਗਨ ਖਾਈ। ਪਿਖ ਯਾਹਿ ਨਿਸਾਚਰ ਪ੍ਰਾਣ ਹਨੋ ਅਬ ਸੋਇ ਰਹੇ ਸੁ ਇਕੰਤ ਅਗਾਈ। ਅਬ ਬਾਨ ਸਰਾਸਨ ਮੋਹਿ ਦਿਜੇ ਰਘੁਨੰਦ ਬਨੇਂ ਨਹਿ ਢੀਲ ਲਗਾਈ॥ ੧੬॥ ਸੁਨਿ ਰਾਮ ਕੇ ਵਾਕ ਜਟਾਯੁ ਡਰੇ ਅਤਿ ਦੀਨ ਭਏ ਮੁਖ ਏਹ ਉਚਾਰੀ। ਨਹਿ ਮਾਰ ਹਮੇਂ ਹਮ ਦੈਵ ਹਨੇ ਕਲਿਆਂਨ ਤੁਮੇਂ ਸੁ ਮੁਕੰਦ ਮੁਰਾਰੀ। ਮੁਹਿ ਨਾਮ ਜਟਾਯੂ ਸੁ ਤੇ ਪਤਨੀ ਜਨਕਾ

ਤਨੁਜਾ ਗੁਣ ਸੀਲ ਉਦਾਰੀ । ਦਸਕੰਧਰ ਸੋ ਬਨ ਮਾਹਿ ਹਰੀ ਤਿਨ ਸੰਗ ਭਿਰੇ ਹਮ ਰਾਮ ਸੁ ਭਾਰੀ॥੧੭॥ ਮੈ ਤਿਨ ਬਾਹਨਿ ਸਿੰਧਨ ਛਾਂਪ ਸੁ ਕਾਟ ਭਲੇ ਧਰ ਮਾਹਿੰ ਗਿਰਾਏ। ਮਾਰ ਗਿਓ ਮਮ ਪ੍ਰਾਣ ਤਜੇ ਪਿਖ ਭਾਗ ਭਲੇ ਤੁਮਹੂ ਅਬ ਆਏ। ਯੋ ਸੁਨਿ ਰਾਮ ਜਟਾਯੁ ਕਥਾ ਅਤਿ ਦੀਨ ਖਗੇਸ ਗਲੇ ਅਸੁ ਲਾਏ। ਰਾਮ ਛੁਏ ਤਿਨ ਹਾਥਨ ਕੈ ਅਤਿ ਦੁਖ ਭਯੋ ਜਲ ਨੈਨ ਬਹਾਏ॥ ੧੮॥ ਆਹਿ ਸੁ ਭਾਮਨ ਮੇਂ ਪਤਨੀ ਬਨ ਕਾਹਿ ਹਰੀ ਸੁ ਜਟਾਯੁ ਸੁ ਟੇਰੋ। ਤੂ ਮਮ ਕਾਜ ਰਤੇ ਬਨ ਮੈ ਪ੍ਰਿਯਾ ਬਾਂਧਵ ਤੂੰ ਜਗ ਭੀਤਰ ਮੇਰੋ। ਰਾਮ ਜਟਾਯੁ ਕਹੇ ਬਤੀਆਂ ਮੁਖ ਮਾਹਿ ਸੁ ਸ੍ਰੋਣਤ ਜਾਹਿ ਘਨੇਰੋ। ਰਾਵਨ ਰਾਖਸ਼ ਰਾਜ ਕਰੇ ਹਰਿ ਸੀਯ ਗਏ ਤੁਮ ਸੋਧ ਸਵੇਰੋ॥ ੧੯॥ ਦਿਸ ਦਖਣ ਸੀਯ ਗਈ ਤੁਮਰੀ ਅਬ ਜੋਰ ਨਹੀਂ ਮਮ ਬੋਲਨ ਕੋ। ਅਬ ਪ੍ਰਾਣ ਤਜੋਂ ਤੁਮ ਰਾਮ ਅਏ ਹਮਰੇ ਜਗ ਬੰਧਨ ਖੋਲਨ ਕੋ। ਤੁਮ ਈਸੁਰ ਤੇ ਪਦ ਕੰਜਨ ਕੀ ਇਹ ਰੇਣ ਕਹਾਂ ਜਗ ਲੋਕਨ ਕੋ। ਇਹ ਰੂਪ ਨਿਹਾਰ ਮਿਟੇ ਅਘ ਭਾਰ ਫਿਰੋ ਬਨ ਮੈ ਸੀਯ ਟੋਲਨ ਕੋ॥ ੨੦ ॥ ਚੌਪਈ ॥ ਭਲਾ ਭਯਾ ਤੁਮ ਰਾਮ ਨਿਹਾਰੇ । ਮਰਣ ਸਮੇਂ ਜਨ ਕੇ ਅਘਟਾਰੇ। ਤੂੰ ਪਰਮਾਤਮ ਬਿਸ਼ਨ ਅਨੂਪ। ਮਾਯਾ ਕਰ ਭਏ ਮਨੁਜ ਸਰੂਪ॥੨੧॥ਅੰਤਕਾਲ ਤਵ ਦਰਸ਼ਨ ਪਾਏ। ਰਘੁਪਤ ਤੁਮ ਮੇਂ ਬੰਧ ਮਿਟਾਏ। ਮੋ ਤਨ ਰਾਮ ਲਗਾਵੋ ਹਾਥ। ਮੈਂ ਤੇ ਪਦੁ ਜਾਵੋਂ ਰਘੁਨਾਥ॥ ੨੨ ॥ ਰਾਮ ਤਥਾ ਤਿਹ ਹਾਥ

ਲਗਾਏ । ਭੂਮਿ ਪਰੇ ਖਗ ਪ੍ਰਾਣ ਬਿਲਾਏ । ਰਾਮ ਬੰਦ ਜਿਉ ਸੋਚ ਅਪਾਰੀ । ਰੋਵੇ ਰਾਮ ਜਾਇ ਦਿਗਵਾਰੀ॥ ੨੩ ॥ ਲਖਮਣ ਕੇ ਕਰ ਚਿਖਾ ਬਣਾਈ । ਰਾਮ ਹਾਥ ਕਰ ਆਗ ਲਗਾਈ । ਲਖਮਣ ਸਹਿ ਨ੍ਹਾਏ ਜਲ ਰਾਮ । ਦੇਹਿ ਤਿਲੰਜਨ ਲੈ ਖਗ ਨਾਮ ॥ ੨੪ ॥ ਬਹੁਰ ਮੇਧ ਮ੍ਰਿਗ ਰਾਮ ਸੁ ਮਾਰੇ । ਆਮਿਖ ਖੰਡ ਸੁ ਆਪ ਸਵਾਰੇ । ਸ੍ਰਾਧ ਰਾਮ ਤਿਨਕੋ ਤਬ ਕਰਿਯੋ । ਜੁਦਾ ਜੁਦਾ ਤ੍ਰਿਣ ਮਾਸ ਸੁ ਧਰਿਯੋ ॥ ੨੫ ॥ ਭੱਖਣ ਕਰੇ ਸਜਾਤੀ ਸਾਰੇ । ਤ੍ਰਿਪਤ ਖਗੇਸ਼ੁਰ ਹੋਇ ਉਦਾਰੇ । ਸ਼੍ਰਾਧ ਕਰੇ ਇਹ ਮੰਤ੍ਰ ਉਚਾਰੀ । ਬਹੁਰ ਜਟਾਯੁਕੋ ਕਹੇ ਮੁਰਾਰੀ ॥ ੨੬ ॥ ਜਟਾਯੁ ਜਾਹਿ ਅਬ ਮੋ ਪਦ ਬੀਰ । ਮਮਸਰੂਪ ਪਾਵੇ ਤੁਮ ਧੀਰ । ਸਰਬ ਲੋਕ ਯਹਿ ਬਾਤ ਨਿਹਾਰੇਂ । ਰਾਮ ਚੰਦ ਇਹ ਭਾਂਤਿ ਉਚਾਰੇ ॥ ੨੭॥ ਸਵੈਯਾ ॥ ਤਬ ਦਿੱਬ ਤਨੂ ਧਰ ਵੈ ਖਗ ਨਾਇਕ ਦੂਸਰ ਜਿਉ ਨਭ ਸੂਰ ਚਰੇ । ਅਤਿ ਸੁੰਦਰ ਜਾਇ ਵਿਮਾਨ ਚੜ੍ਹੇ ਸਭ ਭੂਖਨ ਹੈਂ ਤਨ ਮਾਹਿੰ ਧਰੇ । ਕਰ ਚੱਕ੍ਰ ਗਦਾ ਮੁਕਟਾ ਗਦ ਵਾਰਿਜ ਲੋਕਨ ਕੇ ਤਮ ਦੂਰ ਕਰੇ । ਤਨ ਪੀਤ ਪਟੰਬਰ ਯੋ ਲਸਕੈ ਜਨ ਮੇਘਨ ਕੇ ਸਹਿ ਬਿੱਜੁ ਫਿਰੇ॥ ੨੮॥ ਦੋਹਰਾ ॥ ਚਾਰ ਬਿਸ਼ਨ ਕੋ ਪਾਰਖਦ ਤੈਸੇ ਤਾਹਿੰ ਸਰੂਪ । ਪੂਜੇ ਸਰਬ ਜਟਾਯੁ ਕੋ ਰਘੁ ਵਰ ਕ੍ਰਿਪਾ ਅਨੂਪ॥ ੨੯॥ ਚੌਪਈ ॥ ਉਸਤਤ ਕਰੇ ਜੁਗੀਸ਼ੁਰ ਸੰਗਾ । ਭਯੋ ਜਟਾਯੁ ਸਰੂਪ ਉਤੰਗਾ । ਬਹੁਰ ਜਟਾਯੁ ਜੋਰ ਨਿਜ ਹਾਥ । ਉਸਤਤ ਕਰਤ ਭਏ ਰਘੁਨਾਥ ॥ ੩੦

॥ ਜਟਾਯੁਵਾਚ ॥ ਚੌਪਈ ॥ ਅਗਣਤ ਅਹੇ ਗੁਣ ਪੁੰਜ ਤੁਮਾਰੇ। ਅੱਪ੍ਰਮੇਯ ਤੁਮ ਬ੍ਰਹਮ ਉਦਾਰੇ। ਜਗ ਸੰਯਮ ਇਸ ਥਿਤ ਕੇ ਕਾਰਣ। ਬਿਰਾਗ ਪਰਮ ਤੁਮ ਕਾਲ ਨਿਵਾਰਣ॥ ੩੧ ॥ ਰਾਮਚੰਦ ਮੇਰੀ ਪਰਣਾਮ। ਤੁਮ ਕੋ ਅਹੇ ਸੁ ਆਠੋਂ ਜਾਂਮ। ਤੁਮ ਅਪਾਰ ਸੁਖ ਰਾਮ ਰਸਾਲ। ਰਮਾਂ ਕਟਾਖ ਸੁ ਕਰੇ ਬਿਸਾਲ ॥ ੩੨ ॥ ਸੁਰਪਤਿ ਚਤੁਰਾਨਨ ਦੁਖ ਜੋਈ। ਤੁਮੇ ਨਿਵਾਰਿਕ ਔਰ ਨ ਕੋਈ। ਨਰਵਰ ਤੁਮ ਕੋ ਸਦ ਪਰਣਾਮ। ਤੁਮ ਵਰ ਦਾਇਕ ਪਰਮ ਅਕਾਮ ॥ ੩੩ ॥ ਬਾਨ ਸਰਾਸਨ ਤੇ ਕਰ ਸੋਹੇ। ਤੀਨ ਭਵਨ ਤਰਣੀਂ ਮਨ ਮੋਹੇ। ਵਾਂਛਤ ਫਲ ਕੇ ਤੁਮ ਦਾਤਾਰੀ। ਰਵਿਸਮ ਸੁੰਦਰ ਪ੍ਰਭਾ ਤੁਮਾਰੀ ॥ ੩੪ ॥ ਸੁਰਗ ਬਿਰਖ ਤਲ ਨਿਰੇ ਤੁਮਾਰੇ। ਤੁਮ ਸਰੰਨ ਮੈ ਸ਼ਰਨ ਤਿਹਾਰੇ। ਭਵ ਅਰੰਨ ਦਾਵਾਨਲ ਨਾਮ ॥ ਸ਼ਿਵ ਮੁਖ ਦੇਵ ਭਜੇ ਤਵ ਨਾਮ ॥ ੩੫ ॥ ਦਾਨ ਜਪੁ ਕੋਟ ਹਜ਼ਾਰ ਬਿਨਾਸੀ। ਯਮ ਨਾਸੀ ਤਨ ਪ੍ਰਭਾ ਪ੍ਰਕਾਸ਼ੀ। ਮੈਂ ਸ਼ਰਣਾਗਤਿ ਤੁਮਰੀ ਦੇਵ। ਤੁਮ ਪਰ ਪੂਰਣ ਅਲਖ ਅਭੇਵ ॥ ੩੬ ॥ ਗਿਰੇ ਸੁ ਤੇ ਜਗ ਵਿਖੇ ਮਝਾਰੇ। ਤਿਨ੍ਹ ਤੁਮ ਦੂਰ ਸੁ ਰਾਮ ਮੁਰਾਰੇ। ਵਿਖਯਨ ਤੇ ਵੇਮੁਖ ਜਨ ਜੇਈ। ਸਦਾ ਨਿਹਾਰੇ ਤੁਮ ਕੋ ਤੇਈ ॥ ੩੭ ॥ ਭਵ ਸਾਗਰ ਤਾਰਣ ਪਦ ਨਾਵ। ਸ਼ਰਣ ਗਹੀ ਤੁਮਰੇ ਅਬ ਪਾਂਵ। ਸ਼ਿਵ ਗਿਰਜਾ ਮਨ ਕੀਨਾ ਵਾਸ। ਗਿਰਵਰ ਧਾਰਣ ਤੁਮ ਸੁਖ ਰਾਸ ॥ ੩੯ ॥ ਸੁਰਵਰ ਘੋ ਮੁਨਿ ਦਨੁ ਸਿਰਦਾਰੇ। ਸੇਵੇਂ ਸਗਲ ਸੁ ਚਰਣ ਤੁਮਾਰੇ।

ਦੇਵਨ ਕੇ ਪ੍ਰਭ ਵਰ ਦਾਤਾਰੀ । ਰਘੁਨਾਇਕ ਮੈਂ ਸ਼ਰਣਿ ਤਿਹਾਰੀ ॥੩੯॥ ਸਵੈਯਾ ॥ ਪਰ ਕੇ ਧਨ ਔ ਪਰ ਨਾਰਨ ਤੇ ਜਿਨ ਨੀਤ ਵਿਰਾਗ ਗਹੇ ਉਰ ਮਾਹੀਂ । ਪਰ ਕੇ ਗੁਣ ਹੇਰ ਪ੍ਰਸੰਨ ਸਦਾ ਪਰ ਕੇ ਹਿਤ ਮੈਂ ਸੁ ਰਮੇਂ ਉਰ ਮਾਹੀਂ । ਸੁ ਵਹੀ ਸੁਖ ਸੇਵਤ ਹੈਂ ਤੁਮ ਕੋ ਸ਼ਰਣਾਗਤਿ ਮੈਂ ਤੁਮਰੀ ਜਗੁ ਮਾਹੀਂ । ਮੁਖ ਅੰਬੁਜ ਮੰਦ ਪ੍ਰਸੰਨ ਹਸੇ ਸੁ ਚਿਤਾਰਤ ਆਇ ਮਿਲੇ ਜਗ ਮਾਹੀਂ ॥ ੪੦ ॥ ਨਵ ਨੀਰਦ ਸਾਮ ਸੁ ਕੰਜਪ੍ਰਭਾ ਦ੍ਰਿਗ ਸੋਭਿਤ ਰਾਮ ਪ੍ਰਫੁਲ ਤੁਮਾਰੇ । ਗੁਰ ਕੇ ਗੁਰ ਈਸ਼ੁਰ ਰਾਮ ਤੁ ਮੇਂ ਹਰਿ ਬ੍ਰਹਮ ਸ਼ਿਵਾਦਿਕ ਰੂਪ ਤੁਮਾਰੇ । ਗੁਣ ਤੀਨ ਮਈ ਤੁਮਰੀ ਸ਼ਕਤੀ ਪੁਨਿ ਤਾਂ ਕਰਹੈ ਤੁਮਹੂ ਯਹਿ ਧਾਰੇ ।ਰਵਿ ਜਿਉਂ ਜਲ ਭਾਂਜਨ ਮਾਹਿੰ ਭਯੋ ਹਮ ਹੈਂ ਗੁਣਗਾਇਕ ਰਾਮ ਮੁਰਾਰੇ ॥ ੪੧ ॥ ਰਤਿਕੇ ਪਤਿਕੇ ਸੁਤਿ ਕੋਟਿ ਸਮਾ ਅਤਿ ਸੁੰਦਰ ਤੂੰ ਜਗ ਮਾਹਿੰ ਸੁਹਾਵੇ । ਕਰ ਮਾਗਨ ਭਾਵਨ ਜੇ ਜਗ ਮੈਂ ਰਘੁਨਾਥ ਨਹੀਂ ਤਿਨਕੇ ਕਰ ਆਵੇ । ਯਤਿ ਕੇ ਪਤਿ ਜੇ ਉਰ ਸਾਂਤਿ ਸਦਾ ਤਿਨਕੇ ਉਰ ਮੇਂ ਨਿਤ ਰੂਪ ਦਿਖਾਵੇ । ਰਘੁਨਾਥਤੁਮੈਂਪਦਵਾਸਲਹੈਤੁਮਆਰਿਤਕੇਸਭਦੂਖਮਿਟਾਵੇ ॥ ੪੨ ॥ ਚੌਪਈ ॥ ਯੌਂ ਉਸਤਤਿ ਸੁ ਕਰੀ ਖਗ ਨਾਥ॥ ਪ੍ਰਸੰਨ ਭਏ ਤਾਂ ਪਰ ਰਘੁਨਾਥ । ਰਘੁਨਾਥ ਕਹਯੋ ਤੁਮਰੀ ਕਲਜਾਨ । ਤੂੰ ਮੇਰੋ ਹੈਂ ਭਗਤਿ ਪ੍ਰਧਾਨ ॥ ੪੩ ॥ ਮੋਹ ਬਿਸ਼ਨ ਕੇ ਜੇ ਪਦ ਸਾਰ । ਤਾਂ ਮੈ ਤੂੰ ਅਬ ਬੇਗ ਪਧਾਰ । ਤੋਹਿ ਕਰੀ ਮਮ ਉਸਤਤਿ ਜੋਈ । ਯਾਂ ਕੋ ਪੜ੍ਹੇ ਲਿਖੇ ਵਾ ਕੋਈ ॥ ੪੪ ॥

ਸੋ ਨਰ ਪਾਵੇ ਮੋਹ ਸਰੂਪ। ਮੋਹ ਪਰਾਇਨ ਭਗਤ ਅਨੂਪ। ਯਾ ਬਿਧ ਰਾਮ ਕਹ੍ਯੋ ਪੁਨਿ ਜਬਹੀਂ। ਹਰਖ ਭਯੋ ਖਗਵਰ ਉਰ ਤਬਹੀਂ ॥ ੪੫ ॥ ਦੋਹਰਾ ॥ ਰਘੁਨੰਦਨ ਕੋ ਰੂਪ ਜੋ ਬਿਸ਼ਨੁ ਸਨਾਤਨ ਆਦਿ। ਸੋ ਧਰ ਤਾਂ ਪਦ ਮੈਂ ਗਯੋ ਪ੍ਰੂਜੇ ਜੋ ਬ੍ਰਹਿਮਾਦ ॥ ੪੬ ॥ ਇਤਿ ਸ੍ਰੀ ਅਧ੍ਯਾਤਮ ਰਾਮਾਇਣੇਂ ਉਮਾਂ ਮਹੇਸੁਰ ਸੰਬਾਦੇ ਆਰੰਨ ਕਾਂਡੇ ਅਸ਼ਟਮੋਂ ਧ੍ਯਾਇ ॥ ੮ ॥

---

## ਸ੍ਰੀ ਮਹਾਦੇਵ ਉਵਾਚ

ਸਵੈਯਾ ॥ ਤਬ ਭ੍ਰਾਤ ਸਮੇਤ ਸੁ ਰਾਮ ਰਮਾਂਪਤਿ ਔਰ ਬਨਾਂਤਰ ਮਾਂਹਿ ਗਏ । ਤਿਹ ਸੀਯ ਕੋ ਸੋਧਨ ਰਾਮ ਕਰੇ ਮਨ ਬ੍ਯਾਕੁਲ ਐ ਉਰ ਦੂਖ ਨਏ । ਬਨ ਰਾਖਸ਼ ਰੂਪ ਸੁ ਏਕ ਪਿਖੇ ਜਠਰੇ ਮੁਖ ਹੈ ਦ੍ਰਿਗ ਦੂਰ ਭਏ। ਭੁਜ ਯੋਜਨ ਲੌ ਤਿਨ ਬ੍ਯਾਪ ਰਹੀ ਇਹ ਭਾਂਤ ਕੁਰੂਪ ਸੁਰੂਪ ਕਏ ॥ ੧ ॥ ਨਾਮ ਕਬੰਧ ਕਰੇ ਤਿਨਕੋ ਸਭ ਜੀਵਨ ਕੋ ਬਨ ਭੀਤਰ ਮਾਰੇ। ਤਾਂ ਭੁਜ ਭੀਤਰ ਆਇ ਪਰੇ ਲਘੁ ਭ੍ਰਾਤ ਉਮਾ ਵਹਿ ਰਾਮ ਮੁਰਾਰੇ । ਤਾਂ ਭੁਜ ਮੰਡਲ ਮਾਂਹਿ ਅਏ ਯੁਗ ਭ੍ਰਾਤ ਤਬੈ ਖਲ ਰੂਪ ਨਿਹਾਰੇ। ਪੇਖਹੁ ਪ੍ਰਾਤ ਸੁ ਰਾਕਸ਼ ਕੌ ਹਸਿ ਰਾਮ ਤਬੈ ਇਕ ਵਾਕ ਉਚਾਰੇ॥ ੨ ॥ ਸਿਰ ਪਾਦ ਨਹੀਂ ਇਨ ਰਾਖਸ਼ ਕੋ ਜਠਰੇ ਮੁਖ ਹੈ ਪੁਨਿ ਬਾਂਹ ਪਸਾਰੇ । ਭੁਜ ਭੀਤਰ ਆਇ ਪਰੇ ਜਨ ਜੋ ਤਿਹ ਖਾਇ ਰਹੇ ਬਨ ਘੋਰ ਮਝਾਰੇ। ਹਮ ਆਇ ਪਰੇ ਇਨ ਕੀ ਭੁਜ ਮੈਂ ਖਲ ਰਾਖਸ਼ ਯਾ ਬਨ ਮੈਂ ਹਮ ਮਾਰੇ ।

ਕਹਿੰ ਪੰਥ ਨਹੀਂ ਅਬ ਜਾਵਨ ਕੋ ਰਘੁਨੰਦ ਕਰੇ ਕਹੁ ਕੌਨ ਬਿਚਾਰੇ ॥ ੩ ॥ ਖਾਵਹਿਗੋ ਹਮ ਦੋਨਹਿ ਕੋ ਹਮ ਤੇ ਅਬਨਾਹਿਂ ਕਛੂ ਬਨ ਹੋਈ। ਯੋਂ ਸੁਨਿ ਕੈ ਲਖਮੰਨ ਕਹ੍ਯੋ ਅਬ ਔਰ ਬਿਚਾਰ ਕਰੋ ਨਹਿਂ ਕੋਈ। ਹੋਇ ਇਕਾਗਰ ਏਕ ਇਕਾ ਹਮ ਕਾਟ ਧਰੇਂ ਇਨ ਕੀ ਭੁਜ ਦੋਈ। ਰਾਮ ਤਥਾ ਕਹ ਲੀਨ ਅਸੀ ਭੁਜ ਦੱਖਣ ਤਾਂਹਿ ਕਟੀ ਹਰਿ ਸੋਈ ॥ ੪ ॥

॥ ਚੌਪਈ ॥ ਲਖਮਣ ਵਾਮ ਭੁਜਾ ਕਟ ਡਾਰੀ। ਦੈਤ ਅਚੰਭਾ ਭਯੋ ਸੁ ਭਾਰੀ । ਤੁਮ ਦੋਵਨ ਮੈਂ ਕੌਨ ਪ੍ਰਧਾਨ । ਜਿਨ ਮੇਰੀ ਭੁਜ ਕੀਨੀਂ ਹਾਨ॥ ੫॥ ਕਹੋ ਅਹੋ ਤੁਮ ਭੂਮਿ ਨਿਵਾਸੀ । ਕੈ ਇਵ ਦੇਵ ਸੁ ਤੇਜ ਪ੍ਰਕਾਸ਼ੀ। ਕੰਜ ਨੈਨ ਸ੍ਰੀ ਰਾਮ ਰਸੀਲੇ। ਹਸਿ ਕਰ ਬੋਲੇ ਛੈਲ ਛਬੀਲੇ ॥ ੬ ॥ ਸਰਯੂਤੀਰ ਅਯੋਧਜਾ ਅਹੇ। ਪੁਰੀ ਮਨੋਹਰ ਸਭ ਨਰ ਕਹੇ। ਤਾਂਕੋ ਪਤਿ ਦਸਰਥ ਵਰ ਰਾਈ। ਸੁਰਪਤਿ ਕੀ ਜਿਨ ਕੀਨ ਸਹਾਈ ॥ ੭ ॥ ਦੋਹਰਾ ॥ ਮੈਂ ਤਿਨਕੋ ਸੁਤਿ ਪੂਰਬੋ ਭਾਈ ਯਹ ਮਮ ਨਾਲ । ਰਾਮ ਨਾਮ ਮੇਰੋ ਕਹੇਂ ਲਖਮਣ ਇਹੈ ਬਿਸਾਲ ॥ ੮ ॥ ਮਮ ਪਤਨੀ ਸੁਭ ਜਾਨਕੀ ਸੀਤਾ ਸੁੰਦਰ ਰੂਪ। ਮ੍ਰਿਗੀਯਾ ਕੋ ਹਮ ਥੇ ਗਏ ਰਾਖਸ਼ ਹਰੀ ਅਨੂਪ ॥ ੯ ॥ ਤਿਨਕੋ ਸੋਧਨ ਹਮ ਕਰੇਂ ਆਏ ਯਾ ਬਨ ਮਾਹਿਂ। ਤੋ ਭੁਜ ਭੀਤਰ ਘੇਰਿਆ ਪ੍ਰਾਣ ਪਿਆਰੇ ਆਹਿ॥ ੧੦ ॥ ਪ੍ਰਾਣ ਹਿਤਾਰਥ ਤੇ ਭੁਜਾ ਕਾਟੀ ਭੁਜ ਬਲ ਧਾਰ। ਵਿਕਟ ਰੂਪ ਤਨ ਮੈਂ ਧਰੇ ਤੁਮਹੋ ਕੌਨ ਉਚਾਰ ॥ ੧੧ ॥ ਕਬੰਧੋ ਵਾਚ ॥ ਚੌਪਈ ॥ ਮੈਂ ਅਬ ਧੰਨ

ਭਯੋ ਜਗਮਾਹੀਂ । ਰਾਮ ਅਏ ਤੁਮ ਮੇ ਵਿਗ ਮਾਹੀਂ। ਮੈਗੀਧਰ ਬਨ ਕੋ ਥਾ ਰਾਜਾ। ਯੌਵਨ ਰੂਪ ਪਰਮ ਸਿਰ ਤਾਜਾ॥ ੧੨॥ ਗਰਬ ਭਯੋ ਮੇਰੇ ਉਰ ਮਾਹੀਂ । ਬਿਚਰੋ ਮੈਂ ਸਭ ਲੋਕਨ ਮਾਹੀਂ । ਮੋਹਿ ਪਿਖੇਂ ਸੁਰ ਨਾਰੀ ਜਬਹੀਂ । ਜਾਇ ਹਰਜੇ ਤਿਨਕੇ ਮਨ ਤਬਹੀਂ ॥ ੧੩ ॥ ਮੇਂ ਤਪ ਕਰ ਬ੍ਰਹਮਾਂ ਵਰ ਦੀਨੋਂ । ਮੋਹਿਅਬੱਧ ਰਘੁਤਮ ਕੀਨੋਂ। ਅਸ਼੍ਰਾ ਵੱਕਰ ਜੋ ਮੁਨਿਰਾਈ। ਏਕ ਸਮੇ ਹੇਰਜੋ ਮਮ ਜਾਈ॥ ੧੪॥ ਤਾਂਕੋ ਦੇਖ ਹਸਜੋ ਮੈਂ ਜਬਹੀਂ । ਕ੍ਰੋਧ ਭਯੋ ਮੁਨਿ ਵਰ ਪੁਨਿ ਤਬਹੀਂ । ਮੋਕੋਂ ਏਹ ਬਖਾਨੀਂ ਬਾਨੀਂ । ਦੁਸ਼੍ਰ ਅਸੁਰ ਤੂੰ ਹੋਹੁ ਮਹਾਨੀਂ ॥ ੧੫ ॥ ਮੈਂ ਪਦ ਬੰਦਨ ਤਾਂ ਪੁਨਿ ਕਰੀ। ਸ੍ਰਾਪ ਅੰਤ ਭਾਖਜੋ ਮੁਨਿ ਵਰੀ। ਤਪ ਕਰ ਦਿਓਂ ਤੇ ਤਾ ਤਨ ਐਸੇ । ਕੋਟਿਕ ਰਵਿ ਭਵ ਭੀਤਰ ਜੈਸੇ॥ ੧੬ ॥ ਤ੍ਰੇਤਾਯੁਗ ਦਸਰਥ ਵਰ ਨਾਮਾ॥ ਹੋਵੇ ਗੋ ਭੂਪਤਿ ਅਜ ਧਾਮਾ। ਆਦਿ ਨਾਰਾਇਣ ਲੈ ਅਵਤਾਰੇ । ਹੋਸੀ ਸੁਤ ਤਾਂ ਭਵਨ ਮਝਾਰੇ॥ ੧੭॥ ਵੈ ਬਨ ਆਵੇਂਗੇ ਪੁਨਿਜਬਹੀਂ । ਕਾਟੇਂਗੇਤੁਮਰੀਭੁਜਤਬਹੀਂ। ਤਾਂਕਰ ਤੇ ਸੋ ਸ੍ਰਾਪ ਵਿਲਾਵੇ।ਪੂਰਬਰੂਪਬਹੁਰਤੁਮਪਾਵੇ॥੧੮॥ ਯਾਬਿਧ ਸ੍ਰਾਪ ਜਬੈ ਤਿਨਦਯੋ।ਰਾਕਸ਼ਤਨਮਾਂਪਾਵਤਭਯੋ। ਏਕ ਸਮੇਂ ਸੁਰਪਤਿ ਵਰ ਰਾਈ। ਤਿਨ ਕੋ ਦੌਰਾ ਮੈਂ ਰੁਖਸਾਈ॥ ੧੯॥ ਤਿਨ ਬੱਜ੍ਰ ਮੇ ਸੀਸਲਗਾਯੋ। ਰਾਂਮ ਸੀਸ ਮੇ ਕੁੱਖ ਗਿਰਾਯੋ। ਪਾਦ ਧਸੇ ਮੇਂ ਕੁਖ ਸੁ ਜਾਈ। ਰਾਮ ਰਹੀ ਨਹਿੰ ਮੇ ਗਤਿ ਕਾਈ॥ ੨੦॥ ਕਮਲਾਸਨ ਕੋ ਵਰ ਥੋ ਹੁਯੋ। ਬੱਜਰ ਕਰ ਨਹਿ ਮੇ ਤਨ ਮੁਯੋ। ਤਵ ਤਿਨ ਸੰਗ ਵੇਵ ਥੇ ਜੇਈ। ਦਯਾ ਯੁਕਤਿ ਪੁਨਿ

ਭਏ ਸੁ ਤੇਈ ॥ ੨੧ ॥ ਤੋਟਕਛੰਦ ॥ ਅਮੁਰੇਸੁਰ ਧਾ ਮੁਖ
ਨਾਹਿੰ ਅਹੇਂ । ਇਹ ਪ੍ਰਾਣ ਕਹੋ ਕਿਹ ਭਾਂਤਿ ਰਹੇਂ । ਤਬ ਮੇ
ਸੁਰ ਨਾਇਕ ਏਹੁ ਕਹੀ । ਜਠਰੰਤਰ ਤੇ ਮੁਖ ਹੋਇ ਸਹੀ ॥
੨੨ ॥ ਭੁਜ ਯੋਜਨ ਲੌ ਤਵ ਹੋਇ ਨਏ । ਇਮ ਭਾਖ
ਸੁ ਆਪ ਸੁਰੇਸ਼ ਗਏ । ਬਨ ਤਾਂ ਦਿਨ ਤੇ ਇਹ ਠੌਰ ਵਸੋਂ ।
ਭੁਜ ਆਇ ਪਰੇ ਮੁਖ ਮਾਹਿੰ ਗ੍ਰਸੋਂ ॥ ੨੩ ॥ ਤੁਮ ਸੋ ਭੁਜ ਕਾਟ
ਦਈ ਬਨ ਮੈਂ । ਅਬ ਜੀਵਨ ਨਾਂ ਸਮਝੋਂ ਮਨ ਮੈਂ । ਇਹ
ਗਰਤ ਬਿਖੇ ਭਰ ਕਾਠ ਘਨੇਂ । ਮੁਹਿ ਆਗ ਜਲਾਇ ਸੁ ਰਾਮ
ਬਨੇਂ ॥ ੨੪ ॥ ਤਨ ਮੋਹ ਸੁ ਆਗ ਜਲਾਇ ਜਬੈ । ਗਹਿ
ਪੂਰਬ ਰੂਪ ਸੁ ਨਾਥ ਤਬੈ । ਤਵ ਯੋਖਤ ਮਾਰਗ ਤੋਹਿ
ਕਹੌਂ । ਤਵ ਪਾਦ ਕ੍ਰਿਪਾ ਪਦ ਸੋਇ ਲਹੌਂ ॥ ੨੫ ॥ ਤਹਿੰ ਰਾਮ
ਸੁ ਭ੍ਰਾਤ ਸਮੇਤ ਭਲੇ। ਇਕ ਖਾਤ ਕਰੇ ਸੁ ਉਪਾਰ ਡਲੇ। ਭਰਕਾਠ
ਸੁ ਪਾਵਕ ਰਾਮ ਦਯੋ । ਨਿਕਸੇ ਤਨ ਤੇ ਇਕ ਰੂਪ ਨਯੋ ॥
੨੬ ॥ ਪਿਖ ਕੋਟ ਮਨੋਜ ਲਜਾਇ ਰਹੇ । ਸਭ ਭੂਖਨ ਹੈਂ ਤਨ
ਮਾਹਿ ਗਹੇ। ਕਰ ਰਾਮ ਪ੍ਰਦੱਖਨ ਪ੍ਰੇਮ ਭਰੇ । ਅਸ੍ਰਾਂਗ ਪ੍ਰਣਾਮ
ਸੁਪਾਦ ਕਰੇ ॥ ੨੭ ॥ ਦੋਹਰਾ ॥ ਜੋਰ ਦੋਊ ਕਰ ਆਪ
ਨੇਂ ਭਗਤਿ ਭਰੇ ਉਰਭਾਰ। ਗਦਗਦਬਾਨੀਂ ਤਾਂਭਈ ਉਸਤਤਿ
ਕਰੀ ਅਪਾਰ ॥ ੨੮ । ਗੰਧਰਬੋ ਵਾਚ ॥ ਚੌਪਈ ॥ ਉਸਤਤਿ
ਕੋ ਮਨ ਭਯੋ ਹਮਾਰੇ । ਰਾਮ ਨਹੀਂ ਤਵ ਗੁਣ ਕੋ ਪਾਰੇ ।
ਤੁਮ ਅਨਾਦਿ ਮਨ ਵਾਕ ਅਤੀਤ । ਭਜੇ ਯੁਗੀਸੁਰ ਤੁਮਕੋ
ਚੀਤ ॥ ੨੯ ॥ ਅਬ੍ਯਕਤ ਸੁ ਸੂਖਮ ਰੂਪ ਤੁਮਾਰੋ । ਹੈ ਵਹਿ

ਦੇਹਿ ਦੁਹੂੰਤੇ ਨਜ਼ਾਰੇ॥ ਅਦ੍ਰਿਸ਼੍ਯ ਰੂਪ ਤੁਮਾਰੋ ਏਕ। ਕੋ ਇਕ ਲਹੇ ਸੁ ਪਾਇ ਬਿਬੇਕ ॥ ੩੦ ॥ ਔਰ ਤੁਮਾਰੋ ਦ੍ਰਿਸ਼੍ਯ ਸਰੂਪ। ਜਨ ਅਨਾਤਮ ਪ੍ਰਭੁ ਅਨੂਪ। ਸੂਖਮ ਤੇਰੋ ਰੂਪ ਸੁਜੋਈ। ਦੂਰ ਵਿਰੋਧ ਭਵ ਭੀਤਰ ਸੋਈ ॥ ੩੧ ॥ ਚਿਦਾਭਾਸ਼ ਬੁੱਧਿ ਪੁਨ ਦੋਈ। ਮਿਲ ਕਰ ਜੀਵ ਕਹਾਵੇ ਸੋਈ। ਬੁੱਧਯਾਦਿਕ ਸਾਖੀ ਪ੍ਰਭ ਨਾਥ। ਤੂੰ ਪਾਰਬ੍ਰਹਮ ਸ੍ਵਾਮੀਂ ਰਘੁਨਾਥ॥ ੩੨ ॥ ਤੋਹ ਬਿਖੇ ਕਲਪੇ ਸੰਸਾਰ। ਮੂੜ੍ਹਮਤਿ ਤੇ ਕੌਨ ਬਿਚਾਰ। ਹਿਰੰਨ ਗਰਭ ਸੂਖਮ ਤੇ ਰੂਪ। ਸਥੂਲ ਦੇਹਿ ਵੈਰਾਠ ਸਰੂਪ ॥ ੩੩ ॥ ਸੂਖਮ ਰੂਪ ਭਾਵਨਾ ਭਾਸੇ। ਮੰਗਲ ਧਯਾਨ ਦੂਖ ਸਭ ਨਾਸੇ। ਭੂਤ ਭਵਿਖ ਅਹੇ ਪੁਨਿ ਜੋਈ। ਰਾਮ ਤੁਮੇਂ ਬਿਨ ਜਗਤ ਨ ਕੋਈ ॥ ੩੪ ॥ ਬ੍ਰਹਮਾਂਡ ਕੋਸ਼ ਯਹਿ ਦੇਹਿ ਤੁਮਾਰੋ। ਮਹਦਾਦਿਕ ਪਟ ਯੁਕਤ ਉਦਾਰੋ। ਸਪਤ ਗੁਣੋਤਰ ਜਾਂਕੋ ਰੂਪ। ਵਿਰਾਜ ਧਾਰਣਾਂ ਵਿਖੇ ਅਨੂਪ ॥ ੩੫ ॥ ਤੁਹੀਂ ਏਕ ਸਭ ਠੌਰੇ ਅਹੇ। ਲੋਕ ਅਦੈਵ ਤੁਮਾਰੇ ਕਹੇ। ਪਤਾਲ ਅਹੇ ਤਵ ਪਾਦਨ ਕੋ ਤਲ। ਪਾਸੇ ਆਹਿ ਸੁਲੋਕ ਮਹਾਂਤਲ ॥ ੩੬ ॥ ਰਸਾਤਲ ਰਾਮ ਸੁਫਲ ਤੇ ਜਾਨੇ ॥ ਤਲਾਤਲ ਤੇ ਪੁਨਿ ਜਾਨੁ ਬਖਾਨੇ। ਸੁਤਲ ਬਿਤੁਲ ਤੇ ਉਰੂ ਉਚਾਰੇ। ਅਤਲ ਰਾਮ ਤੇ ਜੰਘ ਉਦਾਰੇ ॥੩੭॥ ਰਾਮਨਾਭ ਤੇ ਅਹੇ ਅਕਾਸ। ਉਡਗਣ ਤੇ ਉਰ ਭਏ ਪ੍ਰਕਾਸ਼। ਗ੍ਰੀਵਾ ਤੇ ਮਹਿ ਲੋਕ ਕਹੀਜੇ। ਬਦਨ ਰਾਮ ਜਨ ਲੋਕ ਭਣੀਜੇ ॥ ੩੯ ॥ ਤੁਪੋ ਲੋਕ ਤੇ ਕੰਧ ਕਹਾਵੇ। ਸੱਤਲੋਕ ਤੇ ਸੀਸ ਸੁਹਾਵੇ। ਇੰਦ੍ਰਾਦਿਕ ਸਬ ਲੋਕ ਸੁਪਾਲਾ।

ਰਾਂਮ ਅਹੇ ਤਵ ਭੁਜਾ ਬਿਸਾਲਾ ॥੩੯॥ ਦਿਸਾ ਕਾਂਨ ਅੱਸੁਨੀ ਨਾਸਾ। ਤਵ ਮੁਖ ਰਾਮ ਸੁਵਨਿ ਪਰਕਾਸ਼ਾ। ਸਵਿਤਾਨਨ ਚੰਦ ਮਨ ਲਾਏ ॥ ਭ੍ਰੂ ਭੰਗ ਤਵ ਕਾਲ ਬਤਾਏ ॥ ੪੦ ॥ ਬੁਧਿ ਬ੍ਰਹਸ ਪਤਿ ਰਾਮ ਤੁਮਾਰੀ। ਰੁੱਦ੍ਰ ਅਹੰ ਕ੍ਰਿਤ ਕੀਨ ਉਚਾਰੀ। ਯਮ ਦਾੜ੍ਹਾਂ ਪੁਨਿ ਬਾਣੀਂ ਬੇਦਾ। ਔਰ ਨਿਖੱਤਰ ਦੰਤਨ ਭੇਦਾ ॥੪੧॥ ਹਾਸਾ ਰਾਂਮਾ ਤੁਮਾਰੀ ਮਾਯਾ। ਸ੍ਰਿਸ਼੍ਟ ਕਟਾਖ ਰਾਮ ਤਵ ਗਾਯਾ। ਪੂਰਬ ਭਾਗ ਧਰਮ ਤੇ ਗਾਯੋ। ਪ੍ਰਿਸਟ ਭਾਗ ਅ ਧਰਮ ਬਤਾਯੋ ॥ ੪੨ ॥ ਗੀਯਛੰਦ ॥ ਨਿਮੇਖ ਔ ਉਨਮੇਖ ਰਾਮ ਸੁ ਰਾਤਿ ਦਿਨ ਭਵ ਭਾਖੀਯੇ। ਸਮੁੰਦ ਕੁਖਿ ਸੁ ਤੇਰਯਾ ਨਾੜੀ ਨਦੀ ਸਭ ਆਖੀਏ। ਰੋਮਾਵਲੀ ਤਰ ਔਖਧੀ ਪੁਨਿ ਰੇਤ ਬ੍ਰਿਸ੍ਰ ਬਖਾਨੀਯੇ। ਮਹਿਮਾਂ ਤੁਮਾਰੀ ਗਯਾਨ ਹੈ ਏਹ ਥੂਲ ਵਪੁ ਤਵ ਜਾਨੀਯੇ ॥ ੪੩ ॥ ਇਹ ਤੇ ਵਪੂ ਜੋ ਧਰੇ ਮਨ ਮਹਿ ਲਾਇ ਨੀਕੇ ਭਾਵਨੀ। ਬਿਨਖੇਦ ਪਾਵੈ ਮੋਖ ਸੋ ਨਹਿੰ ਔਰ ਕ੍ਰਿਤ ਕਮਾਵਨੀ। ਇਹ ਹੇਤ ਰਾਂਮ ਸਥੂਲ ਤੇ ਵਪੁ ਨੀਤ ਮੈ ਉਰ ਭਾਵਈ। ਜਹਿੰ ਜਾਨੀਯੇ ਰਸ ਪ੍ਰੇਮ ਉਪ ਜੇ ਰੋਮ ਸਭ ਪੁਲਕਾਵਹੀ ॥ ੪੪ ॥ ਚੌਪਈ ॥ ਮੁਕਤਿ ਹੋਇ ਨਰ ਯਾ ਜਗ ਤਬਹੀਂ। ਮੁਕਤਿ ਰੂਪ ਤਵ ਭਜੇ ਸੁ ਜਬ ਹੀਂ। ਯਹਿ ਅਸਥੂਲ ਰੂਪ ਜੋ ਥਾਰੋ। ਇਨਕੋ ਭੀ ਅਬ ਕਹੋ ਬਿਚਾਰੋ ॥ ੪੫ ॥ ਯਹ ਜੋ ਰੂਪ ਪ੍ਰਤਖ ਨਿਹਾਰੋਂ। ਮੈ ਇਨਕੋ ਗੁਰਅੰਤਰਧਾਰੋਂ। ਧਨੁਖਬਾਣ ਤਨੁ ਸ਼ਾਮ ਬਿਰਾਜੇ। ਸੀਸਜਟਾ ਤਨ ਬਲਕਲ ਛਾਜੇ ॥ ੪੬ ॥ ਤਰਣਿ ਸਾਂਤਿ

ਬਨ ਸੀਲ ਨਿਹਾਰੋ। ਸਦਾ ਬਸੋ ਉਰ ਕਰੁਣਾ ਧਾਰੋ ॥ ਸਰਬੱਗ ਸਦਾ ਸ਼ਿਵ ਸਹਿਤ ਭਵਾਨੀ। ਭਜੇ ਯਹੀ ਤਨੁ ਨਿਜ ਰਜੁਧਾਨੀ ॥ ੪੭ ॥ ਕਾਂਸ਼ੀ ਬਿਖੇ ਮਰਣ ਜਨ ਕਾਲਾ। ਤਾਰਕ ਮੰਤ੍ਰ ਕਹੇਂ ਸੁ ਬਿਸਾਲਾ। ਰਾਮ ਨਾਮ ਯਹਿ ਭਾਖੇ ਕਾਨਾ। ਤਾਰਕ ਬ੍ਰਹਮ ਸੁ ਕੀਨ ਬਖਾਨਾ ॥ ੪੮ ॥ ਜਨਕਾ ਤਨੁਜਾ ਪਤੀ ਮੁਰਾਰੇ। ਤੂੰ ਪਰਮਾਤਮ ਮੈ ਉਰਧਾਰੇ । ਤੇਰੀ ਮਾਯਾ ਮੋਹੇ ਸਾਰੇ। ਜਾਂਨੇ ਨਹਿੰ ਤਵ ਤੱਤੁ ਬਿਚਾਰੇ॥ ੪੯ ॥ ਨਮਸਤੇ ਰਾਮ ਸਦਾ ਕਲਜਾਨ। ਤੂੰ ਪਰਮਾਤਮ ਤੇ ਪਦ ਧਜਾਨ । ਅਯੋਧਜਾ ਨਾਇਕ ਰਾਮ ਮੁਰਾਰ। ਭ੍ਰਾਤ ਸੰਗ ਪਦ ਸੇਵਨ ਹਾਰ ॥ ੫੦॥ ਰੱਖ ਰੱਖ ਜਗਨਾਥ ਉਦਾਰੇ। ਮਾਯਾ ਹਰੇ ਨ ਗਜਾਨ ਹਮਾਰੇ। ਤਵ ਕਰੁਣਾ ਨਿਧਿ ਗਜਾਨ ਉਦਾਰੇ । ਭੀਨੇ ਨੈਨ ਸੁ ਬਚਨ ਉਚਾਰੇ ॥ ੫੧ ॥ ਸ੍ਰੀ ਰਾਮ ਉਵਾਚ ॥ ਚੌਪਈ ॥ ॥ ਭਗਤਵਾਨ ਤਵ ਕੀਨ ਬਡਾਈ। ਗੰਧ੍ਰਬ ਭਯੋ ਮੇ ਉਰ ਹਰਖਾਈ। ਯੋਗਿ ਗੰਮ ਮੇ ਪਰਮ ਸਥਾਨਾ। ਤਹਾਂ ਜਾਹਿ ਤੂੰ ਬੈਠ ਬਿਬਾਨਾ ॥ ੫੨ ॥ ਵਾਕ ਕਬੰਧ ਕਹਜੋ ਤਬ ਜੋਈ ॥ ਭਗਤਿ ਸਹਿਤ ਏਹ ਪੜ੍ਹੈ ਸੁ ਕੋਈ। ਅਗਜਾਨ ਜੋਨ ਭਵ ਬੰਧਨ ਜੋਈ। ਖਿਨ ਭੀਤਰਿ ਵਹਿ ਤਜਾਗੇ ਸੋਈ ॥ ੫੩ ॥ ਦੋਹਰਾ ॥ ਅਨੁਭਵ ਕੈ ਅਨੁਮੇਵ ਜੋ ਮੇਰੋ ਚੇਤਨ ਰੂਪ ॥ ਤਾਂਕੋ ਪਾਵੇ ਪਾਠਕਾ ਤਜਾਗੇ ੍ਰਮ ਤਮ ਕੂਪ॥ ੫੪ ॥

ਇਤਿ ਸ੍ਰੀ ਮਤਿ ਅਧਜਾਤਮ ਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਅਰੰਨ ਕਾਂਡੇ ਨਵਮੋਂ ਧਜਾਇ ॥ ੯ ॥

## ਸ੍ਰੀ ਮਹਾਂਦੇਵ ਉਵਾਚ

ਸਵੈਯਾ ॥ ਗੰਧ੍ਰਬ ਯੌ ਬਰ ਪਾਇ ਚਲੇ ਤਬ ਜਾਨ ਸਮੇਂ ਤਿਨ ਰਾਮ ਉਚਾਰੀ । ਤੇ ਪੁਰ ਭਾਗ ਅਹੇ ਸਵਰੀ ਸੁਭ ਆਸ੍ਰਮ ਜਾ ਕਦਲੀ ਫੁਲਵਾਰੀ । ਤੇ ਪਦ ਪੰਕਜ ਸੇਵਕ ਹੈਂ ਭਗਤੀ ਪ੍ਰਥਮੈਂ ਤਿਨ ਬੁਧਿ ਉਦਾਰੀ । ਤੋਹਿ ਕਹੇ ਵਹਿ ਬਾਤ ਸਭਾ ਚਲਿ ਰਾਮ ਤਹਾਂ ਤੁਮ ਜਾਹੁ ਮੁਰਾਰੀ ॥ ੧ ॥ ਇਹਭਾਂਤਿ ਬਖਾਨ ਬਿਬਾਨ ਚੜੇ ਹਰਿ ਕੇ ਪਦ ਜਾਵਨ ਹੇਤ ਪਧਾਰੇ ॥ ਤਨ ਸੂਰਜ ਸੋਂ ਝਮਕੈ ਨਭਿ ਮੈਂ ਕਬਿਰਾਮ ਪਿਖੇ ਫਲ ਯੋਂ ਬਿਸਥਾਰੇ । ਰਾਮ ਤਜੇ ਬਨ ਘੋਰ ਤਬੈ ਜਹਿਂ ਸਿੰਘ ਬਿਆਘ੍ਰ ਬੋਲਤ ਭਾਰੇ । ਆਸ੍ਰਮ ਭੀਲ ਸੁ ਤਾਂ ਰਘੁਨਾਇਕ ਜਾਇ ਭਲੀ ਬਿਧ ਸੋਂ ਪਗਧਾਰੇ॥੨॥ ਸਵਰੀ ਤਬ ਰਾਮ ਨਿਹਾਰਤ ਹੀਂ ਸਹਿ ਭ੍ਰਾਤ ਭਲੀ ਛਬਿ ਆਵਤ ਭਾਈ । ਹਰੀ ਉਠਿ ਆਸਨ ਤੈ ਸਵਰੀ ਤਬ ਰਾਂਮ ਕਿ ਲੇਵਨ ਕੇ ਹਿਤ ਆਈ ॥ ਹਰਿ ਪਾਦ ਪ੍ਰਨਾਂਮ ਕਰੀ ਸਵਰੀ ਪ੍ਰੁਨਿ ਪ੍ਰੇਮ ਕੋ ਨੀਰ ਚਲਯੋ ਦ੍ਰਿਗ ਜਾਈ । ਤਬ ਰਾਮ ਅਏ ਤੁਮ ਆਨਦ ਸੋਂ ਸੁਖ ਆਸਨ ਮੈਂ ਤਿਨ ਲੀਨ ਬਠਾਈ॥੩॥ਲਘ ਭ੍ਰਾਤ ਸਮੇਤ ਸੁ ਰਾਘਵਕੇ ।ਤਨ ਪ੍ਰੇਮ ਭਰੀ ਪਦ ਨੀਰ ਪਖਾਰੇ । ਅਰਘਾਦਿਕ ਪੂਜਨ ਤਾਹਿਂ ਕਰੇ ਹਰਿ ਪਾਦਨ ਨੀਰ ਸੁ ਤਾਂ ਸਿਰ ਧਾਰੇ । ਪੁਨਿ ਦਿੱਬ ਫਲਾਦਿਕ ਭੀਲ ਸੁਤਾ ਸੁ ਸੁਧਾ ਰਸ ਸੋਂ ਤਿਨ ਆਪ ਨਿਕਾਰੇ । ਹਰਿ ਕੇ ਹਿਤ ਜੋ ਤਿਨ ਸੰਚ ਧਰੇ ਵਹਿ ਆਨ ਦਏ ਤਿਨ ਰਾਮ ਮੁਰਾਰੇ ॥ ੪ ॥ ਪੁਨਿ ਪਾਦਨ ਫੂਲ

ਚੜ੍ਹਾਇ ਭਲੇ ਘਸ ਚੰਦਨ ਤਾਂ ਤਿਨ ਅੰਗ ਲਗਾਏ । ਇਹ
ਭਾਂਤ ਅਤਿੱਥ ਕਰਯੋ ਤਿਨਕੋ ਪੁਨਿ ਸਾਨੁਜ ਆਸਨ ਮਾਹਿ
ਬਠਾਏ। ਕਵਿ ਸਿੰਘ ਗੁਲਾਬ ਤਬੈ ਸਵਰੀ ਕਰ ਜੋਰ ਦੁਊ
ਇਹ ਬੈਨ ਅਲਾਏ। ਇਹ ਆਸ੍ਰਮ ਮੇਂ ਗੁਰ ਰਾਮ ਰਹੇ ਬਹੁ
ਕਾਲ ਭਲੇ ਤਪ ਤਾਹਿ ਕਮਾਏ ॥ ੫ ॥ ਚੌਪਈ ॥ ਮੈਂ
ਤਿਨ ਸੇਵਨ ਕਰੋਂ ਸੁ ਨੀਤ । ਰਹੋਂ ਸਮੀਪ ਇਕਾਗਰ
ਚੀਤ। ਬਹੁਤ ਹਜ਼ਾਰ ਵਖਰ ਯੋਂ ਭਏ। ਤੇ ਕਮਲਾਸਨ ਕੇ
ਪਦ ਗਏ॥ ੬ ॥ ਜਾਨ ਸਮੇਂ ਮੁਹਿ ਏਹ ਬਖਾਨੀ। ਤੂ ਈਹਾਂਹੀ
ਬਸ ਕੱਲਜਾਨੀ। ਦਾਸਰਥੀ ਹਰਿ ਰਾਮ ਹਠੀਲੇ। ਬ੍ਰਹਮ
ਸਨਾਤਨ ਪਰਮ ਰਸੀਲੇ ॥ ੭ ॥ ਰਿਖ ਪਾਲਨ ਰਾਖਸ਼ ਬਧ
ਕਾਜਾ। ਆਵਹਿੰ ਗੇ ਬਨ ਮਹਿ ਸੁਰ ਰਾਜਾ। ਤੂੰ ਤਿਨ ਧਿਆ
ਨ ਨਿਰੰਤਰ ਧਾਰੀ। ਰਾਮ ਨਾਮ ਮੁਖਿ ਮਾਹਿੰ ਉਚਾਰੀ ॥
੮ ॥ ਚਿਤ੍ਰ ਕੂਟ ਗਿਰ ਮੈਂ ਅਬ ਆਏ। ਮੁਨਿ ਸਮ ਆਸ਼੍ਰਮ
ਵਸੇ ਸੁਹਾਏ। ਆਵਹਿੰ ਰਾਮ ਈਹਾਂ ਸੁਨਿ ਜੌਲੌਂ । ਏਹੁ ਕ
ਲੇਵਰ ਰਾਖ ਸੁ ਤੌਲੌਂ ॥ ੯ ॥ ਰਾਮ ਹੇਤ ਤਨੁ ਅਪਨੋ ਦਾਹਿ
। ਜਾਵਹਿੰਗੀ ਹਰਿ ਕੇ ਪਦ ਮਾਂਹਿ। ਯਾਬਿਧ ਗੁਰ ਮੁਹਿ ਭਾਖਯੋ
ਜੈਸੇ। ਕਰਤ ਭਈ ਰਘੁਵਰ ਮੈਂ ਤੈਸੇ ॥ ੧੦ ॥ ਤੇਰੇ ਧਯਾਨ
ਬਿਖੇ ਮਨ ਦੀਨੋਂ। ਤਵ ਆਗਮਨ ਪ੍ਰਤੀਖਨ ਕੀਨੋਂ। ਸੁਫਲ
ਭਯੋ ਗੁਰ ਮੁਖੋਂ ਉਚਾਰਾ। ਰਾਮ ਲਹਯੋ ਮੈ ਦਰਸ ਤੁਮਾਰਾ
॥ ੧੧ ॥ ਦੋਹਰਾ ॥ ਤੇਰੋ ਦਰਸ਼ਨ ਰਾਮ ਜੀ ਪਾਯੋ ਮੈ ਗੁਰ
ਨਾਹਿ। ਯੋਖਿਤ ਮੂੜ੍ਹਾ ਹੀਨ ਮੈਂ ਅਪ੍ਰਮੇਯ ਤੁਮ ਆਹਿ ॥

੧੨ ॥ ਤਵ ਦਾਸਨ ਕੇ ਦਾਸ ਜੇ ਸੋ ਗੁਨ ਉਤਰ ਕੀਨ। ਤਾਂ
ਦਾਸੀ ਅਧਿਕਾਰ ਨਹਿ ਕਹਾਂ ਤੋਹਿ ਪਰਬੀਨ ॥ ੧੩ ॥
ਚੌਪਈ ॥ ਮਨ ਬਾਣੀ ਕੇ ਅਹੈ ਅਗੋਚਰ। ਕਿਹ ਬਿਧ ਭਯੋ
ਸੁ ਮੇ ਦ੍ਰਿਗ ਗੋਚਰ। ਉਸਤਤਿ ਕਰਿ ਨਹਿ ਜਾਨੋ ਰਾਮ ।
ਹੋਹੁ ਪ੍ਰਸੰਨ ਰੂਪ ਕੇ ਧਾਮ॥ ੧੪ ॥ ਸ੍ਰੀ ਰਾਮ ਉਵਾਚ ॥
ਚੌਪਈ ॥ ਨਰ ਨਾਰੀ ਮੈ ਨਾਂਹਿ ਬਿਸੇਖੇ । ਜਾਤਿ ਨ
ਆਸ਼੍ਰਮ ਮੇਰੇ ਲੇਖੇ। ਮੋਹ ਭੁਜਨ ਮੈਂ ਭਗਤਿ ਸੁ ਕਾਰਣ ।
ਵਹੀ ਕਰੇ ਸਭ ਬੰਧ ਨਿਵਾਰਣ॥ ੧੫ ॥ ਬੇਦਾ ਧੈਨ ਯਗ
ਤਪ ਦਾਨ। ਇਨ ਕਰ ਨਹਿ ਮਮ ਹੋਵਹੁ ਭਾਨ। ਭਗਤਿ ਬਿ
ਹੀਨ ਕਰੇ ਕ੍ਰਿਤ ਜੋਈ। ਮੇਰੋ ਦਰਸ਼ਨ ਤਾਹਿ ਨ ਹੋਈ॥੧੬
॥ ਭਾਖੋਂ ਭਾਮਨ ਭਗਤਿ ਅਰਾਧਨ। ਕਰਿ ਸੰਖੇਪ ਭਗਤਿ ਕੇ
ਸਾਧਨ। ਸੰਤਨ ਕੀ ਸੰਗਤ ਹੈ ਜੋਈ। ਪ੍ਰਿਥਮ ਸੁ ਸਾਧਨ
ਭਾਖਜੇ ਸੋਈ॥੧੭॥ਦੂਸਰ ਮੇਰੀ ਕਥਾ ਅਲਾਪ। ਤ੍ਰਿਤੀਯ ਸੁ
ਮੇਰੇ ਗੁਣ ਕੋ ਜਾਪ। ਬਯਾਖਾ ਮਮ ਬਚਨਨ ਕੀ ਜੋਈ। ਚੌਥੇ
ਸਾਧਨ ਜਾਨਹੁ ਸੋਈ ॥ ੧੯ ॥ ਮੇਰ ਰੂਪ ਸੁ ਜਾਨ ਅਚਾਰਜ
। ਸੇਵੇ ਨਿਸ ਦਿਨ ਜੇ ਜੁਗ ਆਰਯ। ਕਪਟ ਨਹੀਂ ਮਨ ਭੀਤਰ
ਠਾਨੇ । ਪੰਚਮ ਸਾਧਨ ਏਹ ਬਖਾਨੇ ॥ ੧੯॥ ਪੁਨਾ ਸੀਲ
ਯਮ ਨੇਮ ਉਦਾਰੇ। ਮੇਰੇ ਪੂਜਨ ਮੈ ਮਨ ਧਾਰੇ । ਖਸ਼੍ਰਮ ਸਾਧਨ
ਭਾਖਜੇ ਸੋਇ। ਕੋਵਿਦ ਕਰੇ ਨਿਰੰਤਰ ਜੋਇ ॥ ੨੦ ॥ ਮਮ
ਮੰਤਰ ਉਪਾਸਨ ਜੋਈ। ਸਪਤਮ ਸਾਂਗ ਪਛਾਨੋ ਸੋਈ ॥
ਸਭ ਭੂਤਨ ਮੈ ਮਮ ਮਤਿ ਕਰੇ। ਪੂਜਾ ਮਮ ਭਗਤਨ ਬਿਸ

ਤਰੇ ॥ ੨੧ ॥ ਕਰ ਵੈਰਾਗ ਸੁ ਅਰਥਨ ਮਾਹੀਂ । ਸਮਦਮ ਧਰੇ ਸੁ ਨਿਜ ਮਨ ਮਾਹੀਂ । ਅਸ਼ਟਮ ਸਾਧਨ ਏਹ ਕਹੀਜੇ । ਨੌਮੋ ਤੱਤ ਵਿਚਾਰ ਭਨੀਜੇ ॥ ੨੩ ॥ ਨਵ ਬਿਧਿ ਜੋ ਭਗਤੀ ਕੇ ਸਾਧਨ । ਜਾਂਕੋ ਹੋਇ ਸੁ ਭਗਤਿ ਅਗਾਧਨ । ਇਸਤ੍ਰੀ ਪੁਰਖ ਭ੍ਰਿਗਾਦਿਕ ਹੋਈ। ਮੇਰੀ ਭਗਤ ਲਹੇ ਪੁਨਿ ਸੋਈ ॥ ੨੩ ॥ ਦੋਹਰਾ ॥ ਪ੍ਰੇਮ ਲੱਖਣਾ ਭਗਤਿ ਜੌ ਉਪਜੇ ਜਨ ਮਨ ਮਾਹਿੰ। ਮੇਰੋ ਤੱਤ੍ਰ ਗਜਾਨ ਪੁਨਿ ਭਾਸੇ ਤਿਨ ਮਨ ਮਾਹਿੰ ॥ ੨੪ ॥ ਚੌਪਈ ॥ ਮੇਰੋ ਗਯਾਨ ਭਯੋ ਤਿਨ ਜਬ ਹੀ । ਯਾਹੀ ਜਨਮ ਮੁਕਤਿ ਤਿਨ ਤਬ ਹੀ । ਭਗਤਿ ਮੋਖਕੋ ਕਾਰਣ ਆਹਿ। ਤੇ ਬਿਨ ਔਰ ਸੁ ਕੋਈ ਨਾਹਿ ॥ ੨੫ ॥ ਪੂਰਬ ਸਾਧਨ ਜਿਨ ਕੋ ਹੋਈ। ਕ੍ਰਮ ਕਰ ਸਗਲ ਲਹੇ ਪੁਨ ਸੋਈ । ਤਾਂਤੇ ਭਗਤਿ ਸੁ ਨਿਸਚਿਤ ਹੋਈ । ਬੰਧਨ ਸਗਲ ਨਿਵਾਰੇ ਸੋਈ ॥ ੨੬ ॥ ਦੋਹਰਾ ॥ ਮੇਰੀ ਭਗਤਿ ਸੁਯੁਕਤ ਤੂੰ ਭਈ ਜਗਤ ਕੈ ਮਾਹਿ । ਯਾਹੀ ਤੇ ਤਵ ਭੀਲਣੀ ਆਏ ਤਵ ਘਰ ਮਾਹਿੰ ॥ ੨੭ ॥ ਮੇਰੋ ਦਰਸ਼ਨ ਪਾਇ ਕੈ ਭਈ ਮੁਕਤਿ ਤੂੰ ਆਜ। ਔਰ ਨ ਸਾਧਨ ਚਾਹੀਏ ਭਏ ਸਗਲ ਤਵ ਕਾਜ । ੨੮ ॥ ਸਵੈਯਾ ॥ ਤੂੰ ਜਬ ਜਾਨਤ ਸੀ ਕਮਲਾ ਦ੍ਰਿਗ ਤੇ ਮਮ ਦੇਹ ਸੁ ਆਜ ਸੁਨਾਈ। ਕਾਹਿ ਹਰੀ ਕਿਹ ਠੌਰ ਰਹੇ ਮਮ ਪ੍ਰਾਣ ਪ੍ਰਿਯਾ ਸਸਿ ਸੀ ਬਦਨਾਈ। ਤੂੰਸਭ ਜਾਨਤ ਰਾਮ ਸਦਾ ਸਵਰੀ ਇਹ ਭਾਂਤਿ ਸੁ ਬਾਤ ਅਲਾਈ। ਤੂੰ ਸਰਬੱਗ ਸਨਾਤਨਹੈਂ ਜਗਿ ਕਾਰਣ ਤੇ ਸਵਰੀ ਬਲਿ ਜਾਈ

॥ ੨੯ ॥ ਤੱਦਪਿ ਤ੍ਰੂ ਹਰਿ ਪੂਛਤ ਹੈਂ ਮਮ ਲੋਕਨ ਸੋਂ ਤ
ਨੁ ਯਾ ਜਗ ਧਾਰੀ। ਹੈ ਜਿਹ ਠੌਰ ਸੁ ਤੇ ਪਤਨੀ ਤੁਮ ਭਾਖਤ
ਹੋਂ ਸੁਨ ਰਾਮ ਮੁਰਾਰੀ। ਰਾਵਨ ਨੇ ਤਵ ਸੀਯ ਹਰੀ ਅਬ
ਲੰਕ ਬਸੇ ਜਲ ਸਾਗਰ ਪਾਰੀ। ਆਹਿ ਨਜ਼ੀਕ ਸਰੋਵਰਏਕ
ਸੁ ਪੰਪਾ ਕਹੇ ਅਤਿ ਉੱਜਲ ਵਾਰੀ॥ ੩੦ ॥ ਚੌਪਈ
॥ ਰਿਖ ਮੂਕ ਤਹਿ ਪਰਬਤ ਏਕ। ਰਚੇ ਬਿਧਾਤਾ ਅਰਥਨ
ਟੇਕ। ਤਹਿ ਸੁਗ੍ਰੀਵ ਬਸੇ ਕਪਿ ਨਾਇਕ। ਚਾਰ ਮੰਤਰੀ ਜਾਹਿ
ਸਹਾਇਕ ॥੩੧॥ ਪਵਨ ਬੇਗ ਕਪਿ ਹੈ ਬਲਿ ਧਾਰੀ। ਭਯੋ
ਸੁ ਡਰ ਤਿਨ ਚੀਤ ਮਝਾਰੀ। ਬਾਲੀਭਾਈ ਤੇ ਡਰ ਪਾਵੈ॥
ਰਿਖ ਭੈਯ ਬਾਲੀ ਤਹਾਂ ਨ ਆਵੈ॥ ੩੨ ॥ ਤਹਿ ਤੁਮ ਜਾ
ਹਿ ਰਾਮ ਬਲਿ ਧਾਰੀ। ਤਾਕੇ ਸਖਾ ਸੁ ਬਨੋ ਮੁਰਾਰੀ। ਸੁਗ੍ਰੀਵ
ਸੁ ਤੇ ਸਭ ਕਾਰਜ ਕਰੇ। ਤਵ ਦਾਸੀ ਤਵ ਸਤ ਉਚਰੇ ॥
੩੩ ॥ ਤਵ ਆਗੇ ਰਘੁਨੰਦਨ ਸ਼ਾਮ। ਅਗਨਿ ਪ੍ਰਵੇਸ਼ ਕਰੋਂ
ਮੈ ਰਾਮ। ਜਾਰ ਕਲੇਵਰ ਤੇ ਪਦ ਜਾਵੋਂ। ਦੋ ਘਟਿਕਾ ਰਹੁ
ਦਰਸ਼ਨ ਪਾਵੋਂ॥ ੩੪॥ ਸਵੈਯਾ ॥ ਇਹ ਭਾਂਤਿ ਬਖਾਨ
ਸੁ ਰਾਮ ਬਲੀ ਪੁਨਿ ਪਾਵਕ ਮਾਹਿ ਧਸੀ ਪੁਨਿ ਸੋਈ॥ ਖਿਣ
ਭੀਤਰ ਜਾਰ ਕਲੇਵਰ ਸੋ ਭਵ ਬੰਧਨ ਕਾਰਣ ਥੋ ਜਗ ਜੋਈ।
ਬਨ ਰਾਮ ਪ੍ਰਸਾਦਿ ਸੁ ਮੋਖ ਲਹੀ ਸਵਰੀ ਜਿਹ ਪਾਵਤ
ਕੋਵਿਦ ਕੋਈ। ਫਲ ਕੌਨ ਦੁਲੰਭ ਸੁ ਹੈ ਜਗ ਮੈ ਜਬ ਰਾਮ
ਪ੍ਰਸੰਨ ਉਮਾਂ ਜਗ ਹੋਈ॥ ੩੫॥ ਚੌਪਈ ॥ ਅਧਮ
ਜਾਤ ਭੀਲਨੀ ਜੋਈ । ਭਈ ਮੁਕਤਿ ਭਵ ਭੀਤਰ ਸੋਈ

। ਰਾਮ ਭਗਤਿ ਬ੍ਰਹਮਣ ਪੁਨਿ ਜੋਈ। ਕਿਉਂ ਨਹੀ ਮੁਕਤ ਸੁ ਵਹਿ ਜਗ ਹੋਈ॥ ੩੬॥ ਭਗਤਿ ਰਾਮ ਕੀ ਯਾ ਜਗ ਜੋਈ। ਮੁਕਤਿ ਵਿਧਾਇਕ ਭਵ ਮੈਂ ਸੋਈ। ਕਾਮ ਧੇਨ ਸੀ ਸਾ ਜਗ ਮਾਹੀ। ਕਿਉ ਨਹਿ ਕਰੋ ਭਗਤਿ ਹਰਿ ਮਾਹੀਂ॥ ੩੭ ॥ ਸਵੈਯਾ ॥ ਰਾਮ ਕੇ ਪਾਇਨ ਸੇਵ ਕਰੋ ਜਗ ਭੀਤਰ ਹੇ ਜਨ ਪ੍ਰੇਮ ਲਗਾਈ। ਗਿਆਨ ਅਨੇਕ ਸੁ ਮੰਤ੍ਰ ਬਿਚਾਰ ਸੁ ਦੂਰ ਤਜੇ ਭਵ ਭੀਤਰ ਭਾਈ। ਰਾਮ ਸੁ ਸਜਾਮ ਮਹਾ ਤਨ ਸੁੰਦਰ ਜਾਹਿ ਭਜੇ ਸਭਹੀ ਅਘ ਜਾਈ। ਤਾਹਿ ਭਜੋ ਤੁਮ ਨੀਤ ਜਨਾ ਜਗ ਭੀਤਰ ਜੋ ਜਨ ਕੋ ਸੁਖਦਾਈ ॥ ੩੮ ॥ ਅਨੰਗ ਸੇਖਰ ਛੰਦ॥ ਵਿਰਾਧ ਜਾਹਿ ਮਾਰਿਯੋ ਨਿਵਾਰਿਯੋ ਕਲੇਸ਼ ਦਾਸ ਬਾਸ ਦੰਡਕਾ ਕਰੇ ਮੁਨੀਸ਼ ਵੇਕੀਯੋ ਮਥਾ। ਕਟੇ ਨਿਖੰਗ ਧਾਰਯੋ ਉਬਾਰਿਯੋ ਜਟਾਯੁ ਕੋ ਸੁ ਯੋਜਨਾਇ ਤ੍ਰੂ ਭੁਜਾ ਕਬੰਧ ਦੇਹ ਜਾ ਮਥਾ। ਸੁ ਤਾਹਿ ਰਾਮਚੰਦ ਕੀ ਉਦਾਰ ਪਾਵਨੀ ਮਹਾ ਅਪਾਰ ਧਾਰ ਗੰਗ ਸੀ ਅਰੰਨ ਕਾਂਡ ਕੀ ਕਥਾ। ਗੁਲਾਬ ਸਿੰਘ ਦਾਸ ਤਾਂ ਮਨੋਂ ਮਲਾਂ ਨਿਵਾਰਨੀ ਉਧਾਰ ਦੇਵ ਗੀਤ ਤੇ ਬਨਾਇਕੈ ਕਹੀ ਕਥਾ॥ ੩੯॥

ਇਤਿ ਸ੍ਰੀ ਮਤਿ ਅਧਯਾਤਮ ਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਅਰੰਨ ਕਾਂਡੇ ਦਸਮੋ ਧਯਾਇ ਸਮਾਪਤੰ॥ ੧੦॥

ਇਤਿ ਅਰੰਨ ਕਾਂਡ ਸੰਪੂਰਣੰ

# ਅਥ ਕਿਸਕਿੰਧਾ ਕਾਂਡ ਲਿਖ੍ਯਤੇ

ਸਵੈਯਾ ॥ ਮੈਥੁਲ ਕੀ ਦੁਹਿਤਾ ਪਦਵੀ ਬਨ ਡੋਲਤ ਜੋ ਰਘੁਬੀਰ ਨਿਹਾਰੇ ॥ ਕਾਨਨ ਕੇ ਸਰ ਕੋ ਸੁਤਸੋਂ ਜਿਨ ਬਾਤ ਕਰੀ ਜਗਨਾਥ ਮੁਰਾਰੇ । ਸੂਰਯ ਕੇ ਸੁਤ ਮੀਤ ਕਰੇ ਅਰੁ ਜਾਹਿ ਪੁਰੰਦਰ ਕੇ ਸੁਤ ਮਾਰੇ। ਸੋ ਰਘੁਨਾਇਕ ਦਾਸਨ ਕੇ ਸੁਭ ਕਾਜ ਕਰੇ ਬਿਘਨਾਂ ਕਟ ਡਾਰੇ॥੧॥ ਸ੍ਰੀਮਹਾਂਦੇਵ ਉਵਾਚ ॥ ਚੌਪਈ ॥ ਤਬ ਲਖਮਨ ਅਰ ਰਾਮ ਰਸੀਲੇ। ਸਨੈਂ ਸਨੈਂ ਅਤਿ ਸੁੰਦਰ ਡੀਲੇ। ਪੰਪਾਸਰ ਕੇ ਤਟਿ ਮੈ ਗਏ। ਪੇਖ ਸਰੋਵਰ ਬਿਸਮੈ ਭਏ ॥ ੨ ॥ ਕੋਸ ਪ੍ਰਮਾਣ ਅਹੇ ਵਿਸਤਾਰ। ਜਲ ਅਗਾਧਿ ਅਤਿ ਉਜਲ ਵਾਰ । ਸੁੰਦਰ ਕਮਲ ਜਹਾਂ ਅਤਿ ਖਿਰੇ। ਕੁਮਦ ਅਨੇਕ ਪ੍ਰਭਾ ਵਿਸਤਰੇ ॥ ੩ ॥ ਸਵੈਯਾ ॥ ਬਤਿਕ ਔ ਪੁਨਿ ਹੰਸ ਘਨੇ ਚਕਵਾ ਜਹ ਸੋਭਤਹੈ ਚਹੂ ਓਰਾ। ਕੋਕਿਲ ਕਾਜਲ ਕੂਕਿਟ ਔ ਪੁਨਿ ਕ੍ਰੌਚ ਸੁ ਨਾਦ ਕਰੇਂ ਘਨ ਘੋਰਾ। ਕੀਰ ਕਪੋਤ ਅਨੇਕ ਰਟੇ ਅਤਿ ਸੋਭਤ ਸਾਰਸ ਕੇ ਅਨਜੋਰਾ । ਫੂਲ ਲਤਾ ਤਰੁ ਯੋਂ ਨਿਰਖੈਂ ਜਨੁ ਨਾਗਰ ਨਾਰ ਚਿਤੇ ਦ੍ਰਿਗ ਕੋਰਾ ॥ ੪ ॥ ਫਲ ਭਾਰ ਭਰੇ ਤਰੁਵਾ ਸਗਲੇ ਸੁਭ ਸੰਤਨ ਸੇ ਸੁ ਲਟੇ ਧਰ ਮਾਹੀਂ। ਜਲ ਊਜਲ ਜਿਉਂ ਮਨ ਸੰਤਨ ਕੋ ਪੁਨਿ ਵਾਰਜ ਗੰਧ ਧਸੀ ਤਿਨ ਮਾਹੀਂ। ਸ੍ਰਮ ਹਾਰਕ ਵੈ ਜਲ ਪਾਨ ਕਰੈਂ ਰਘੁਬੀਰ ਤਹਾਂ ਤਰੁਕੀ ਪਰਛਾਹੀਂ। ਤਹਿ ਸਾਨੁਜ ਰਾਮ ਸੁ ਭੂਣ ਕਸੇ ਪਥਿ ਸੀਤਲ ਮਾਹਿ ਚਲੇ ਤਟ ਜਾਹੀਂ ॥ ੫ ॥ ਚੌਪਈ ॥ ਰਿਖ

ਮੂਕ ਪਰਬਤ ਢਿਗ ਦੋਊ। ਜਾਤ ਭਏ ਲਖਮਣ ਹਰਿ ਸੋਊ। ਧਨੁਖ ਬਾਣ ਕਰ ਭੀਤਰ ਧਾਰੇ ॥ ਸੀਸ ਜਟਾ ਬਲ ਕਲਹ ਸਵਾਰੇ ॥੬॥ ਨਾਨਾ ਬਿਰਖਨ ਓਰ ਨਿਹਾਰੇ। ਗਿਰਕੀਸੋਭਾਬਹੁਤ ਉਚਾਰੇਂ। ਬਾਨਰ ਚਾਰ ਸੈਹਤ ਸੁਗ੍ਰੀਵਾ। ਤਾਂ ਪਰਬਤ ਪਰ ਬਸੇ ਸਦੀਵਾ॥੭॥ਪਿਖ ਲਖਮਣ ਅਰ ਰਾਮ ਸੁਆਇ। ਪਰਬਤ ਸਿਖਰ ਚਢਯੋ ਪੁਨਿ ਜਾਇ। ਡਰ ਸੁਗ੍ਰੀਵ ਕਹਯੋ ਹਨੂਮਾਨ ॥ ਆਵਤ ਕੌਨ ਦੋਊ ਬਲਵਾਨ॥੮॥ਜਾਇ ਪਿਖੋ ਤੁਮ ਤਿਨ ਉਰ ਭਾਈ। ਬਟ ਕੀ ਆਕ੍ਰਿਤ ਦੇਹ ਬਨਾਈ। ਕਿਆ ਯਹਿ ਬਾਲੀ ਆਪ ਪਠਾਏ। ਮੇਰੇ ਮਾਰਨ ਕੇ ਹਿਤ ਆਏ ॥੯॥ ਤਿਨਸੋਂ ਜਾਇ ਸੁ ਬਾਤ ਕਰੇਹੁ। ਤਿਨਕੇ ਚੀਤ ਸਗਲ ਲਖ ਲੇਹੁ। ਜੇਵਹੁ ਦੁਸ਼੍ਰ ਚਿਤ ਲਖ ਪਾਵੇਂ। ਕਰ ਸੈਨਨਕਰ ਮੋਂ ਸਮਝਾਵੇਂ॥੧੦॥ ਦੋਹਰਾ॥ ਭਲੇ ਜਾਨ ਤਿਨ ਮੋਹਿ ਪਿਖ ਹਾਸੀ ਦੰਤ ਨਿਕਾਰ। ਯਾ ਬਿਧ ਜਾਨੇ ਹਮ ਸਹੀ ਤਿਨਕੇ ਸਾਰ ਅਸਾਰ॥੧੧॥ਚੌ: ॥ ਹਨੂੰਮਾਨਮੁਖ ਤਬਾ ਉਚਾਰੀ। ਲੀਨੋਬਟ ਸਰੂਪ ਤਿਨਧਾਰੀ। ਅਤਿ ਨਿਮਰ ਤਾਕੀ ਢਿਗ ਗਯੋ। ਕਰ ਪ੍ਰਣਾਮ ਪੁਨ ਪੂਛਤ ਭਯੋ॥ ੧੨॥ ਪੁਰਖ ਸਿੰਘ ਤੁਮ ਕੌਨ ਸੁ ਦੋਈ। ਤਰਣ ਬੀਰ ਬਨ ਆਏ ਜੋਈ। ਆਠੋ ਦਿਸ਼ਾ ਪ੍ਰਕਾਸੋ ਭਾਈ। ਦੋਸੂਰਜਸਮ ਪ੍ਰਭਾ ਸੁਹਾਈ॥ ੧੩॥ ਤੁਮ ਤ੍ਰਿਲੋਕ ਕੇ ਕਰਤਾ ਦੋਈ। ਮੇਰੀ ਮਤਿ ਯਾ ਬਿਧ ਕੀ ਹੋਈ। ਤੁਮਪਰਧਾਨਪੁਰਖ ਜਗ ਕਾਰਣ। ਜਗ ਸਰੂਪ ਜਨਿਨ ਕੇ ਤਾਰਣ॥੧੪॥ ਮਾਯਾ ਮਾਨੁਖ ਭੁਏ ਅਕਾਰ। ਮੈਂ ਜਾਨਤ ਤੁਮਕੋ ਅਵਤਾਰ । ਜਗ ਉਪਜਾਵਨ

ਪਾਲਨ ਹਰਣੂ। ਲੀਲਾ ਕਰੋ ਸੁ ਦੋ ਤੁਮ ਭਰਣੂ॥ ੧੫॥ ਸਥਾਵਰ ਜੰਗਮ ਜੋ ਜਗ ਹੇਰੇ। ਸੁਤੰਤਰ ਪ੍ਰੇਰਕ ਤੁਮ ਤਿਨ ਕੇਰੇ। ਭੂਮੀਂ ਕੋ ਸਭ ਭਾਰ ਸੁ ਹਰਣੋਂ। ਨਿਜ ਭਗਤਨ ਕੋ ਪਾਲਨ ਕਰਣੋਂ ॥ ੧੬ ॥ ਯਾ ਹਿਤ ਤੁਮ ਲੀਨੋ ਅਵਤਾਰਾ । ਤੁਮ ਪ੍ਰਮੇਸੁਰ ਖੱਤ੍ਰੀ ਆਕਾਰਾ। ਨਰ ਨਾਰਾਇਣ ਸੇ ਜਗ ਦੋਈ। ਮੇਰੀ ਮਤਿ ਯਾ ਬਿਧ ਕੀ ਹੋਈ ॥੧੭॥ ਰਾਮਕੀਯੋਤਬ ਭ੍ਰਾਤ ਉਚਾਰਾ। ਪੇਖੋ ਲਖਮਣ ਬਟੂ ਸੁਚਾਰਾ। ਸਬਦ ਸਾਸਤ੍ਰ ਸਗਲੋ ਹੈ ਜੋਈ। ਵਾਰ ਅਨੇਕ ਸੁਨਯੋ ਇਨ ਸੋਈ ॥ ੧੮ ॥ ਇਨੇਂ ਸੁ ਜੋ ਜੋ ਮੁਖਤੇ ਕਹਯੋ। ਅਸੁੱਧ ਬਚਨ ਨਹਿਂ ਤਿਨਮੈ ਲਹਯੋ। ਪੁਨਿ ਰਘੁਬੀਰ ਕਹੇ ਹਨੂਮਾਨ। ਗਯਾਨ ਰੂਪ ਵੈ ਸ੍ਰੀ ਭਗਵਾਨ ॥ ੧੯ ॥ ਮੈਂ ਹੋਂ ਦਾਸਰਥੀ ਜਗ ਰਾਮ। ਯਹ ਮੈਂ ਅਨੁਜ ਸੁ ਲਖਮਣ ਨਾਮ। ਸੀਤਾ ਹੁਤੀਸੁ ਨਾਰਿ ਹਮਾਰੀ । ਪਿਤ ਆਇਸੁ ਸਿਰਪਰ ਹਮ ਧਾਰੀ॥ ੨੦॥ਤੀਨੋ ਦੰਡਕ ਵਿਪਨ ਮਝਾਰ। ਹਮਆਏ ਸੁਨਿ ਬ੍ਰਹਮ ਕੁਮਾਰ। ਰਾਖਸ਼ ਕਿਨੇਂ ਸੁ ਹਰੀ ਪਿਆਰੀ। ਮੋ ਪਤਨੀ ਵਹੁ ਜਨਕ ਕੁਮਾਰੀ॥ ੨੧ ॥ ਦੋਹਰਾ ॥ ਤਾਂਕੇ ਢੂਢਨ ਹੇਤ ਹਮ ਆਏ ਯਾ ਬਨ ਮਾਹਿਂ । ਤੁਮ ਬਟ ਰੂਪੀ ਕੌਨ ਹੋ ਮੋਹ ਕਹੋ ਮੁਖ ਮਾਹਿਂ ॥ ੨੨ ॥ ਬਟੂ ਵਾਚ ॥ ਚੌਪਈ ॥ ਸੁਗ੍ਰੀਵ ਨਾਵ ਬਾਨਰ ਕੋ ਰਾਜਾ। ਹੈ ਮਤਿ ਮਾਨ ਬਡੋ ਸਿਰਤਾਜਾ॥ ਚਾਰ ਮੰਤਰੀ ਸੰਗ ਪਿਆਰੇ। ਗਿਰਸਿਰ ਬਸੇ ਸੁ ਕਪਿ ਸਿਰਦਾਰੇ ॥ ੨੩ ॥ ਦੋਹਰਾ ॥ ਬਾਲੀਕੋ ਲਘੁ ਭ੍ਰਾਤ ਹੈ ਰਘੁਵਰਿ ਕਪਿ ਸੁੱਗ੍ਰੀਵ

। ਬਾਲੀ ਪਾਪੀ ਕਾਢਿਯੋ ਡਰਿਤ ਰਹੇ ਤਿਨ ਜੀਵ ॥ ੨੪ ॥
ਇਸਕੀ ਨਾਰਿ ਸੁਤਾਂ ਹਰੀ ਬਾਲੀ ਪਾਪੀ ਭ੍ਰਾਤ । ਤਿਨ ਡਰ
ਯਾ ਗਿਰ ਮੈਂ ਬਸੈ ਕਪਿਨਾਇਕ ਬਿੱਖਜਾਤ ॥ ੨੫ ॥ ਚੌਪਈ
॥ ਸੁਗ੍ਰੀਵਹਿਕੋ ਮੈਂ ਅਹੈ ਬਜੀਰ । ਵਾਯੁ ਪੂਤ ਮਮ ਕਹੇਂ ਸੁਧੀਰ
। ਹਨੂਮਾਨ ਮਮ ਨਾਮ ਬਖਾਨੇਂ । ਅੰਜਨੀ ਮਾਤ ਸਗਲ
ਜਗਜਾਨੇਂ ॥ ੨੬ ॥ ਦੋਹਰਾ ॥ ਸੁਗ੍ਰੀਵ ਸਾਥ ਮੈਤ੍ਰੀ ਕਰੋ ਕਹੋ
ਰਘੂਤਮ ਜੋਇ । ਪਤਨੀ ਹਰੀ ਸੁ ਨਾਸ ਪ੍ਰਤਿ ਤੋਹਿ ਸਹਾਇ
ਕ ਹੋਇ ॥ ੨੭ ॥ ਮੈਂ ਅਬਜਾਵਹੁ ਬੇਗ ਤਹਿੰ ਢੀਲ ਨਹੀਂ
ਕਛੁ ਆਹਿ । ਚਲੋ ਰਘੂਤਮ ਬੇਗ ਤੁਮ ਜੋ ਰੁਚਿ ਹੈ ਉਰਮਾਹਿੰ
॥ ੨੮ ॥ ਸ੍ਰੀਰਾਮੋਂਵਾਚ ॥ ਸਵੈਯਾ ॥ ਹਮਹੂੰ ਤਿਨਕੇ ਸੰਗ
ਹੋਨ ਸਖਾ ਚਲ ਕੇ ਇਹ ਠੌਰ ਸੁਨੇਂ ਅਬਆਏ । ਜਗਮੀਤ
ਕੋ ਕਾਰਯ ਹੋਇ ਜਿਤੋ ਕਰਹੋਂ ਸਗਲੋ ਸਿਰ ਲੌ ਬਲ ਲਾਏ
। ਹਨੂਮਾਨ ਤਬੈ ਨਿਜ ਰੂਪ ਗਹਜੋ ਕਰ ਜੋਰ ਦੋਊ ਤਿਨ ਰਾਮ
ਅਲਾਏ । ਅਬਮੋਹਿ ਸਕੰਧ ਚਢੋ ਰਘੁਨਾਇਕ ਬੇਗ ਚਲੋ
ਨਹਿ ਢੀਲ ਸੁ ਆਏ ॥ ੨੯ ॥ ਤਿਹ ਠੌਰ ਚਲੋ ਅਬ ਬੇਗ
ਸੁਨੋਂ ਜਹਿ ਸੰਗ ਅਮਾਤ ਬਸੇ ਕਪਿ ਰਾਈ । ਤਬ ਰਾਮ ਤਥਾ
ਮੁਖ ਭਾਖ ਭਲੇ ਹਨੂਮਾਨ ਸਕੰਧ ਚਢੇ ਯੁਗ ਭਾਈ । ਹਨੂਮਾਨ
ਸੁ ਕੂਦ ਚੜੇ ਖਿਤ ਤੇ ਗਿਰ ਸੀਸ ਬਿਖੇ ਨਹਿੰ ਢੀਲ ਲਗਾ
ਈ ॥ ਰਘੁਨਾਥ ਤਹਾਂ ਲਘੁ ਭ੍ਰਾਤ ਸਮਾਂ ਖਿਣ ਬੈਠਤ ਹੈਂ ਨਿ
ਵੜੀ ਤਰ ਛਾਹੀ ॥ ੩੦ ॥ ਹਨੂਮਾਨ ਕਪੀਸੁਰ ਪਾਸ ਗਏ
ਕਰ ਜੋਰ ਦੂਊ ਇਹ ਬਾਤ ਅਲਾਈ । ਲਘੁ ਭ੍ਰਾਤ ਸਮਾਂ ਰਘੁ-

॥ ਵਿਭੀਖਣੋਂ ਵਾਚ॥ ਦੋਹਰਾ ॥ਸੁਨੋ ਰਾਮ ਤੋਕੋ ਕਹੋਂ ਮੇਘਨਾਦ ਕੇ ਕਾਜ। ਅਪਨੀ ਜੀਤ ਨਮਿੱਤ ਵਹ ਕਰਤ ਹੋਮ ਖਲਰਾਜ ॥੩੭॥ ਨਿਕਸੇ ਗੇ ਰਥ ਅੱਸੂ ਪੁਨਿ ਆਯੁਧ ਧੁਜਾ ਸੁ ਚੀਰ । ਹੋਇ ਸਮਾਪਤਿ ਹੋਮ ਜਬ ਮੇਘਨਾਦ ਰਘੁਬੀਰ ॥ ੩੮ ॥ ਦੇਵ ਦੈਤ ਨਹਿ ਜਿਤ ਸਕੈਂ ਫੇਰਤਿਸੇ ਜਗਮਹਿ । ਯਾਂਤੇ ਲਖ ਮਣ ਹਾਥ ਤਿਨ ਬੇਗ ਹਨੈਂ ਰਣ ਮਾਹਿ ॥੩੯। ਆਗਜਾ ਮੋ ਸੰਗ ਦੀਜੀਏ ਲਖਮਣ ਬਲ ਬੱਖਜਾਤ । ਬਿਨ ਸੰਦੇਹ ਘਨ ਨਾਦਕੋ ਮਾਰੇ ਗੋ ਤਵ ਭ੍ਰਾਤਿ॥ ੪੦ ॥ ਸ੍ਰੀ ਰਾਮੋ ਵਾਚ ॥ ਦੋਹਰਾ ॥ ਮੈਂਹੀ ਚਾਲੋਂ ਆਪਤਹਿ ਇੰਦ੍ਰ ਜੀਤ ਬਲਵੰਤ। ਪਾਵਕ ਅਸਤ੍ਰ ਸੁ ਮਾਰਿਕੈ ਤਾਹਿ ਕਰੋਂ ਸਤਖੰਡ॥ ੪੧ ॥ ਸ੍ਵੈਯਾ॥ਸੁਵਿਭੀਖਨਫੇਰਿ ਕਹਜੋ ਰਘੁਨਾਥ ਸੁ ਔਰ ਨ ਮਾਰਸਕੈ ਤਿੰਹ ਕੋਈ । ਜਿਹ ਦ੍ਵਾਦਸਵਰਖ ਅਹਾਰ ਤਜੇ ਪੁਨਿ ਨਾਹਿ ਕਦੀ ਢਿਗ ਨੀਂਦ ਸੁ ਸੋਈ। ਚਤੁਰਾਨਨ ਆਪ ਕਹਜੋ ਮੁਖਤੇ ਇਨਕੋ ਮਰਣੋਂ ਪੁਨਿ ਤਾਹਿ ਤੇ ਹੋਈ। ਲਖਮੰਨ ਤਜੀ ਜਬ ਔਧ ਪੁਰੀ ਤਬ ਨੀਂਦ ਅਹਾਰ ਤਜੇ ਤਿਨ ਦੋਈ॥੪੨॥ਪਦ ਪੰਕਜ ਤੇ ਇਨ ਨੀਤਭਜੇ ਯਹਿ ਜਾਨਿ ਲਈ ਸਗਲੀ ਮਮ ਰਾਮਾ। ਅਬ ਆਇਸੁ ਬੇਗ ਦਿਜੇ ਇਹ ਕੋ ਅਰਿ ਮਾਰ ਕਰੇ ਤਵ ਪੂਰਣ ਕਾਮਾਂ। ਨਿਹਚੈ ਯਹਿ ਮਾਰਹਿਗੋ ਤਿਨਕੋ ਸੁ ਧਰਾ ਧਰ ਸੇਸ ਮਹਾਂ ਬਲਧਾਮਾਂ। ਹਨੈਂ ਦਸਕੰਧਰ ਕੇ ਸੁਤਕੋ ਸਭ ਰੋਵਹਿ ਰਾਖਸ਼ ਕੀ ਘਰ ਵਾਮਾਂ। ੪੩ ॥ ਦੋਹਰਾ ॥ ਜਗਤਿ ਅਧੀਸ ਸੁ ਰਾਮ ਤੁਮ ਨਾਰਾਇਣ ਭਵਹਾਰ । ਲਖਮਣਸੇਸ

ਭਨੀਜੀਏਨਿਖਲਧਰਤਆਧਾਰ॥੪੪॥ ਧਰਣੀਭਾਰਨਿਵਾਰ ਹਿਤ ਤੁਮ ਲੀਨੋਂ ਅਵਤਾਰ। ਜਗ ਨਾਟਕ ਕੇ ਸੂਤ ਕੇ ਤੁਮ ਹੋ ਧਾਰਣਹਾਰ॥ ੪੫ ॥ ਇਤਿ ਸ੍ਰੀ ਮਤਿ ਅਧ੍ਯਾਤਮ ਰਾਮਾ ਇਣੇਂ ਉਮਾ ਮਹੇਸ਼੍ਵਰ ਸੰਬਾਦੇ ਯੁੱਧ ਕਾਂਡੇ ਅਸ਼੍ਟਮੋ ਧ੍ਯਾਇ॥੯॥

ਸ੍ਰੀ ਮਹਾਂਦੇਵ ਉਵਾਚ॥ ਦੋਹਰਾ ॥

ਸੁਨਤ ਵਿਭੀਖਨ ਵਾਕ ਪੁਨਿ ਬੋਲੇ ਸ੍ਰੀ ਭਗਵਾਨ। ਵਿਭੀਖਣ ਜਾਨੋਂ ਮੈ ਤਿਸੇ ਕਪਟੀ ਹੈ ਬਲਵਾਨ॥੧॥ ਬ੍ਰਹਮਾਸਤ੍ਰ ਵਿਤ ਸੂਰ ਅਤਿ ਮਾਇਆਵੀ ਬਲਵਾਨ॥ ਐਸੋ ਦੈਤ ਬਲਿਸ੍ਰਅਤਿ ਜੋ ਤੈਂ ਕੀਨ ਬਖਾਨ ॥ ੨॥ ਅੜਿਲ ॥ ਜਾਨੋ ਲਖਮਣ ਰੂਪ ਸੁਨੋਂ ਮਨ ਲਾਇਕੈ। ਮਮ ਸੇਵਕ ਪਰਬੀਨ ਮਹਾਂਸੁਖਦਾਇਕੈ । ਭਾਵੀ ਕਾਰਯ ਜਾਨ ਮੌਨ ਉਰ ਮੈਂ ਗਹੀ। ਹੋ ਭੋਜਨ ਵਧੋ ਨ ਮੋਹਿ ਸੁ ਮਾਰੇਗੋ ਵਹੀ॥੩॥ਐਸੇ ਰਾਮ ਸੁ ਭਾਖ ਭ੍ਰਾਤ ਬਖਾ ਨਈ। ਗਿਰਜਾ ਵੈ ਭਗਵਾਨ ਸਭੀ ਕੁਛ ਜਾਨਈ। ਲਖਮਣ ਸੰਗ ਸੁ ਸੈਨ ਬਡੀ ਅਬ ਲੀਜੀਯੇ। ਹੋ ਜਾਇ ਦਸਾਨਨ ਪੂਤ ਬੇਗ ਬਧ ਕੀਜੀਏ॥ ੪ ॥ ਹਨੁਮਤ ਸੇ ਸਰਦਾਰ ਸਭੈ ਸੰਗ ਲੀਜੀਏ। ਜਾਂਬੁਵਾਂਨ ਰਿਛੇਸ਼ ਸਹਾਇਕ ਕੀਜੀਏ । ਵਿਭੀ ਖਣ ਲੈ ਪਰਧਾਨ ਸੰਗ ਤਵ ਜਾਇ ਹੈ। ਹੋਜਾਨਤ ਸਭੈ ਸੁਦੇਸ ਵਿਵਰਜ ਬਤਾਇ ਹੈ॥੫॥ ਰਾਮ ਵਚਨ ਸੁਨਿ ਲਖਮਣ ਸੰਗ ਵਿਭੀਖਣੇਂ। ਔਰ ਸਰਾਸਨ ਲਯੋ ਬਾਣ ਅਤਿ ਤੀਖਣੇ। ਰਾਮ ਪਦਾਂਬੁਜ ਹਾਥ ਸੁ ਸੀਸ ਝੁਕਾਇਕੈ । ਹੋ ਲਖਮਣ ਕਰਤ ਬਖਾਨ ਸੁਨੋਂ ਮਨ ਲਾਇਕੈ॥੬॥ ਆਜੁ ਸਰਾਸਨ ਬਾਨ ਮੋਹਿ

ਛੁਟਕਾਹਿੰਗੇ । ਮੇਘਨਾਦ ਤਨ ਫੋੜ ਪਤਾਲ ਧਸਾਹਿੰਗੇ ।
ਭੋਗਵਤੀਕੇ ਨੀਰ ਭਲੀ ਬਿਧਿ ਨ੍ਹਾਇਕੈ। ਹੋਪਰੇ ਨਿਖੰਗਹਿੰ
ਆਇ ਸੁ ਸ਼੍ਰੋਣ ਮਿਟਾਇਕੈ ॥ ੭ ॥ ਐਸੀ ਲਖਮਣ ਬਾਤ ਸੁ
ਮੁਖੋਂ ਉਚਾਰਕੈ। ਰਾਮ ਭ੍ਰਾਤ ਕੀ ਤੀਨਿ ਪ੍ਰਦੱਖਣ ਧਾਰਕੈ।
ਇੰਦ੍ਰਜੀਤ ਬਧਚਾਹਿ ਸੁਮਨ ਮੈ ਹੈ ਧਰੀ। ਹੋ ਚਲੇ ਉਤਾਇਲ
ਲਖਮਣ ਰਣ ਕੀ ਮਤਿ ਕਰੀ ॥ ੮ ॥ ਲਖਮਣ ਪਾਛੇ ਚਾਲੇ
ਹਨੁਮਤਿ ਧਾਇਕੈ। ਬਾਨਰ ਬਹੁਤ ਹਜ਼ਾਰ ਸੁ ਸੰਗ ਲਵਾਇਕੈ
। ਵਿਭੀਖਣ ਲੀਨ ਅਮਾਤ ਮਹਾਂਬਲ ਜੇਵਰੀ। ਹੋਚਲੇ ਸਿਤਾ
ਬੀ ਦੌਰ ਢੀਲ ਨਹਿ ਕਛ ਕਰੀ॥ ੯ ॥ ਜਾਂਮਵਾਨ ਸਭ ਲੀਨੇ
ਰੀਛ ਬੁਲਾਇਕੈ। ਲਖਮਣ ਸੰਗ ਸੁ ਚਾਲੇ ਹਰਖ ਬਢਾਇਕੈ
। ਜਾਇ ਨਿਕੁੰਭਲ ਦੇਸ਼ ਲਛਮਣ ਪੁਨਿ ਪੇਖਿਯੋ। ਹੋ ਰਾਖਸ਼
ਸੈਨ ਅਪਾਰ ਮਹਾਂ ਬਲ ਦੇਖਿਯੋ ॥ ੧੦ ॥ ਲਖਮਣ ਖੈਂਚ
ਸਰਾਸਨ ਸਰਹਿ ਸੁ ਡਾਰਕੈ । ਸਾਵਧਾਨ ਤਬ ਹੋਏ ਬਲਿ
ਸੰਭਾਰਕੈ। ਅੰਗਦ ਬੀਰ ਸਹਾਇਕ ਲਖਮਣ ਕੇ ਭਏ । ਹੋ
ਜਾਂਬਵਾਨ ਕਪਿ ਮੌਲ ਸੰਗ ਸਭਹੀ ਲਏ ॥ ੧੧ ॥ ਤਦੈ ਵਿਭੀਖਨ
ਆਪ ਸੁ ਬੈਨ ਉਚਾਰਿਆ। ਸੁਨੀਏ ਲਖਮਣ ਆਜ ਸੁਬਚਨ
ਹਮਾਰਿਆ। ਘਨ ਸੀ ਰਾਖਸ਼ ਸੈਨਿ ਏਹ ਪਿਖਲੀਜੀਏ । ਹੋ
ਯਾਂਕੇ ਭੇਦਨ ਮਾਹਿ ਯਤਨ ਬਹੁ ਕੀਜੀਯੇ ॥੧੨॥ ਤੋਮਰਛੰਦ
॥ ਅਬ ਸੈਨ ਯਾ ਹਨਿ ਡਾਰ। ਘਨ ਨਾਦ ਨੈਨ ਨਿਹਾਰ। ਅਬ
ਬੇਗ ਕੀਜੇ ਸੋਇ। ਨਹਿ ਹੋਮ ਪੂਰਨ ਹੋਇ॥ ੧੩ ॥ ਦੋਹਰਾ
॥ ਹਿੰਸਾ ਧਰਮਕ ਦੁਸ਼੍ਰ ਅਤਿ ਰਾਵਣ ਕੇ ਸੁਤ ਬੀਰ । ਪੁਨਿ

ਮਾਰੇ ਧਨੁ ਤਾਨਿ ਕੈ ਲਖਮਣ ਅਤਿ ਰਣਧੀਰ॥੧੪॥ਸੁਨਤ ਵਿਭੀਖਣ ਬਾਤ ਕੋ ਲਖਮਣ ਕ੍ਰੋਧ ਅਪਾਰ। ਧਾਰ ਸਰਾਸਨ ਹਾਥ ਮੇਂ ਲਏ ਸੁ ਬਾਨ ਨਿਕਾਰ॥ ੧੫ ॥ ਸਵੈਯਾ ॥ ਮਘਵਾ ਜਿਤ ਹੋਮਕਰੇ ਜਿਹ ਠੌਰ ਸੁਬਾਨ ਅਨੇਕ ਤਹਾਂ ਤਿਨਿ ਮਾਰੇ। ਪੁਨਿ ਭੂਧਰ ਭੂਰਹਿ ਲੈ ਕਰਮੈ ਕਪਿ ਯੂਥਪਵੈ ਘਨ ਸੇ ਕਿਲਕਾਰੇ। ਪੁਨਿ ਦੈਤਨ ਕੇ ਸਿਰ ਮੈ ਤਰੁ ਮਾਰਤ ਮਾਰ ਸਿਲਾ ਨਖਸੋਂ ਤਨ ਫਾਰੇ॥ ਉਰਰਾਖਸ਼ ਕੋਪ ਭਰੇ ਤਬਹੀਂ ਅਸਿ ਬਾਨ ਸੁ ਤੋਮਰ ਕੀਸ ਬਿਦਾਰੇ ॥ ੧੬ ॥ ਬਾਨਰ ਔ ਪੁਨਿ ਰਾਖਸ਼ ਕੋ ਗਿਰਜਾ ਅਤਿ ਭੇਰ ਭਯੋ ਤਿਹਭਾਰੀ। ਗਾਜਤ ਯਾਬਿਧਿ ਸੂਰ ਮਨੋ ਨਿਧਖੀਰ ਮਥਾਵਤ ਫੇਰ ਮੁਰਾਰੀ। ਰਾਵਣਕੇ ਸੁਤ ਤਾਹਿ ਸਮੈਂ ਨਿਜ ਸੈਨ ਦਲੀ ਰਣਿ ਮਾਹਿ ਨਿਹਾਰੀ । ਹੋਮ ਨਿਕੁੰਭਲ ਦੇਸ ਤਜੇ ਨਿਕਸੇ ਪੁਨਿ ਬੇਗ ਮਹਾਂ ਬਲਧਾਰੀ॥ ੧੭ ॥ ਸਜੰਦਨ ਮਾਹਿ ਅਰੂਢ ਭਯੋ ਕੁਪ ਤਾਹਿ ਲਈ ਕਰ ਮਾਹਿ ਕਮਾਨੇਂ। ਦੌਰ ਅਏ ਰਣ ਮੰਡਲ ਮੈਂ ਗਿਰਜਾ ਇਹ ਭਾਂਤਿ ਸੁ ਬੈਨ ਬਖਾਂਨੇ। ਹੈਂ ਘਨਨਾਦਿ ਅਏ ਰਣਮੈ ਲਖਮੀਨਿ ਨ ਛੂਟਸ ਆਜ ਪਲਾਂਨੇ। ਪਿਤ੍ਰ ਵਿਭੀਖਣ ਤਾਹਿ ਪਿਖੇ ਘਨਨਾਦ ਸੁ ਨਿੱਠਰਵਾਕ ਅਲਾਨੇ॥ ੧੮॥ ਨਿਪਜੇ ਇਹ ਠੌਰ ਵਧੈ ਸੁ ਇਹਾਂ ਸੱਖਜਾਤ ਸੁ ਮੋ ਪਿਤ ਕੇ ਤੁਮ ਭਾਈ। ਰਣ ਔ ਸਰਬੰਧੁ ਤਜੇ ਅਪਨੋਂ ਪਰ ਭ੍ਰਿਤ ਭਯੋ ਹਮਤੇ ਸੁ ਪਲਾਈ । ਸੁਤ ਭ੍ਰਾਤਕੇ ਸਾਥ ਸੁ ਦ੍ਰੋਹ ਕਰੇ ਪੁਨਿ ਮੂਰਖ ਲਾਜ ਨ ਰੰਚਕ ਆਈ। ਇਹ ਭਾਂਤਿ ਬਖਾਂਨ ਹਨੂੰ ਮਤ ਪੀਠ ਪਿਖੇ ਲਖਮੀਨਿ

ਕਮਾਂਨ ਚਢਾਈ ॥ ੧੯ ॥ ਹਾਥ ਉਭਾਰ ਬਡੀ ਤਰਵਾਰ ਸਯੰਦਨ ਮੈਂ ਘਨਨਾਦ ਸੁਹਾਏ ॥ ਫੇਰ ਲਯੋ ਧਨੁ ਤਾਂਨਤਿਨੇ ਜਿਹ ਹੇਰ ਸੁਰੇਸ਼ਰ ਚਾਂਪ ਲਜਾਏ। ਆਜ ਪਿਵੇਂ ਕਪਿ ਸ਼੍ਰੋਣਤ ਮੇ ਸਰ ਯਾ ਬਿਧਕੇ ਮੁਖ ਬੈਨ ਅਲਾਏ। ਤਾਹਿ ਸਮੈ ਲਖਮਨਿ ਮਹਾਂ ਬਲਿ ਆਪ ਸਰਾਸਨ ਮੈ ਸਰ ਲਾਏ ॥ ੨੦ ॥ ਨਰਾਜ ਛੰਦ ॥ ਤਬੈ ਸੁ ਰਾਮ ਭ੍ਰਾਤ ਬਾਨ ਮੇਘਨਾਦਿ ਮਾਰਿਆ । ਸੁਕਾਂਹਿ ਸਰਪ ਸੇਰਪੇ ਤਿਨੇ ਸੁ ਕ੍ਰੋਧ ਧਾਇਆ । ਸੁ ਲਾਲ ਨੈਨ ਮੇਘਨਾਦ ਰਾਮ ਭ੍ਰਾਤ ਹੇਰਈ। ਸੁ ਬੱਜ੍ਰ ਕੇ ਸਮਾਂਨ ਬਾਂਨ ਹੈ ਲਗੇ ਨ ਫੇਰਈ ॥ ੨੧ ॥ ਸਵੈਯਾ ॥ ਦੋ ਘਟਿਕਾ ਤਨ ਮੂਰਛਤਾ ਮਘਵਾਜਿਤ ਫੇਰ ਸੁ ਨੈਨ ਉਘਾਰੇ। ਰਾਵਣਕੇ ਸੁਤ ਤਾਹਿ ਸਮੈਂ ਰਣ ਦਾਸਰਥੀ ਰਘੁਬੀਰ ਨਿਹਾਰੇ। ਦ੍ਰਿਗ ਲਾਲ ਭਏ ਮਘਵਾਜਿਤ ਕੇ ਕਰ ਮਾਹਿ ਸਰਾਸਨ ਤਾਹਿ ਸੰਭਾਰੇ। ਧਾਰ ਸਰਾਸਨ ਮੈਂ ਸਰ ਭੀਖਨ ਰਾਮਕੇ ਭ੍ਰਾਤਸੋਂ ਬੈਨ ਉਚਾਰੇ ॥ ੨੨ ॥ ਪੂਰਬ ਯੁੱਧ ਬਿਖੇ ਹਮਰੇ ਜਬ ਨਾਹਿ ਪਰਾ ਕ੍ਰਮ ਨੈਨ ਨਿਹਾਰੇ। ਠਾਂਢ ਰਹੋ ਰਣ ਮੰਡਲ ਮੈ ਅਬ ਤੋਹਿ ਕੋ ਬੇਗ ਸੁ ਦੇਉਂ ਦਿਖਾਰੇ॥ ਐਸੇ ਬਖਾਂਨ ਲਏ ਸਤਬਾਂਨ ਸੁ ਤਾਂਨ ਕਮਾਂਨ ਅਹੇ ਸਰਮਾਰੇ। ਫੇਰ ਲਏ ਦਸਬਾਂਨ ਹਨੇ ਪੁਨਿ ਤਾਨ ਕਮਾਂਨ ਸੁ ਵਾਯੁ ਕੁਮਾਰੇ ॥ ੨੩ ॥ ਅੜਿਲ ॥ ਤੀਖੇ ਜਾਂਹਿ ਪ੍ਰਕਾਮ ਸੁ ਸਾਂਨ ਸਵਾਰਿਆ । ਇੰਦ੍ਰ ਜੀਤ ਸੋ ਬਾਨ ਵਹੀ ਸੁ ਨਿਕਾਰਿਆ॥ ਚਾਚਾ ਨਾਮ ਵਿਭੀਖਣ ਰਣਹਿ ਉਚਾ ਰਿਆ। ਹੋ ਕੋਪ ਦੁਗਣ ਬਲਧਾਰ ਤਾਹਿ ਉਰਿ ਮਾਰਿਆ॥

੨੪ ॥ ਸਵੈਯਾ ॥ ਲਖਮੰਨਿ ਲਏ ਸਰ ਜਾਲ ਤਬੈ ਘਨ ਸੇ
ਮਘਵਾਜਿਤ ਕੋ ਬਰਸਾਏ। ਤਨ ਤ੍ਰਾਨੁ ਸੁਕਾਂਚਨ ਕੋ ਰਣ ਮੈਂ
ਮਘਵਾਜਿਤ ਕੌ ਅਤਿ ਸੈ ਲਸਕਾਏ। ਤਿਲ ਸੇ ਬਹੁਖੰਡ ਭਏ
ਤਿਨਕੇ ਰਥ ਭੂਮਿ ਸਮੀਪ ਗਿਰੇ ਚਮਕਾਏ। ਜਨੁ ਲੋਹ ਵ੍ਰ
ਲਿੰਗ ਸੁ ਭੂਮਿ ਗਿਰੇ ਸੁ ਮਨੋ ਪਟਬੀਜਨ ਹੈ ਮਿਲਿ ਆਏ
॥ ੨੫ ॥ ਮਘਵਾ ਜ਼ਿਤ ਬਾਨ ਹਜ਼ਾਰ ਲਏ ਉਰ ਕੋਪ ਭਰੇ
ਲਖਮੰਨਿ ਪ੍ਰਹਾਰੇ। ਸਿਯ ਦੇਵਰਕੇ ਤਨੁ ਪ੍ਰਾਨਤ੍ਰਟੇ ਵਹਿਜਾਇ
ਪਰੇ ਪੁਨਿ ਭੂਮਿ ਮਝਾਰੇ। ਯੁਗ ਬੀਰ ਕਰੇ ਪ੍ਰਤਿ ਘਾਤਿ ਉਮਾ
ਪੁਨਿ ਆਪਸ ਮੈ ਰਣ ਘਾਤ ਨਿਵਾਰੇ। ਰਸ ਬੀਰ ਭਰੇ ਰਣ
ਸ਼ੂਕਤ ਯੋਂ ਸੁ ਮਨੋਂ ਅਹਿ ਰਾਜ ਭੁਜੰਗਮ ਕਾਰੇ॥ ੨੬ ॥
ਯੁਧਿ ਅਨੂਪਮ ਤਾਂਹਿਭਯੋ ਸਰ ਕ੍ਰਿਤਤ ਤਾਹਿ ਭਏ ਸਰਬੰਗਾ
। ਸ੍ਰੋਣਤ ਧਾਰ ਅਪਾਰ ਛੁਟੇ ਤਨ ਬੀਰ ਭਏ ਰਣ ਮਾਹਿ
ਸੁਰੰਗਾ। ਦੀਰਘ ਕਾਲ ਲਰੇ ਰਣ ਮੈ ਸਰ ਆਪਸ ਮਾਹਿ
ਚਲਾਇ ਨਿਸੰਗਾ ॥ ਜੀਤ ਭਯੋ ਰਣ ਮੈ ਇਨਕੋ ਪੁਨਿ ਨਾਹਿ
ਸੰਗ੍ਰਾਮ ਭਯੋ ਕੋਊ ਭੰਗਾ॥ ੨੭॥ ਪੁਨਿ ਤਾਹਿ ਸਮੈਂ ਅਤਿ
ਕੋਪ ਭਏ ਲਖਮੰਨਿ ਸਿਲੀਮੁਖ ਪਾਂਚ ਨਿਕਾਰੇ । ਮਘਵਾਜਿਤ
ਸਾਰਥ ਸਜੰਦਨ ਔ ਧੁਜਿਕਾਟਿ ਤੁਰੰਗਮ ਦੂਰ ਬਿਦਾਰੇ। ਪੁਨਿ
ਕਾਟ ਸਰਾਸਨ ਬੇਗ ਦਯੋ ਕਰਕੈ ਫੁਰਤੀ ਰਣ ਮਾਹਿ ਦਿਖਾਰੇ
। ਮਘਵਾਜਿਤ ਔਰ ਸਰਾਸਨ ਕੌ ਗੁਣ ਰੋਪ ਲਯੋ ਨ ਲਗੀ
ਕਛੁ ਬਾਰੇ॥ ੨੯ ॥ ਸੋ ਵਹਿ ਚਾਂਪ ਸੁ ਫੇਰ ਕਟੇ ਲਖਮੰਨਿ
ਬਲੀ ਸਰ ਤੀਨ ਚਲਾਏ। ਫੇਰ ਅਨੇਕ ਲਏ ਸਰ ਤਾਂ ਮਘ

ਵਾਜਿਤ ਕੇ ਉਰ ਭੀਤਰ ਲਾਇ।ਕੋਪਭਰੇ ਮਘਵਾਜਿਤ ਸੰਘਰ
ਭੀਮ ਕੁਵੰਡ ਸੁ ਔਰ ਚਢਾਇ। ਤਾਂਨ ਕਮਾਂਨ ਦਸਾਨਨ ਕੇ
ਸੁਤ ਬਾਨ ਸੁਰਾਘਵ ਭ੍ਰਾਤ ਲਗਾਏ॥ ੨੯॥ ਦੋਹਰਾ॥
ਬਾਨਰ ਨਿਖਲ ਪਤਾਕਿਨੀ ਹਨੀ ਸਰਾਸਨ ਤਾਂਨ।ਦੁਖਪਾਯੋ
ਕਪਿ ਯੂਥਪਾ ਭਯੋ ਸੁ ਬਦਨ ਮਲਾਨ॥ ੩੦॥ ਕਬਿੱਤੁ॥
ਇੰਦ੍ਰ ਬਾਨ ਲੀਨੋ ਲਖਮੰਨ ਬਲਵਾਨ ਪੁਨਿ ਨਿੱਠਰ ਕਮਾਂਨ
ਮਾਂਹਿ ਦਯੋ ਹੈ ਲਗਾਇਕੈ। ਕਾਂਨਕੇ ਪ੍ਰਮਾਂਨ ਲੌ ਸੁ ਤਾਂਨ ਕੇ
ਕਮਾਂਨ ਤਾਹਿ ਰਾਮ ਪਾਦਕੰਜ ਕੋ ਚਿਤਾਰਿਯੋ ਅਲਾਯਕੈ॥
ਧਰਮਾਵਤਾਰ ਰਾਮ ਸਾਚਹੀਂ ਸੰਕਲਪ ਧਾਰਿ ਦਸਰਥ ਪੂਤ
ਜਗ ਐਸੇ ਸੁਖ ਦਾਇਕੈ। ਤੀਨ ਲੋਕ ਮਾਹਿ ਜਬ ਰਾਮ ਕੋ
ਅਰਾਤ ਨਹਿ ਰਾਵਣ ਕੇ ਪੂਤ ਕੋ ਤੋ ਹਨੋ ਬਾਣ ਜਾਇਕੈ॥
੩੧॥ ਸਵੈਯਾ॥ ਇਹ ਭਾਂਤਿ ਬਖਾਂਨ ਸੁ ਤਾਂਨ ਕਮਾਂਨ ਸੁ
ਬਾਨ ਤਬੈ ਲਖਮੀਨਿ ਚਲਾਯੋ। ਸੁ ਮਨੋਂ ਮੁਖਿਪਾਵਕ ਕੋ ਉਗਰੇ
ਮਘਵਾਜਿਤ ਓਰ ਸੁ ਧੋਂ ਸਰ ਆਯੋ। ਸਿਰਤ੍ਰਾਣ ਸੁ ਕੁੰਡਲ
ਔ ਕਲਗੀ ਇਹ ਭਾਂਤਿ ਉਮਾਂ ਸਿਰ ਤਾਹਿ ਸੁਹਾਯੋ॥ ਧਰਤੇ
ਸਿਰ ਕਾਟ ਧਰਾ ਧਰ ਮੈਂ ਸਰ ਚੰਦ ਮਨੋ ਨਭਿ ਭੂਮਿ
ਗਿਰਾਯੋ॥ ੩੨॥ ਦੇਵ ਪ੍ਰਸੰਨਭਏ ਸਗਲੇ ਮੁਖਿਮੈਂ ਲਖਮੰਨ
ਕੀ ਕੀਰਤਿ ਗਾਈ। ਬਾਰਹਿਬਾਰ ਸਰਾਹ ਕਰੇ ਸੁਰਿ ਫੂਲਨ
ਕੀ ਬਰਖਾ ਬਰਖਾਈ। ਸੱਕ੍ਰ ਮਹਾਂਰਿਖ ਤੋ ਹਰਖੇ ਪੁਨਿ ਕੋਟ
ਅਪੱਛਰ ਨਿਰਤ ਦਿਖਾਈ। ਮਾਹਿ ਅਕਾਸ਼ ਸੁਨੀਂ ਸਗਲੇ
ਮਿਲ ਦੇਵ ਸਮੂਹਨ ਦੁੰਦਭਿਵਾਈ॥ ੩੩॥ ਨਭਿ ਉਜਲ ਔ

ਧਰ ਕੰਪ ਮਿਟੈ ਰਣ ਰਾਵਣ ਕੇ ਸੁਤ ਮਾਰ ਗਿਰਾਇ ॥ ਸ਼੍ਰਮ ਦੂਰ ਭਏ ਲਖਮੰਨਿਉਮਾਂ ਮੁਖਿ ਭੀਤਰ ਜੈ ਸਭਵਾਕ ਅਲਾਇ । ਮੁਖਿ ਸ਼ੇਰ ਸਮਾਂਨ ਗਜੇ ਗਿਰਜਾ ਲਖਮੰਨਿ ਤਬੈ ਰਣਸ਼ੰਖ ਬਜਾਇ।ਧਨ ਕੋ ਟਣਕਾਰ ਕਰੇ ਰਣ ਮੈਂ ਸੁਨਿ ਬਾਨਰ ਸੈਨ ਸਭੈ ਹਰਿਖਾਏ ॥੩੪॥ ਇਤ ਬਾਨਰ ਕੇ ਸਿਰਦਾਰ ਬਡੇਢਿ-ਗ ਆਵਤ ਹੈਂ ਮਨ ਮੋਦ ਬਢਾਏ । ਲਖਮੰਨਿ ਸੁ ਆਵਤ ਹੈਃ ਤਿਨ ਬੀਚ ਸੁ ਚੰਦ ਮਨੋ ਘਨ ਮਾਹਿਸੁਹਾਏ । ਇਤਿਹੈਹਨੂੰ-ਮਾਂਨ ਵਿਭੀਖਨ ਜੂ ਸਹਿ ਆਵਤ ਹੈਂ ਅਤਿ ਨਿੰਮਰ ਭਾਏ । ਇਹ ਭਾਂਤ ਅਏ ਲਖਮੰਨਿਬਲੀ ਸਿਰ ਰਾਮਕੇ ਪਾਇਨਮਾਹਿ ਝੁਕਾਏ ॥ ੩੫ ॥ ਤੋਹਿ ਪ੍ਰਸਾਦਿ ਹਨੇਂ ਮਘਵਾਜਿਤ ਰਾਮ ਸੁਨੋਂਰਣਭੂਮਿ ਮਝਾਰੀ । ਯੌਂ ਸੁਨਿ ਪ੍ਰੇਮ ਪ੍ਰਵਾਹਿ ਛੁਟੇ ਗਲ ਲਾਇਲਏ ਰਘੁਨਾਥਮੁਰਾਰੀ। ਮੋਦ ਸਨੇਹ ਭਯੋ ਮਨ ਮੈਂ ਸਿਰ ਚੂਮ ਉਮਾਂ ਹਰਿ ਬਾਤ ਉਚਾਰੀ। ਧੰਨ ਅਹੇ ਲਖਮੰਨਿ ਤੁਹੀ ਜਗ ਤੋਹਿ ਕਰੇ ਮਮ ਕਾਰਯ ਭਾਰੀ॥ ੩੬ ॥ ਦੋਹਰਾ ॥ ਇੰਦ੍ਰ ਜੀਤਕੇ ਬਧਨ ਤੇ ਜੀਤੇ ਸਕਲ ਅਰਾਤ । ਲਖਮਣ ਤੋਹਿ ਸਮਾਂਨ ਪੁਨਿ ਭਯੋ ਨ ਹ੍ਵੈਹੈ ਭ੍ਰਾਤ ॥ ੩੭ ॥ ਸਵੈਯਾ ॥ ਤੀਨ ਦਿਨਾਂ ਨਿਸਤੀਨ ਬਿਖੈ ਸੁ ਕਥੰਚਿਤ ਤੋਹਿ ਹਨੇਂ ਬਲ ਧਾਰੀ । ਆਜੁ ਨਿਵੈਰ ਕਰਯੋ ਹਮਕੋ ਅਬ ਆਇਗੋ ਰਾਵਣ ਬਾਹਰ ਵਾਰੀ । ਮੈਂ ਹਨਿਹੌਂ ਤਿਨਕੋ ਰਣ ਮੈਂ ਉਰ ਪੂਤ ਕੋ ਸੋਕ ਭਯੋ ਤਿਨ ਭਾਰੀ। ਰਾਵਣਕੋ ਉਤ ਸਾਰਗਈ ਲਖਮੰਨਿ ਲਯੋ ਮਘਵਾਜਿਤ ਮਾਰੀ॥ ੩੮॥ ਸੁਨਿ ਰਾਵਣ ਭੂਮਿ ਗਿਰੇ

ਤਨ ਮੂਰਛ ਫੇਰ ਉਠੇ ਨਿਜ ਦੇਹਿ ਸੰਭਾਰੇ। ਉਰ ਰਾਵਣ ਕੇ
ਸੁਤ ਸ਼ੋਕ ਭਯੋ ਸੁ ਵ੍ਰਿਲਾਪ ਕਰੇ ਕਰ ਮੁੰਡਨ ਮਾਰੇ। ਸੁਤ ਕੇ
ਗੁਣ ਐ ਪੁਨਿ ਕ੍ਰਿਤਨਕੋ ਮੁਖਿ ਰੋਵਤ ਹੀ ਮਨਮਾਹਿ ਚਿਤਾਰੇ।
ਮਘਵਾਜਿਤ ਆਜੁ ਮਰਿਯੋ ਸੁਨਕੈ ਮਘਵਾਪੁਰ ਦੇਵ ਵਜਾਹਿ
ਨਗਾਰੇ॥ ੩੯॥ ਯਮ ਪਾਸ ਕੁਬੇਰ ਸਚੀ ਪਤਲੋਂ ਜੁਰ ਆਜ
ਮਹਾਂ ਰਿਖਜੂ ਹਰਖਾਵੇਂ । ਮਘਵਾਜਿਤ ਆਜ ਹਤੇ ਸੁਨਿਕੈ
ਅਰ ਡਾਰ ਸੁਖੇਂ ਨ ਸਵੇਂ ਤਰੁ ਛਾਵੇਂ । ਸੁਤ ਰਾਖਸ਼ ਨਾਰਿ ਸੁ
ਰੋਵਤ ਹੈਂ ਅਬ ਦੇਵ ਬਧੂ ਮਿਲ ਮੰਗਲ ਗਾਵੇਂ। ਸੁਤ ਸ਼ੋਕ
ਸੁ ਯੌਂ ਬਿਲਪੈ ਦਸ ਕੰਧਰ ਨੀਰ ਬਿਨਾਂ ਝਖ ਜਯੋਂ ਦੁਖ ਪਾਵੇਂ
॥ ੪੦ ॥ ਪੁਨਿ ਕ੍ਰੋਧ ਭਯੋ ਉਰਰਾਵਣ ਕੇ ਵਹਿ ਰਾਖਸ਼ ਰਾਜ
ਬਡੋ ਬਿਲਖਾਨੋ। ਸਭ ਰਾਖਸ਼ ਕੇ ਬਧ ਕਾਜ ਤਿਨ੍ਹੇਂ ਰਣਜਾਹੁ
ਇਹੈ ਮੁਖਵਾਕ ਬਖਾਨੋ। ਸੁਤਕੇ ਬਧਕੋ ਉਰ ਤਾਪ ਭਯੋਵਹਿ
ਸੂਰ ਭਯੋ ਰੁਖਿਮੈ ਗਲਤਾਨੋਂ । ਅਬ ਸੀਯ ਕੋ ਸੀਸ ਕਟੋਂ
ਖਿਨਮੈਂ ਤਿਨ ਰਾਵਣ ਯੌਂ ਮਨਮਾਹਿਂ ਠਰ੍ਹਾਨੋਂ॥ ੪੧॥ ਕਰ
ਕਾਢ ਕ੍ਰਿਪਾਨ ਸੁ ਦੌਰਗਯੋ ਪਿਖ ਸੀਯ ਡਰੀ ਮਨਮੈਂ ਅਕੁਲਾਨੀਂ
। ਵਹਿ ਰਾਖਸ਼ ਨਾਰਿ ਕੇ ਮੱਧਿ ਹੁਤੀ ਡਰ ਸ਼ੋਕ ਸੁ ਮਾਹਿਂ
ਭਈ ਗਲਤਾਨੀਂ। ਇਕ ਆਹਿ ਅਮਾਤ ਸੁ ਰਾਵਣ ਕੋ ਪੁਨਿ
ਤਾਹਿ ਸਮੈਂ ਵਹੈ ਸਾਥ ਭਵਾਨੀ। ਵਹਿ ਨਾਮ ਸੁ ਪਾਰਸ ਪਾਸ
ਰਹੇ ਦਸਕੰਧਰਿ ਕੋ ਤਿਨ ਏਹ ਬਖਾਨੀ॥ ੪੨ ॥ ਤੂੰ ਧਨੁ
ਨਾਇਕ ਕੋ ਲਘੁ ਭ੍ਰਾਤ ਸੁ ਕਿਉ ਦਸਕੰਠ ਨ ਏਹ ਬਿਚਾਰੋ।
ਬੇਦ ਪਢੇ ਬ੍ਰਤ ਤੋਹਿ ਕਰੇ ਸੁਭ ਕਰਮਨ ਮੈਂ ਜਸੁ ਆਹਿ

ਤੁਮਾਰੋ। ਤੂੰ ਗੁਣ ਸਿੰਧ ਬਡੋ ਜੁਗ ਮੈਂ ਅਬ ਜੋਖਤ ਕੋ ਬਧ ਦੂਰ ਬਿਸਾਰੋ। ਜੰਗ ਕਰੋ ਹਮ ਸੰਗ ਚਲੋ ਤੁਮ ਸਾਨੁਜ ਰਾਘਵ ਕੋ ਰਣ ਮਾਰੋ ॥੪੩॥ ਜਾਨਕੀ ਤੇ ਘਰਿਮਾਹਿ ਅਹੇ ਇਹਭਾਂਤ ਬਖਾਨ ਨਿਵਾਰਨ ਕੀਨੋ। ਧਰਮ ਕਹਜੋ ਸੁ ਅਮਾਤ ਜਬੈ ਦਸਕੰਧਰ ਸੋ ਉਰ ਅੰਤਰਿਕੀਨੋ। ਸੋ ਘਰਿਮਾਹ ਗਯੋ ਹਟਕੈ ਮਤਿ ਮੂਢ ਮਹਾਂ ਅਤਿਸ਼ੋਕ ਸੁ ਜੀਨੋ। ਫੇਰ ਸਭਾ ਮਹਿ ਆਪ ਗਯੋ ਦਸਕੰਧਰ ਸਾਥ ਅਮਾਤ ਪ੍ਰਬੀਨੋ ॥ ੪੪ ॥ ਇਤਿ ਸ੍ਰੀ ਮਤਿ ਅਧ੍ਯਾਤਮ ਰਾਮਾਇਣੇ ਉਮਾ ਮਹੇਸ਼ਰ ਸੰਬਾਦੇ ਯੁੱਧ ਕਾਂਡੇ ਮੇਘ ਨਾਦ ਬਧ ਨਾਮ ਨਵਮੋ ਧਿਆਇ ॥ ੯ ॥

॥ ਸ੍ਰੀ ਮਹਾਦੇਵਉਵਾਚ ॥ ਕਬਿੱਤੁ

ਸਭਾਕੇ ਮਝਾਰ ਤਿਨ ਕੀਨੋ ਹੈ ਬਿਚਾਰ ਸਭ ਰਾਖਸ਼ ਅਮਾਤ ਲੈ ਸੰਗ੍ਰਾਮ ਹੇਤ ਸੋ ਗਯੋ। ਸੇਖਜੇ ਅਨਾਥ ਔਰ ਖਾਸਗੀ ਜੇ ਸਾਥ ਹੁਤੇ ਸਰਬਕੋ ਲਵਾਇ ਤਾਹਿੰ ਤ੍ਰਿਡ ਏਕਹੈ ਕਯੋ ॥ ਮਨੋ ਮਤੰਗ ਰਾਜ ਔ ਮਿਲਾਇਕੈ ਪਤੰਗ ਸੰਗ ਪਾਵਕ ਕਰਾਲ ਕੋ ਸੁ ਨਾਸ ਹੇਤ ਹੈ ਧਯੋ। ਰਾਵਣਕੇ ਸੰਗ ਜੋਈ ਰਾਖਸ਼ਪਤੰਗ ਦਲ ਰਾਮ ਸਰ ਪਾਵਕ ਜਲਾਇ ਸਭ ਹੀ ਦਯੋ ॥ ੧ ॥ ਰਾਮ ਕੀ ਕਮਾਨ ਕੇ ਸੁ ਤੀਖੇ ਦਸਕੰਠ ਬਾਂਨ ਵਖੀਆਂ ਕਪਾਟ ਫੋਰ ਪਾਰ ਪਰੇ ਧਾਇਕੈ। ਭਈ ਦਸਕੰਠ ਪੀਰ ਧੀਰਜ ਪਰਾਇ ਗਏ ਛੋਡਿ ਰਣ ਭੂਮਿ ਬਰੇ ਲੰਕ ਮਾਹਿ ਜਾਇਕੈ। ਮਾਨੁਖ ਮੈ ਹੋਇ ਨਾਹਿ ਐਸੋ ਬਲੁ ਰਾਮ ਮਾਹਿ ਪਵਨ ਕੁਮਾਰ ਲੌ ਸੋ ਪਿਖੇ ਮਨ ਲਾਇਕੈ। ਸ਼ੁਕੱਰ ਸਮੀਪ ਜਾਇ ਹਾਥਨ ਮਿਲਾਇ

ਦੁਊ ਪੂਛਤ ਭਵਾਨੀ ਦਸਕੰਠ ਸਿਰ ਨਿਆਇਕੈ ॥ ੨ ॥
ਭਗਵਾਨ ਰਾਮ ਲੰਕ ਕਰੀ ਹੈ ਬਿਰਾਮ ਸਭ ਰਾਖਸ਼ ਸ੍ਰਿਦਾਰ
ਮੇਰੇ ਬਡੇਹੀ ਖਪਾਏਹੈਂ। ਬਡੇ ਦੈਤ ਮਾਰੇ ਘਰ ਸਭਹੂ ਕੇ ਗਾਰੇ
ਤਿਨ ਮੇਰੇ ਸੁਤ ਬਾਂਧਵ ਸੁ ਸਭੈ ਤਿਨ ਘਾਏਹੈਂ ਗੁਰਹੋ ਉਦਾਰ
ਤੁਮ ਬੇਦਨ ਬਿਚਾਰ ਕਰੋ ਤੇਰੇ ਢਿਗ ਹੁਤੇ ਮੋਹਿ ਕੈਸੇ ਦੁਖ
ਆਏਹੈਂ। ਐਸੀਸੁਨਿਦੈਤ ਬਾਨੀ ਭਾਖਿਯੋ ਭਵਾਨੀ ਤਿਨਜੀਤ
ਕੋ ਉਪਾਇ ਅਬ ਸੋਈ ਤੇ ਬਤਾਇ ਹੈਂ ॥ ੩ ॥ ਸ਼ੁਕ੍ਰੋਵਾਚ ॥
ਸਵੈਯਾ ॥ ਬੈਠ ਇਕੰਤ ਭਲੀ ਬਿਧ ਸੋ ਅਭਰਾਵਣ ਹੋਮ
ਕਰੋ ਘਰਮਾਂਹੀ। ਬਿਘਨਾਨਹਿ ਹੋਹਿ ਸੁ ਮਾਂਹਿਕਛੂ ਤਬ ਹੋਮ
ਕੀ ਪਾਵਕ ਤੇ ਨਿਕਸਾਹੀਂ। ਰਥ ਬਾਹਨ ਚਾਂਪ ਨਿਖੰਗ ਸਰਾ
ਗਹਿ ਹੋਹਿ ਅਜੀਤ ਸੁ ਤੂੰ ਰਨ ਮਾਹੀਂ। ਅਬਿਚਾਰਕ ਮੰਤ੍ਰ
ਲਿਜੇ ਹਮਤੇ ਚਲ ਹੋਮ ਕਿਜੇ ਧਰ ਕੰਦਰਮਾਂਹੀ॥ ੪ ॥ਐਸੇ
ਕਹਿਓ ਜਬ ਸੁਕ੍ਰ ਗੁਰੂ ਤਬ ਰਾਵਣ ਰਾਖਸ਼ ਕੋ ਖਲਰਾਈ।
ਜਾਇ ਸੁ ਮੰਦਰ ਮਾਹਿ ਉਮਾ ਸੁ ਗੁਹਾ ਸੁ ਪਤਾਲ ਸਮਾਨੁ
ਬਨਾਈ। ਦੈਤ ਚਹੂੰ ਦਿਸ ਥਾਪਿ ਧਰੇ ਪੁਨਿ ਲੰਕ ਦੁਆਰ
ਕਪਾਟ ਲਗਾਈ। ਜੋ ਅਭਿਚਾਰਕ ਦਰਬ ਹੁਤੇ ਸਭ ਹੋਮ
ਨਮਿੱਤ ਸੁ ਲੀਨ ਮਿਲਾਈ ॥ ੫ ॥ ਜਾਇ ਗੁਹਾ ਦਸਕੰਠ
ਧਸੇ ਪੁਨਿ ਹੋਮ ਕਰੇ ਮੁਖਿ ਮੋਨ ਸੁ ਧਾਰੇ। ਪਾਵਕ ਧੂਮ ਬਡੋ
ਨਿਕਸ੍ਯੋ ਸੁ ਵਿਭੀਖਨ ਨੈਨਨ ਆਪ ਨਿਹਾਰੇ। ਹੋਮਕੇ ਧੂਮ
ਨਿਹਾਰ ਡਰੇ ਸੁ ਵਿਭੀਖਨ ਰਾਘਵ ਪਾਸ ਦਿਖਾਰੇ। ਰਾਮਪਿਖੋ
ਦਸਕੰਧਰ ਜੋ ਵਹ ਹੋਮਕਰੇ ਨਿਜ ਭੌਨ ਮਝਾਰੇ ॥ ੬॥ ਹੋਮ

ਸਮਾਪਤਿ ਹੋਇ ਜਬੈ ਤਬ ਰਾਮ ਨ ਰਾਵਣ ਜੀਤਯੋ ਜਾਈ। ਹੋਮ ਬਿਨਾਸਨ ਕਾਜ ਸੁਨੋ ਅਬ ਬਾਨਰ ਯੂਥਪ ਦੇਹੁ ਪਠਾਈ। ਰਾਮਤਬਾ ਮੁਖਿ ਭਾਖ ਤਬੈ ਸੁਗ੍ਰੀਵ ਕਿ ਸੰਗ ਸਲਾਹ ਮਿਲਾਈ। ਅੰਗਦ ਔ ਹਨੂੰਮਾਨ ਪਠੇ ਬਲਵੰਤਿ ਸਭੈ ਕਪਿ ਸੰਗ ਲਵਾਈ ॥ ੭ ॥ ਵਹਿ ਲਾਘ ਵਕਾਰ ਗਏ ਖਿਨਮੈ ਪੁਨਿ ਰਾਵਣ ਮੰਦਰ ਮਾਹਿ ਧਸਾਏ। ਬਸ ਕੋਟ ਗਏ ਪਲ ਵੰਗਮ ਤੇ ਗ੍ਰਹ ਪਾਲਕਤੇ ਯਮਲੋਕ ਪਠਾਏ। ਘਰਮਾਹਿ ਤੁਰੰਗਮ ਚੂਰਨ ਕੇ ਗਜ ਮਾਰਿ ਸਭੈ ਧਰਮਾਹਿ ਰੁਲਾਏ। ਸਰਮਾ ਪੁਨਿ ਹਾਥਨ ਸੈਨਨ ਸੋ ਕਪਿ ਹੋਮਕੀ ਠੌਰ ਸੁ ਦੀਨ ਦਿਖਾਏ ॥ ੮॥ ਸੁਭਭੀਖਨ ਕੀ ਵਹਿ ਨਾਰ ਹੁਤੀ ਤਿਨਿ ਹੋਮ ਸਥਾਨ ਜਬੈ ਦਿਖਲਾਏ। ਤਬ ਅੰਗਦ ਜਾਇ ਗੁਹਾ ਨਿਰਖੀ ਦਰ ਪਾਥਰ ਪਾਦਨ ਤੋੜ ਬਗਾਏ। ਸਿਲ ਫਾਰ ਉਘਾਰ ਕਿਵਾਰਨ ਕੋ ਯੁਵਰਾਜ ਬਲੀ ਗੁਹੁ ਮਾਂਹਿ ਧਸਾਏ। ਸੁ ਪਿਖੇ ਦਸਕੰਧਰ ਜਾਇ ਤਿਨੇ ਵਿਛ ਆਸਨ ਹੋਮਤਿ ਨੈਨ ਮਿਲਾਏ ॥ ੯ ॥ ਅੰਗਦ ਆਇਸੁ ਪਾਇ ਸਭੈ ਕਪਿ ਧਾਇ ਬਰੇ ਮੁਖਿ ਮੈਂ ਕਿਲਕਾਰੇ। ਰਾਵਣ ਕੇ ਢਿਗ ਜਾਇ ਤਿਨੈ ਪੁਨਿ ਰਾਵਣਕੇ ਬਹੁ ਸੇਵਕ ਮਾਰੇ। ਕੁੰਭ ਉਠਾਇ ਲਏ ਘ੍ਰਿਤ ਕੇ ਪੁਨਿ ਡਾਰ ਦਏ ਤਿਨ ਆਗ ਮਝਾਰੇ। ਰਾਵਣ ਜੋ ਮੁਖਿ ਮੰਤ੍ਰ ਰਰੇ ਕਪਿ ਹਾਸਤ ਤਾਂ ਢਿਗ ਦਾਂਤ ਨਿਕਾਰੇ ॥ ੧੦ ॥ ਸ੍ਰੁਵਾ ਛੀਨ ਲਯੋ ਕਰ ਤੇ ਹਨੂੰਮਾਨ ਸੁ ਰਾਵਣ ਕੇ ਮੁਖ ਊਪਰ ਮਾਰਯੋ। ਕਹਿ ਪਾਵਕ ਤੋਹਿ ਪ੍ਰਸਿੰਨ ਭਯੋ ਬਰ ਦੇਵਤ ਯੋ ਮੁਖ ਮਾਂਹਿ ਉਚਾਰਿਯੋ। ਇ

ਕ ਦੰਤਨ ਸੋ ਇਕ ਦੰਡਲਏ ਚਹੂੰ ਓਰ ਹਨੇ ਸਸਿ ਜਿਉ ਪਰਿ ਵਾਰਿਓ । ਰਨ ਜੀਤਨਕੀ ਉਰ ਚਾਹ ਧਰੀ ਨਹਿ ਧਿਆਨ ਛੁਟਯੋ ਦ੍ਰਿਗ ਨੈਕ ਉਘਾਰਿਓ ॥ ੧੧ ॥ ਦੋਹਰਾ ॥ ਅੰਗਦ ਬਹੁਰ ਬਿਚਾਰ ਕਰ ਗਯੋ ਸੁ ਭੌਨ ਮਝਾਰ । ਕੇਸਨ ਤੇ ਗਹਿ ਆਨੀਆ ਤਾਹਿ ਮੰਦੋਦਰਿਨਾਰਿ ॥ ੨ ॥ ਗੀਧਾ ਮਾਲਤੀਛੰਦ ॥ ਦਸਕੰਠ ਆਗੇ ਬਿਲਪਤੀ ਆਨਾਥ ਜਿਉ ਤਿਹ ਨਾਰੀਆ । ਰਤਨ ਭੂਖਤ ਕੰਚਕੀ ਉਰ ਹਾਥ ਅੰਗਦ ਫਾਰੀਆ । ਮੋਤੀ ਗਿਰੇ ਤਿਹ ਮਾਂਗਤੇ ਸਭ ਰਤਨ ਮਾਲ ਖਿਲਾਨੀਆ । ਸ਼ੂਨ ਸੂਤਰ ਟੂਟਿਯੋ ਮੁਖਿ ਭਯੋ ਤਾਂਹਿ ਮਲਾਨੀਆ ॥ ੧੩ ॥ ਦੋਹਰਾ ॥ ਰਾਵਨ ਦੇਖਤ ਹੀ ਗਿਰੀ ਕਟਿ ਤੇ ਨੀਵੀਂ ਤਾਹਿ । ਭੂਖਨ ਸਰਬ ਸ਼ਰੀਰਕੇ ਗਿਰੇ ਧਰਤਕੇ ਮਾਂਹਿ ॥੧੪॥ ਸਵੈਯਾ॥ ਗੰਧ੍ਰਬ ਦੇਵਨਕੀ ਦੁਹਿਤਾ ਸਗਰੀਕਪਿ ਕੇਸਨ ਤੇਗਹਿ ਆਂਨੀ । ਰੋਵਤ ਰਾਵਨ ਅੱਗ੍ਰ ਖਰੀ ਗਿਰਜਾ ਵਹਿ ਰਾਵਣ ਕੀ ਪਟ ਰਾਂਨੀ । ਦੀਨ ਪੁਕਾਰ ਕਰੇ ਮੁਖ ਤੇ ਪੁਨਿ ਰਾਵਨ ਕੋ ਤਿਨ ਇਹ ਬਖਾਨੀ । ਮੋਹਿ ਅਨਾਥਨ ਜਿਉ ਕਪਿ ਮਾਰਤ ਨਾਂਹਿ ਛੁਡਾਵਤ ਲਾਜ ਪਲਾਨੀ ॥੧੫ ॥ ਤੂ ਨਿਰਲੱਜ ਭਯੋ ਜਗਮੈ ਤਵ ਹੇਰਤ ਨਾਰਿ ਹਨੇ ਕਪਿ ਥਾਰੀ । ਜੀਵਨ ਤੇ ਮਰਣੋ ਸੁ ਭਲੌ ਜਿਨ ਪੇਖਤ ਯੋਂ ਬਿਲਪੇ ਜਿਨ ਨਾਰੀ । ਹਾ ਮਘਵਾਜਿਤ! ਨਾਂਹਿ ਪਿਖੇਂ ਕਪਿ ਮਾਰਤ ਹੈਂ ਤੁਮਰੀ ਮਹਤਾਰੀ । ਤੇ ਜਗ ਜੀਵਤ ਯਾਬਿਧਕੇ ਦੁਖਪਾਵਤ ਤਾਹਿ ਸੁਮਾਤ ਤਿਹਾਰੀ ॥੧੬॥ ਨਾਰਿਕੀ ਲਾਜ ਭਤਾਰ ਤਜੀ ਨਿਜ ਜੀਵਨ ਕੀ ਉਰ ਅੰਤਰ

ਧਾਰੀ । ਯੋਂ ਮਯ ਕੀ ਦੁਹਤਾ ਬਿਲਪੇ ਦਸਕੰਠ ਸੁਨੀ ਵਹੁ ਕਾਨ ਮਝਾਰੀ। ਅੰਗਦ ਛਾਡ ਕਹਯੋ ਦਸਕੰਧਰ ਊਠ ਖੜੋ ਕਰ ਖੱਗ ਸੰਭਾਰੀ। ਕੋਪ ਭਰੇ ਦਸ ਕੰਧਰ ਦੌਰ ਸੁ ਅੰਧਰ ਕੇ ਕਚ ਭੀਤਰ ਮਾਰੀ ॥ ੧੭ ॥ ਤਬ ਬਾਨਰ ਕੂਦ ਗਏ ਸਗਲੇ ਪੁਨਿ ਹੋਮ ਕਿ ਕੁੰਡ ਸੁ ਤਾਂਹਿ ਬਿਡਾਰੇ। ਵਹਿ ਰਾਮ ਸਮੀਪ ਸੁਜਾਇ ਖਰੇ ਮਨ ਮਾਂਹਿ ਭਏ ਸਗਲੇ ਹਰਖਾਰੇ। ਤਬ ਰਾਵਣ ਸ਼ਾਂਤਿ ਕਯੋ ਨਿਜ ਭਾਮਨਿ ਸੁੰਦਰ ਵਾਕ ਸੁ ਯਾਹਿ ਉਚਾਰੇ। ਯਹਿ ਦੈਤ ਅਧੀਨ ਸੁ ਜੀਵਨ ਹੈ ਕਲਿਆਨਨ ਕਿਉ ਨਹਿੰ ਆਪ ਨਿਹਾਰੇ ॥ ੧੯ ॥ ਦੋਹਰਾ ॥ ਬਿਸਾਲਾਖੀ ਤਜਿ ਸੋਕ ਕੋ ਗਯਾਨ ਅਲੰਬਨ ਧਾਰ। ਅਗਯਾਨ ਜਨਤ ਸਭ ਸੋਕਹੈ ਗਯਾਨ ਸੁ ਦਏ ਨਿਵਾਰ ॥ ੧੯ ॥ ਦੇਹ ਅਨਾਤਮ ਹੋਇ ਜੋ ਅਹੰਬੁਧ ਨਰ ਹੋਇ ॥ ਅਗਯਾਨ ਜਨਨੀ ਪਹਿਚਾਨੀਏ ਮੰਦੋਦਰ ਹੈ ਸੋਇ ॥ ੨੦ ॥ ਤਿਹ ਮੂਲਕ ਸੁਤ ਦਾਰ ਲੌ ਬੰਧਨ ਭਾਖੇ ਬੇਦ। ਹਰਖ ਸੋਕ ਭਯੋ ਕ੍ਰੋਧ ਪੁਨਿ ਲੋਭ ਮੋਹਿ ਮਦ ਖੇਦੁ ॥ ੨੧ ॥ ਅਗਯਾਨ ਉਪਾਏ ਸਰਬ ਯਹਿ ਜਨਮ ਜਰਾ ਤਨ ਹਾਨ। ਆਤਮ ਕੇਵਲ ਸੁਧਿ ਹੈ ਸਦਾ ਅਲੇਪਕ ਜਾਨ ॥ ੨੨ ॥ ਆਨੰਦ ਰੂਪ ਸੁ ਗਿਆਨ ਘਨ ਭਾਵਾਭਾਵ ਬਿਹੀਨ। ਨਾ ਤਿਸ ਸੋਗ ਵਿਯੋਗ ਕਛੁ ਚੇਤਨ ਔ ਸਤ ਚੀਨ ॥ ੨੩ ॥ ਯਾ ਬਿਧ ਆਤਮ ਜਾਂਨ ਉਰ ਦੀਜੈ ਸ਼ੋਕ ਨਿਵਾਰ । ਅਬਹੀ ਆਵੋਂ ਬੇਗਮੈਂ ਰਾਮ ਲਖਣ ਕੋ ਮਾਰ ॥ ੨੪ ॥ ਨਾਂਤਰ ਰਾਮ ਸੁ ਬੱਜ੍ਰ ਸਰ ਜਬ ਮੁਹਿ ਡਾਰੇਂ ਮਾਰ। ਤੋ ਬੈਕੁੰਠ ਸ ਪਾਇਹੋਂ ਤਾਂਪਦ

ਪਰਮ ਉਦਾਰ॥ ੨੫॥ ਤਬ ਮਮ ਆਇਸੁ ਦੀਜੀਏ ਕ੍ਰਿਯਾ
ਨਿਖਲ ਸੁ ਹਮਾਰ। ਸੀਤਾਕੋ ਹਨ ਸਾਥ ਲੈ ਪਰਿਯੋ ਅਗਿਨ
ਮਝਾਰ ॥ ੨੬॥ ਰਾਵਣ ਕੇ ਯਹਿ ਵਾਕ ਸੁਨਿ ਭਈ ਦੁਖਤਿ
ਉਰ ਮਾਂਹਿ। ਮਘਵਾਜਿਤ ਜਨਨੀ ਬਹੁਰ ਕਹਤ ਭਵਾਨੀ
ਤਾਂਹਿ ॥ ੨੭ ॥ ਗੀਯਾਮਾਲਤੀ ਛੰਦ ॥ ਨਾਥ ਮੇਰੇ ਵਾਕ
ਸੁਨਿ ਉਰ ਸੋਚਿ ਤਿਉਹੀ ਕੀਜੀਯੇ। ਨਹਿ ਰਾਮ ਜੀਤਿਯੋ
ਜਾਇ ਤੁਮਤੇ ਸਾਚ ਚੀਤ ਪਤੀਜੀਏ। ਪੁਨਿ ਔਰ ਆਵੇ ਕੋਟ
ਤੇ ਸਮ ਰਾਮ ਨਹਿ ਤੋ ਮਾਰੀਏ। ਸਾਖਯਾਤ ਰਾਮ ਸਦੈਵ ਹੈਂ
ਪਰਧਾਨ ਪੁਰਖ ਉਚਾਰੀਯੇ ॥ ।੨੮॥ ਕਲਪ ਪੂਰਬ ਮਤਸ
ਹੁਇ ਕਰ ਸੂਰ ਸੁਤ ਮਨਕੋ ਹਰੀ। ਭਗਤ ਵਤਸਲ ਪਾ-
ਲਿਯੋ ਸਭ ਆਪਦਾ ਤਿਨਕੀ ਵਰੀ। ਲੱਖ ਯੋਜਨ ਰੂਪਯਾਨੇ
ਕਮਠ ਪ੍ਰਥਮ ਸਵਾਰਿਯੋ । ਸਮੁੰਦ੍ਰ ਮਥਨੋ ਪੀਠ ਮੈ ਇਨ
ਕਨਕ ਭੂਧਰ ਧਾਰਿਯੋ॥੨੯॥ ਹਿਰਨਾਖ ਦੈਤ ਸੁ ਯਾ ਹਨੇ ਬਲ
ਕ੍ਰੋੜਰੂਪਸਵਾਰਕੈ। ਜਲਹਰੀਅਵਨੀ ਆਨੀਆਂ ਰਘੁਰਾਜ ਫੇਰ
ਉਧਾਰਕੈ। ਹਿਰਨਕੱਸਪ ਦੈਤ ਜੋ ਤ੍ਰਿਲੋਕ ਕੰਟਕ ਭਾਰਿਯੋ
। ਨਰਸਿੰਘ ਰੂਪ ਸੁ ਧਾਰ ਯਾਨੇ ਨਖਨ ਸਾਥ ਬਿਦਾਰਿਯੋ॥੩੦
॥ ਬਲ ਰਾਜ ਬਾਂਧਿਓ ਯਾਹਿਨੇ ਤ੍ਰੈਲੋਕ ਤ੍ਰੈਪਦ ਮਾਪਿਯਾ। ਬਲ
ਰਾਜ ਪਠੇ ਪਯਾਲ ਮੈਂ ਦੈ ਰਾਜ ਸੁਰ ਪਤਿ ਥਾਪਿਆ। ਰਾਜ
ਕੇ ਆਕਾਰ ਧਰਨੀ ਭਾਰ ਰਾਖਸ਼ ਜੋ ਭਏ।ਪਰਸ ਰਾਮ ਸਰੂਪ
ਧਰ ਇਨ ਰਾਨ ਖਤ੍ਰੀਵੈ ਹਏ॥੩੧॥ਜੀਤ ਅਵਨੀ ਸਾਰੀਆ
ਕੱਸਪ ਦਈ ਹਨਿ ਦਾਨ। ਰਘੁਰਾਜ ਵੰਸ ਬਿਸਾਲ ਮੈ ਆ ਬਿ-

ਜਏ ਵੈ ਭਗਵਾਨ। ਤਵ ਮਾਰਣੇ ਕੇ ਕਾਜ ਰਾਘਵ ਰੂਪ ਮਾਨੁਖ ਧਾਰਿਆ। ਤਿਹ ਨਾਰਿ ਸੀਆ ਤੈਂ ਹਰੀ ਸਭ ਕਾਜ ਤੋਹਿ ਬਿਗਾਰਿਆ ॥੩੨॥ ਮਮ ਪੂਤ ਔ ਨਿਜ ਨਾਸ ਹਿਤ ਤੈਂ ਹਰੀ ਸੀਤਾ ਰਾਨੀਆਂ। ਅਬ ਦੇਹ ਸੀਤਾ ਰਾਮ ਕੋ ਲੈ ਬਾਤ ਮੇਰੀ ਮਾਨੀਆਂ ॥ ਦੈ ਲੰਕ ਰਾਜ ਵਿਭੀਖਣੇ ਚਲਿ ਆਪ ਬਨ ਮੈ ਜਾਈਯੇ। ਚੀਰ ਅੰਬਰ ਨੀਰ ਔ ਫਲ ਖਾਇ ਹਰਿ ਜੀ ਧਿਆਈਏ ॥ ੩੩ ॥ ਮੰਦੋਦਰੀ ਕੇ ਵਾਕ ਸੁਨਿ ਦਸਕੰਠ ਏਹ ਉਚਾਰਿਆ। ਸੁਨਿ ਭਾਮਨੀ ਰਣ ਮਾਹਿ ਮੇਰੇ ਪੂਤ ਬਾਂਧਵ ਮਾਰਿਆ। ਰਾਮ ਤੇ ਹਨਵਾਇ ਕੈ ਕਿਹ ਭਾਂਤਿ ਬਨ ਮੈ ਮੈ ਫਿਰੋਂ। ਬਾਨ ਔਰ ਕਮਾਂਨ ਲੈ ਸੰਗ੍ਰਾਮ ਰਾਘਵ ਸੋਂ ਭਿਰੋਂ ॥ ੩੪॥ ਦੋਹਰਾ ॥ ਰਾਂਮ ਬਾਣ ਤਨ ਫੇਰ ਹੈਂ ਮੇਰੋ ਸਮਰ ਮਝਾਰ। ਬਿਸ਼ਨ ਪਰਮ ਪਦ ਮੈਂ ਲਹੋਂ ਉਤਰੋਂ ਭਵਨਿਧਿ ਪਾਰ॥ ੩੫ ॥ ਜਾਨੋਂ ਰਾਘਵ ਬਿਸ਼ਨ ਹੈਂ ਲਖਮੀ ਸੀਤਾ ਆਹਿ। ਜਾਨ ਬੂਝ ਕੈ ਮੈਂ ਹਰੀ ਸੀਤਾ ਤਾ ਬਨ ਮਾਂਹਿ ॥ ੩੬॥ ਸੋਰਠਾ ॥ ਪਾਂਵੋਂ ਤਾਂ ਪਦ ਸੋਇ ਰਾਮ ਹਾਥ ਮਰਣੋਂ ਲਹੋਂ। ਜਾਂਵੋਂ ਢੀਲ ਨ ਕੋਇ ਤੇ ਜਗ ਬੰਧ ਮਿਟਾਇ ਕੈ ॥ ੩੭ ॥ ਅੜਿਲ ॥ ਪਰਾ ਨੰਦ ਮੈਂ ਸੁੱਧ ਮਮੋਖੀ ਆਇ ਹੈਂ॥ ਤਾਂ ਗਤਿ ਕੋ ਅਬ ਜਾਂਉ ਰਾਮ ਰਣ ਘਾਇ ਹੈਂ। ਰਾਮ ਬਾਨ ਜਲ ਧਾਰ ਸੁ ਪਾਪ ਮਿਟਾਇਹੋਂ। ਹੋ ਦੁਰਲਭ ਭਾਖੇ ਮੋਖ ਬੇਗ ਮੈਂ ਪਾਇ ਹੋਂ ॥ ੩੮॥ ਸਵੈਯਾ ॥ ਪੰਚ ਕਲੇਸ਼ ਤਰੰਗ ਬਡੇ ਭ੍ਰਮ ਹੈਂ ਧਨ ਬਾਂਧਵ ਔ ਸੁਤ ਦਾਰਾ। ਰੋਗ ਬਡੇ ਬੜਵਾਨਲ ਸੇ ਅਤਿ ਗ੍ਰਾਹਿ ਅ-

ਨੰਗ ਸੁ ਜਾਹਿ ਮਝਾਰਾ। ਹੈ ਅਗਿਆਨ ਅਥਾਹਿ ਜਿਨੇ ਜਲ ਪਾਯਤ ਨਾਹਿ ਕਹੂੰ ਤਿਹ ਪਾਰਾ। ਬੇਗ ਤਰੇ ਜਗਸਿੰਧ ਅਬੈ ਪੁਨਿ ਪਾਵਤ ਮੈਂ ਹਰਿ ਪਾਰ ਕਨਾਰਾ ॥ ੩੯॥ ਦੋਹਰਾ ॥ ਤੀਨ ਲੋਕ ਪ੍ਰਭਤਾ ਜਿਨੈ ਕਾਂਚਨ ਧਾਮ ਪ੍ਰਕਾਸ਼।ਗੁਲਾਬਸਿੰਘ ਦਸਕੰਠ ਵਹਿ ਅਬ ਉਰ ਭਏ ਨਿਰਾਸ ॥ ੪੦ ॥ ਇਤਿ ਸ੍ਰੀ ਮਤ ਅਧਯਾਤਮ ਰਾਮਾਇਣੇ ਉਮਾ ਮਹੇਸੁਰ ਸੰਬਾਦੇ ਯੁੱਧ ਕਾਂਡੇ ਦਸਮੋ ਧਿਆਇ ॥ ੧੦ ॥

॥ ਸ੍ਰੀ ਮਹਾਂ ਦੇਵ ਉਵਾਚ ॥ ਸਵੈਯਾ ॥

ਇਹ ਭਾਂਤਿ ਬਖਾਂਨ ਮੰਦੋਦਰੀ ਕੋ ਦਸਕੰਧਰ ਕ੍ਰੋਧ ਭਯੋ ਉਰ ਭਾਰੇ। ਨਿਕਸੇ ਰਣ ਰਾਘਵ ਸੋਂ ਲਰਨੇ ਅਤਿਘੋਰਬਲੀ ਸਹਿ ਦੈਤ ਪਧਾਰੇ। ਸੁਭ ਚੱਕ੍ਰ ਬਿਰਾਜਤ ਖੋੜਸ ਜਾਂ ਦਿਢ ਸਜੰਦਨ ਮਾਹਿ ਭਏ ਅਸਵਾਰੇ। ਧੁਜ ਊਚ ਪਤਾਕ ਲਸੇ ਜਿਨ ਮੈ ਦਿਢ ਕੂਬਰ ਔਰ ਵਿਰੂਥ ਉਦਾਰੇ॥੧॥ ਦੋਹਰਾ ॥ ਪਿਸਾਚ ਬਦਨ ਬਾਹਨਿਲਗੇ ਰਾਸੁ ਭਯੋ ਰਸੁ ਜਾਂਹਿ॥ ਅਸਤਰ ਸ਼ਸਤ੍ਰ ਅਨੇਕ ਪੁਨਿ ਧਰੇ ਸੁ ਤਾਂ ਰਥ ਮਾਹਿ॥ ੨ ॥ ਸਵੈਯਾ॥ ਨਿਕਸੇ ਇਹ ਭਾਂਤਿ ਸੁ ਰਾਵਣ ਜੋ ਅਤਿ ਭੀਖਣ ਜਾਹਿ ਅਕਾਰ ਬਿਰਾਜੇ। ਪਿਖ ਆਵਤ ਤਾਹਿ ਡਰੀ ਧੁਜਨੀ ਕਪਿ ਸਾਯੁਧ ਸੰਗਰ ਤੇ ਉਠਿ ਭਾਜੇ। ਹਨੂੰਮਾਂਨ ਗਏ ਕੁਦਿਕੇ ਭਿਰਨੇ ਦਸਕੰਧਰ ਸੋਂ ਘਨਸੇ ਮੁਖ ਗਾਜੇ। ਮੁਸ਼੍ਟ ਪ੍ਰਹਾਰ ਕਰੀ ਉਰ ਮੈ ਦਿਢ ਵਾਸਵ ਆਯੁਧ ਜਾ ਪਿਖ ਲਾਜੇ॥੩॥ਜਾਨੂਨ ਭਾਰ ਪਰੋ ਰਥਮੈਂ ਗਿਰ ਮੂਠ ਪ੍ਰਹਾਰ ਲਗੇ ਅਤਿ ਭਾਰੀ । ਮੂਰਛ ਏਕ ਮਹੂਰਤ

ਰਾਵਣ ਫੇਰ ਉਠੇ ਤਿਨ ਦੇਹਿ ਸੰਭਾਰੀ ॥ ਸੂਰ ਅਹੇ ਹਨੂਮਾਨ ਬਲੀ ਦਸਕੰਧਰ ਯਾ ਬਿਧ ਬਾਤ ਉਚਾਰੀ। ਤੂ ਦਸਕੰਧਰ ਜੀਵਤ ਹੈਂ ਹਨੂੰਮਾਨ ਕਹਯੋ ਅਬ ਮੋਹਿ ਧਿਕਾਰੀ ॥ ੪ ॥ ਤੂੰ ਦਸਕੰਧਰ ਮੁਸ਼ਟ ਪ੍ਰਹਾਰ ਸੁ ਕੋਪ ਬਢਾਇਕੇ ਲਾਇ ਹਮਾਰੇ। ਫੇਰ ਹਨੋ ਤੁਮਕੋ ਦਸਕੰਧਰ ਹੋਵਹਿ ਤੇ ਤਨਿ ਪ੍ਰਾਣ ਨਿਆਰੇ । ਭਾਖ ਤਥਾ ਦਸਕੰਧਰ ਤਾਂ ਉਰਿ ਮਾਹਿ ਦਯੋ ਅਤਿ ਮੁਸ਼ਟ ਪ੍ਰਹਾਰੇ। ਘੂਮਰ ਨੈਨ ਭਏ ਕਪਿਕੇ ਧਰਿ ਮਾਹਿ ਗਿਰੇ ਤਨ ਨਾਹਿ ਸੰਭਾਰੇ॥੫॥ਫੇਰ ਭਈ ਸੁਧਿ ਤਾਂ ਕਪਿ ਕੁੰਜਰ ਕੋਪ ਭਯੋ ਉਰਿਭੀਤਰਭਾਰੀ। ਰਾਵਣ ਮਾਰਣ ਕੇ ਹਿਤ ਤਾਂ ਅਤਿਉੱਦਮ ਕੀਨ ਸੁ ਮੂਠ ਸੰਭਾਰੀ। ਰਾਖਸ਼ ਰਾਜ ਪਲਾਇ ਗਯੋ ਵ੍ਹ ਠੌਰ ਤਜੀ ਡਰ ਚੀਤ ਮਝਾਰੀ। ਅੰਗਦ ਔ ਹਨੂਮਾਂਨ ਤਥਾ ਨਲ ਨੀਲ ਮਿਲੇ ਰਣ ਮੈਂ ਤਹਿ ਚਾਰੀ ॥ ੬ ॥ ਤੋਮਰਛੰਦ ॥ਇਹ ਭਾਂਤ ਚਾਰ ਮ੍ਰਿਦਾਰ। ਤਿਨ ਪੇਖ ਰਾਖਸ਼ ਚਾਰ। ਇਕਅਗਨ ਵਰਣ ਸੁਜਾਨ। ਇਕ ਸਰਪ ਰੋਮ ਪਛਾਨ। ਇਕ ਖੜਗ ਰੋਮ ਸੁਹਾਇ। ਇਕ ਰੋਮ ਬਿੱਛੂ ਕਹਾਇ। ਤਹਿ ਘੋਰ ਸੰਘਰ ਕੀਨ। ਖਲ ਚਾਰ ਮਾਰ ਸੁ ਲੀਨ ॥ ੭ ॥ ਦੋਹਰਾ ॥ ਚਾਰੇ ਰਾਖਸ ਚਾਰ ਕਪਿ ਕ੍ਰਮਿਕ੍ਰਮ ਹਨੇ ਬਨਾਇ। ਸਿੰਘਨਾਦਕਰ ਚਾਰ ਕਪਿ ਗਏ ਰਾਮਢਿਗ ਆਇ ॥ ੮ ॥ ਸਵੈਯਾ ॥ ਤਬ ਰਾਵਣ ਕੋਪ ਕੀਯੋ ਮਨਮੈ ਨਿਜ ਦਾਂਤਨ ਸੋ ਜਿਨ ਹੋਠ ਚਬਾਏ । ਦ੍ਰਿਗਲਾਲ ਸੁ ਕ੍ਰੋਧ ਬਿਸਾਲ ਭਯੋ ਰਘੁਨੰਦਨ ਕੋ ਗਿਰਜਾ ਪਰੋਧਾਏ। ਰਥ ਬੈਠ ਸੁ ਰਾਮ ਨਿਹਾਰਭਲੋ ਸਰ ਬੱਜ੍ਰ ਸਮਾਨ

ਸੁ ਤਾਨ ਚਲਾਇਏ। ਸੁ ਮਨੋ ਘਨ ਸਾਵਨ ਕੋ ਉਮਡਯੋ ਜਲ ਧਾਰਨ ਕੀ ਬਰਖਾ ਬਰਖਾਏ॥੯॥ਰਾਮ ਸਮੀਪ ਖਰੇ ਕਪਿਜੇ ਸਰ ਮਾਰਿ ਸਭੈ ਤਿਨ ਪੀੜਤ ਕੀਨੇ। ਪਾਵਕ ਸੇ ਚਮਕੈ ਰਣਮੈਂ ਸਰ ਕਾਂਚਨ ਭੂਖਤ ਆਹਿ ਨਵੀਨੇ। ਰਾਮ ਸਰਾਸਨ ਤਾਨ ਤਬੈ ਸਰ ਰਾਵਣ ਕੇ ਉਰ ਭੀਤਰ ਦੀਨੇ ॥ ਰਾਵਣ ਸਯੰਦਨ ਮਾਂਹਿ ਪਿਖੇ ਪੁਨਿ ਭੂਪਰਿ ਰਾਮ ਸੁਰੇਸੁਰਚੀਨੇ॥੧੦ ॥ਮਾਤਲ਼ ਤਾਂਹਿ ਬੁਲਾਇ ਪੁਰੰਦਰ ਏਹ ਕਹਿਯੋ ਮੁਖਿ ਮਾਹਿ ਉਚਾਰੀ। ਸਯੰਦਨ ਲੈ ਰਘੁਨੰਦਨ ਕੀ ਢਿਗ ਜਾਇ ਸਿਤਾਬ ਸੁ ਭੂਮਿ ਮਝਾਰੀ। ਕਾਜਕਰੋ ਹਮਰੋ ਭਵ ਮੰਡਲ ਰਾਘਵ ਕੋ ਰਥ ਮਾਂਹਿ ਬਿਠਾਰੀ। ਯੋ ਸੁਨਿ ਮਾਤੁਲ ਦੇਵ ਪਤੀ ਮੁਖਿ ਸੀਸ ਨਿਵਾਇ ਸੁ ਬੰਦਨ ਧਾਰੀ॥੧੧॥ਪੁਨਿ ਸਯੰਦਨ ਮਾਂਹਿ ਤੁਰੰਗਮ ਤਾਂ ਖਿਨ ਭੀਤਰ ਪਾਰਬਤੀ ਗਹਿਲਾਏ। ਰਘੁਨੰਦਨ ਦੂਖ ਨਿਕੰਦਨ ਕੋ ਕਰ ਜੋਰ ਦੋਊ ਪੁਨਿ ਤਾਂਹਿ ਅਲਾਏ । ਰਥ ਰਾਮ ਸੁ ਤੇ ਰਣ ਜੀਤਨ ਕੋ ਸੁਰ ਰਾਜ ਇਹੈ ਮਮ ਹਾਥ ਪਠਾਇ। ਮਘਵਾ ਤੁਮਕੋ ਨਿਜ ਚਾਂਪਪਠੇ ਯੁਗ ਏਹ ਨਿਖਗ ਸੁ ਨੂਤਨ ਲਿਆਏ ॥ ੧੨ ॥ ਤਨਤ੍ਰਾਣਅਭੇਦ ਸੁ ਏਹ ਪਠੇ ਤਲਵਾਰ ਇਹੈ ਸੁਰ ਰਾਜ ਪਠਾਈ। ਦਸਕੰਧਰ ਕੋ ਰਣਿ ਮਾਂਹਿ ਹਨੋ ਰਥ ਭੀਤਰ ਬੈਠ ਸੁਨੋ ਰਘੁਰਾਈ। ਬ੍ਰਿਤਰਾਸੁਰ ਇੰਦ੍ਰ ਹਨੇ ਜਬਹੀ ਮਮ ਸਾਰਥਤਾ ਤਿਹ ਠੌਰ ਕਮਾਈ । ਸੁਨਿਕੈ ਅਭਿ ਬੰਦਨ ਕੈ ਪ੍ਰਦੱਖਨ ਰਾਮ ਚਢੇ ਜਿਨ ਵਿਸ੍ਵ ਬਨਾਈ ॥ ੧੩ ॥ ਦੋਹਰਾ ॥ ਲੋਕ ਮਿਲਾਏ ਲੱਛਮੀ ਰਾਮ

ਚਢੇ ਰਥ ਮਾਹਿ । ਗਿਰਜਾ ਤਹਿ ਸੰਗ੍ਰਾਮ ਕੋ ਦੇਵਪਿਖੇਂ ਨਭ
ਮਾਂਹਿ ॥ ੧੪ ॥ ਸਵੈਯਾ ॥ ਯੁੱਧ ਭਯਾਨਕ ਤਾਹਿ ਭਯੋ ਪਿਖ
ਰੋਮਤਨੇ ਗਿਰਜਾ ਹਰਿਖਾਇ।ਧੀਮਤਿ ਰਾਵਣ ਰਾਮ ਮਹਾਤਮ
ਦੌਨ ਲਰੇ ਬਲ ਬਾਹੁ ਦਿਖਾਇ । ਪਾਵਕ ਅਸਤ੍ਰ ਹਨੇ ਹਨਿ
ਪਾਵਕ ਦੇਵਨ ਕੇ ਪਤਿਦੇਵ ਚਲਾਇ।ਯਾ ਬਿਧ ਰਾਖਸ ਰਾਜਨ
ਕੇ ਸਭ ਅਸਤ੍ਰ ਸੁ ਰਾਘਵ ਕਾਟ ਬਗਾਇ ॥ ੧੫ ॥ ਤਬਕ੍ਰੋਧ
ਭਰੇ ਦਸਕੰਧਰ ਤਾਂ ਰਣਮੈਂ ਇਕ ਅਸਤ੍ਰ ਔਰ ਚਲਾਇ । ਸੁ
ਮਹਾਂ ਬਿਖ ਆਪ ਸਰੀ[illegible] ਭਏਸਰਰਾਵਣਕੇਧਨ ਤੇਨਿਕਸਾਇ।
ਸਰ ਕਾਂਚਨ ਪੋਖ ਲਸੈ ਜਿਨਕੀ ਸੁ ਚਹੂ ਦਿਸ ਰਾਘਵ ਊਪਰ
ਆਇ । ਸਰ ਸਾਂਪਨ ਕੇ ਮੁਖ ਸੂਕਤ ਹੈਂ ਮੁਖ ਆਗ ਵਮੈ
ਦਿਸ ਆਠ ਜਲਾਇ ॥ ੧੬ ॥ ਪਰ ਪੂਰਣ ਰਾਮ ਪਿਖੇ ਰਣ
ਮੈਂ ਦਸ ਓਰਨ ਮਾਂਹਿ ਭੁਜੰਗਮਿ ਛਾਇ । ਤਬ ਕੋਪਭਰੇ ਰਘ
ਨੰਦਨ ਜੂ ਗਰੁੜਾਸਤ੍ਰ ਤਾਂ ਰਣ ਮਾਂਹਿ ਚਲਾਇ । ਪੁਨਿ ਰਾਮ
ਸਰਾਸਨਤੇ ਨਿਕਸੇ ਸਰ ਪੰਨਗਿ ਔਰ ਚਹੂ ਦਿਸ ਆਇ।ਰਣਿ
ਮਾਹਿ ਜਿਤੇ ਅਹਿ ਫੂਕਤ ਥੇ ਸਭ ਪੰਨਗਿ ਆਰਤਿਤੇ ਚੁਨਿ
ਖਾਇ॥੧੭॥ ਯਾਂ ਬਿਧ ਅਸਤ੍ਰ ਹਨੇ ਰਘੁਨੰਦਨ ਤਾ ਦਸਕੰਧਰ
ਕੇ ਰਣਿ ਮਾਂਹੀਂ । ਘੋਰ ਸਿਲੀਮੁਖ ਤਾਂ ਬਰਖੇ ਅਤਿ ਰਾਵਣ
ਕ੍ਰੋਧ ਭਯੋ ਮਨ ਮਾਹੀਂ । ਫੇਰ ਸੁ ਰਾਘਵ ਕੇ ਤਨਕੋ ਪੁਨਿ
ਔਰ ਦਏ ਤਨ ਮਾਤੁਲ ਮਾਂਹੀ। ਕਾਟਦਈ ਧੁਜਿ ਸਜੰਦਨਕੀ
ਵਹਿ ਕਾਂਚਨ ਕੀ ਸੁਗਿਰੀ ਧਰਮਾਂਹੀ ॥ ੧੮॥ਫੇਰ ਤੁਰੰਗਮ
ਵਾਸਵ ਕੇ ਰਣ ਰਾਵਣ ਬਾਨਰ ਸਾਥ ਬਿਦਾਰੇ। ਗੰਧ੍ਰਬ ਦੇਵ

ਸਭੈ ਪਿਤਰਾ ਪੁਨਿ ਚਾਰਨ ਚੀਤ ਭਏ ਦੁਖਿਆਰੇ। ਦੂਖਭਏ ਸੁ ਮਹਾਨ ਰਿਖੀ ਜਬ ਆਰਤ ਕਾਰ ਸੁ ਰਾਮ ਨਿਹਾਰੇ।ਚੀਤ ਵਿਭੀਖਨ ਦੂਖ ਭਏ ਗਿਰਜਾ ਬਿਲਪੇ ਕਪਿਕੇ ਸਿਰਦਾਰੇ॥ ੧੯॥ ਸੁਦਸਾਨਨ ਬੀਸ ਭੁਜਾ ਦਮਕੈ ਸੁ ਸਰਾਸਨ ਹਾਥਨ ਮਾਹਿ ਲਏਹੈਂ। ਇਹਭਾਂਤਿ ਫਿਰੈ ਰਣ ਮੰਡਲ ਮੈਂ ਜਨ ਆਪ ਸਪੱਖ ਮਿਨਾਕ ਅਏ ਹੈਂ। ਭ੍ਰਿਕੁਟੀ ਦ੍ਰਿਢ ਰਾਮ ਠਵੀ ਰਣਮੈਂ ਦ੍ਰਿਗ ਲਾਲ ਕਰਾਲ ਸੁ ਕੋਪ ਭਏਹੈਂ। ਸੁ ਮਨੋ ਅਬ ਜਾਲਤ ਰਾਖਸ਼ ਕੋ ਧਨ ਰਾਮ ਪੁਰੰਦਰ ਹਾਥ ਲਏ ਹੈਂ॥੨੦॥ ਬਾਨ ਨਿਕਾਰ ਸੁ ਰਾਮ ਲਯੋ ਪਿਖ ਕਾਲਕੀ ਪਾਵਕ ਜਾਹਿੰ ਜਲਾਈ। ਨੈਨਨ ਸੋ ਜਲ ਜਾਲਤ ਹੈ ਕੁਪਿ ਰਾਮ ਪਿਖੇ ਅਰ ਹੈ ਨਿਕਟਾਈ। ਤੇਜ ਕੀ ਜੁਵਾਲ ਛੁਟੇਭਨਤੇਅਬਰਾਮ ਪਰਾਕ੍ਰਮ ਦੇਤ ਦਿਖਾਈ।ਕਾਲ ਸਰੂਪ ਪਰੇ ਅਰਿਪੈ ਸੁਰ ਪੇਖਤ ਮੇਘਨ ਓਟ ਬਨਾਈ॥ ੨੧ ॥ ਤਾਨਿ ਕਮਾਨ ਲਈ ਹਰਿਜੀ ਪੁਨਿ ਰਾਵਣਕੇ ਉਰਮੈਂ ਸਰ ਮਾਰੇ। ਰਾਘਵ ਅੰਤਕ ਸੇ ਰਣ ਸੋਭਤ ਪੇਖਿ ਭਏ ਕਪਿ ਤਾਂ ਹਰਖਾਰੇ। ਧਾਵਤਿ ਹੈਂ ਅਰ ਪੈ ਹਰਿ ਜੀ ਜਿਨ ਕੋਪ ਭਰੇ ਮੁਖ ਰਾਮ ਨਿਹਾਰੇ। ਕਾਂਪਿ ਉਠੀ ਸਗਲੀ ਧਰਨੀ ਸਭਭੂਤ ਦਸੋ ਦਿਸ ਮਾਹਿੰ ਪਧਾਰੇ॥ ੨੨॥ ਰਾਮ ਕਰੋਧਰ ਰੂਪ ਨਿਹਾਰ ਭਏ ਉਤਪਾਤ ਦਸੋ ਦਿਸ ਮਾਂਹੀ। ਰਾਵਨ ਕੇ ਉਰ ਮਾਹਿ ਭਯੋ ਡਰ ਭੂਤ ਡਰੇ ਸਗਲੇ ਜਗ ਮਾਹੀਂ। ਗੰਧ੍ਰਬ ਸਿੱਧ ਸੁ ਕਿੰਨਰ ਦੇਵ ਨਿਹਾਰਤ ਬੈਠ ਬਿਬਾਨਨ ਮਾਂਹੀਂ। ਸੁ ਪ੍ਰਲੈ ਸਮ ਸੰਗਰ ਤਾਂਹਿ ਭਯੋ ਨ ਰਹਿਯੋ

ਭ੍ਰਮ ਸੂਰਨ ਕੇ ਮਨ ਮਾਂਹੀ ॥੨੩॥ ਵਾਸਵ ਕੋ ਸਰ ਲੈ ਕਰ ਮੈ ਰਣ ਰਾਵਣ ਕੇ ਸਿਰ ਕਾਟਿ ਬਗਾਏ। ਰਾਮ ਕਟੇ ਰਨਿ ਰਾਵਨ ਕੇ ਸਿਰ ਸ਼੍ਰੋਣਤ ਜਾ ਰਣ ਮਾਹ ਚੁਚਾਏ। ਯਾ ਬਿਧ ਸੀਸ ਗਿਰੇ ਨਭਤੇ ਫਲ ਤਾਤ ਮਨੋ ਅਤਿ ਪੌਨ ਝੁਲਾਏ। ਨਾਂ ਦਿਨ ਨਾਹਿ ਨਿਸਾ ਪਿਖੀਏ ਕਛੁ ਸਾਂਝ ਸੁ ਪ੍ਰਾਤ ਨਹੀ ਸੁਧਿ ਪਾਏ॥੨੪॥ਇਹਭਾਂਤਿ ਭਯਾਨਕ ਯੁਧਭਯੋ ਕਛੁ ਦੇਤ ਨ ਸਿਘਰ ਮਾਂਹਿ ਦਿਖਾਈ। ਬਹੁ ਕਾਲ ਭਯੋ ਰਣ ਮੈ ਲਰਤੇ ਬਿਸਮੈ ਪੁਨਿ ਰਾਘਵ ਕੈ ਮਨਿਆਈ। ਸੁ ਇਕੋਤਰ ਸੌ ਸਿਰ ਮੋਹਕਟੇ ਸਿਰ ਕੀ ਨਹਿ ਆਜ ਸਮਾਪਤਿ ਪਾਈ। ਬਲਨਾਹਿ ਟਰੇ ਰਣ ਮੰਡਲ ਮੇਂ ਪੁਨਿ ਨਾਹਿ ਦਸਾਸਨ ਆਯੂ ਘਟਾਈ॥ ੨੫॥

ਦੋਹਰਾ॥ ਤਬ ਸਭ ਅਸਤ੍ਰ ਵਿੱਤਹਰਿ ਕੌਸ਼ਲਜਾ ਨਿਧ ਧਾਮ। ਅਸਤਰ ਬਹੁਰ ਸੰਭਾਰਕੈ ਚਿਤਵਤ ਭਏ ਸੁ ਰਾਮ॥ ੨੬॥

ਸਵੈਯਾ॥ਜਿਨ ਬਾਨਨ ਸੇ ਬਲਵੰਤ ਬਡੇ ਬਨ ਸੰਗਰ ਮੈ ਮਮ ਦੈਤ ਸੁਮਾਰੇ। ਵਹਿ ਬਾਨ ਭਏ ਦਸਕੰਧਰ ਕੇ ਬਧ ਮਾਂਹਿ ਸੁ ਨਿੱਫਲ ਆਜ ਹਮਾਰੇ। ਇਹ ਚਿੰਤ ਬਿਯਾਕੁਲ ਰਾਮ ਭਏ ਢਿਗ ਆਹਿ ਵਿਭੀਖਨ ਨੈਨ ਨਿਹਾਰੇ। ਚਤੁਰਾਨਨ ਯਾਚਿ ਦਯੋ ਵਰਿਰਾਮ ਸੁ ਆਜ ਸੁਨੋ ਤੁਮ ਵਾਕ ਹਮਾਰੇ॥ ੪੭॥ ਭੁਜਿ ਸੀਸ ਵਿਛਿੰਨ ਭਏ ਤੁਮਰੇ ਉਪਜੇ ਪੁਨਿ ਸੀਘਰ ਤੇ ਤਨ ਮਾਂਹੀ। ਇਹ ਭਾਂਤਿ ਕਹ੍ਯੋ ਚਤੁਰਾਨਨ ਜੂ ਤੁਮ ਰਾਮ ਸੁਨੋ ਨਿਜ ਕਾਨਨ ਮਾਂਹੀ। ਅਹਿ ਕੁੰਡਲ ਕਾਰ ਸੁ ਅੰਮ੍ਰਿਤ ਹੈ ਦਸਕੰਧਰ ਕੇ ਪੁਨਿ ਨਾਭਿ ਸੁ ਮਾਹੀ। ਵਹਿ ਪਾਵਕ ਅਸਤ੍ਰ

ਸੁਕਾਇ ਦਿਜੇ ਦਸਕੰਠ ਮਰੇ ਤਬਹੀ ਰਣ ਮਾਹੀ ॥ ੨੮ ॥
ਸੁ ਵਿਭੀਖਨ ਕੇ ਯਹਿ ਵਾਕ ਸੁਨੇ ਸੁ ਪ੍ਰਾਕ੍ਰਮਵੰਤ ਸੁ ਰਾਮ ਮੁਰਾਰੇ। ਸਰ ਪਾਵਕ ਕੇ ਦਸਕੰਧਰ ਕੇ ਪੁਨਿ ਰਾਮ ਹਨੇ ਤਨ ਨਾਭਿ ਮਝਾਰੇ। ਪੁਨਿ ਰਾਮ ਸਰਾਸਨ ਤਾਨ ਮਹਾਬਲਿ ਰਾਵਣ ਕੇ ਸਿਰ ਕਾਟਿ ਉਤਾਰੇ। ਦਸਕੰਧਰ ਕੇ ਭੁਜ ਜਾਇ ਪਰੇ ਧਰ ਮਾਹਿ ਸੁਰਾਮ ਸਿਲੀਮੁਖਮਾਰੇ ॥ ੨੯ ॥ ਘੋਰਲਈ ਸ਼ਕਤੀ ਕਰ ਮੈਸੁ ਵਿਭੀਖਨ ਓਰ ਤਕੀ ਖੁਨਸਾਨੋ। ਰਾਮਕਟੀ ਪਥਿ ਭੀਤਰ ਸਾਪੁਨਿਤੀਖਨਏਕਚਲਾਇ ਸੁ ਬਾਨੋ। ਸੀਸ ਕਟੇ ਦਸਕੰਧਰ ਕੇ ਪੁਨਿ ਤੇਜ ਉਮਾ ਤਨਤੇ ਨਿਕਸਾਨੋ। ਜਾਇ ਪਰੇ ਧਰ ਭੀਤਰ ਜੋ ਸਿਰ ਰਾਵਣ ਰੂਪ ਭਯੋ ਸੁ ਮਲਾਨੋ ॥ ੩੦ ॥ ਏਕ ਪ੍ਰਧਾਨ ਰਹਜੋ ਧਰਮੈ ਸਿਰ ਰਾਵਣਕੀ ਭੁਜਿ ਦੋਊ ਭਵਾਨੀ। ਫੇਰ ਕੁਪੇ ਦਸਕੰਧਰ ਸੋ ਪੁਨਿ ਬਾਨਨਕੀ ਬਰਖਾ ਬਰਖਾਨੀ। ਰਾਵਣ ਰਾਘਵ ਰਾਘਵ ਰਾਵਣ ਮਾਰਤ ਤੀਰ ਮਹਾ ਰੁਖਸਾਂਨੀ। ਯੁੱਧ ਭਯਾਨਕ ਤਾਹਿ ਭਯੋ ਸੁ ਮਨੋ ਯੁਗ ਘੋਰਘਟਾ ਉਮਡਾਂਨੀ ॥ ੩੧ ॥ ਕਬਿਵਾਚ ॥ ਸਵੈਯਾ ॥ ਸੂਰਨਕੇ ਪਦ ਕੋ ਭਟ ਜਾਨਤ ਔਰ ਨ ਜਾਨਤ ਭਾਂਤਿ ਭਟੋਰੇ। ਰਾਮ ਦਸਾਨਨ ਬੀਰ ਭਲੀ ਤਨ ਘਾਉ ਬਹੇ ਸੁ ਲਰੇ ਮੁਖ ਜੋਰੇ। ਆਜੁ ਦਸਾਨਨ ਚਾਹਤਹੈ ਜਗ ਬੰਧਨ ਬਾਨਨ ਸੋਂ ਰਣ ਤੋਰੇ। ਸੂਰ ਅਨੇਕ ਭਏ ਜਗਭੀਤਰ ਰਾਵਣ ਸੇ ਭਟਹੈਂ ਜਗ ਥੋਰੇ ॥ ੩੨ ॥ ਦੋਹਰਾ ॥ ਮਾਤੁਲ ਬਹੁਰ ਸਿਮਾਰਯੋ ਰਾਘਵ ਕੋ ਸਮਝਾਇ। ਰਾਵਣ ਕੇ ਬਧ ਕਾਜ ਅਬ ਅਸਤ੍ਰ ਬ੍ਰਹਮ ਚਲਾਇ ॥ ੩੩ ॥ ਬਿਨਾਸ਼

ਕਾਲ ਸੁਰ ਜੋ ਰਚੇ ਸੋ ਅਬ ਆਏ ਬੀਰ। ਉੱਤਮ ਅੰਗਨ ਕਾਟਿਯੋ ਰਾਵਣ ਕੋ ਰਣਧੀਰ ॥੩੪॥ ਸੀਸ ਨ ਕਾਟੋ ਯਾਹਿ ਕੋ ਮਰਮ ਕਰੀਜੇ ਘਾਤਿ। ਮਾਤੁਲ ਵਾਕ੍ਯ ਚਿਤਾਰ ਹਰਿ ਰਾਵਣ ਕੀ ਬਧ ਬਾਤ ॥ ੩੫ ॥ ਸਵੈਯਾ ॥ ਤਬ ਰਾਮ ਲਯੋ ਕਰਮੈਂ ਸਰ ਦੀਪਤਿ ਪੰਨਗ ਜਿਉ ਮੁਖਿ ਮਾਹਿ ਸੁਕਾਏ। ਜਿਨ ਕੇ ਪੁਨਿ ਪਾਸਨ ਪੌਨ ਰਹੇ ਰਵਿ ਪਾਵਕ ਜਾ ਫਲ ਮਾਹਿ ਲਗਾਏ। ਤਨ ਬਾਨ ਕੁ ਆਹਿ ਅਕਾਸ ਮਯੀ ਪੁਨਿ ਗੌਰਵਿ ਮੰਦਰ ਮੇਰ ਸੁਹਾਏ। ਸਭ ਲੋਕਨ ਕੇ ਸੁਰ ਪਾਲਕ ਜੇ ਵਹਿ ਤਾ ਸਰ ਬੰਧਨ ਮਾਂਹਿ ਬਸਾਏ ॥ ੩੬ ॥ ਦਮਕੇ ਸਰ ਸੂਰਜ ਸੋ ਰਣਮੈ ਸਭ ਲੋਕਨ ਕੋ ਡਰ ਆਜ ਮਿਟਾਏ। ਸੁਚਿ ਮੰਤ੍ਰ ਪਢਕੇ ਰਘੁਨੰਦਨ ਜੂ ਪੁਨਿ ਜੋ ਸਰ ਬੇਦਨ ਮਾਂਹਿ ਬਤਾਏ।ਇਹ ਭਾਂਤਿ ਮਹਾ ਸਰ ਲੈਕਰ ਮੈਂ ਪੁਨਿ ਰਾਮ ਸਰਾਸਨ ਮਾਂਹਿ ਲਗਾਏ। ਧਰਨੀ ਸਗਲੀ ਡਮ ਡੋਲ ਉਠੀ ਪੁਨਿ ਭੂਤ ਸਭੈ ਜਗ ਮਾਂਹਿ ਕੰਪਾਏ ॥੩੭॥ ਰਾਵਣ ਕੇ ਬਧ ਕਾਜ ਵਹੀ ਸਰ ਰਾਮ ਸਰਾਸਨ ਮਾਂਹਿ ਤਨਾਯੋ। ਕ੍ਰੋਧ ਭਯੋ ਰਘੁਨੰਦਨ ਕੋ ਉਰਘਾ ਤਕ ਸੋ ਸਰ ਰਾਮ ਚਲਾਯੋ। ਬੱਜ੍ਰ ਮਨੋ ਰਣ ਮੰਡਲ ਮੈਂ ਉਰ ਕੋਪ ਭਰੇ ਸੁਰਨਾਥ ਬਗਾਯੋ। ਕਾਲ ਪਸਾਰ ਪਰੇ ਮੁਖਿ ਜਿਉ ਇਮ ਰਾਵਣ ਕੇ ਉਰ ਮਾਂਹਿ ਲਗਾਯੋ ॥ ੩੮ ॥ ਗੱਡਿ ਗਯੋ ਉਰ ਭੀਤਰ ਜੋ ਸਰ ਰਾਵਣ ਸ਼ੋਨਤ ਪਾਨ ਕਰੇਹੈ। ਫਾਟਗਏ ਉਰ ਰਾਵਨ ਕੇ ਗਿਰਜਾਤਨ ਕੇ ਸਰ ਪ੍ਰਾਨ ਹਰੇ ਹੈ। ਰਾਵਨ ਮਾਰ ਸੁ ਫਾਰ ਧਰਾ ਸਰ ਰਾਮ ਨਿਖੰਗ ਕੇ ਮਾਂਹਿ ਪਰੇ ਹੈਂ ।

ਰਾਵਣਕੇ ਕਰ ਚਾਂਪ ਸਭੈ ਗਿਰਜਾਸਹਿਬਾਨਨ ਭੂਮਿ ਢਰੇ ਹੈਂ ॥ ੩੯ ॥ ਪ੍ਰਾਨ ਗਏ ਦਸਕੰਧਰ ਕੇ ਰਣਮਾਂਹਿ ਗਿਰੋ ਵਹੁ ਰਾਖਸ਼ ਰਾਈ। ਰਾਵਨ ਭੂਮਿ ਗਿਰੇ ਲਖਕੈ ਹਤਿ ਸੇਖ ਸੁ ਰਾਖਸ਼ ਸੈਨ ਪਲਾਈ। ਭਾਗ ਚਲੇ ਸੁ ਦਸੋ ਦਿਸਕੋ ਅਬਿ ਭੂਪਿ ਬਿਨਾ ਕਰੇ ਕੌਨ ਲਰਾਈ। ਰਾਵਨ ਮਾਰ ਜਿਨੈਂ ਰਘੁਨੰਦ ਨ ਬਾਨਰ ਯਾ ਬਿਧ ਦੂੰਦਭਿਵਾਈ ॥ ੪੦ ॥ ਜੈ ਰਾਘਵ ਕੀ ਦਸ ਮੌਲ ਹਨੇ ਸੁਰ ਮੰਡਲ ਯੌਂ ਨਭਿ ਮਾਹਿ ਬਖਾਨੀ। ਨਭਿ ਮੰਡਲ ਦੇਵ ਨਿਸਾਨ ਵਜੇ ਹਰਿ ਫੂਲਨਕੀ ਬਰਖਾ ਬਰਖਾਨੀ। ਮੁਨਿ ਸਿੱਧ ਸੁਚਾਰਣ ਦੇਵ ਸਭੈ ਮੁਖ ਰਾਘਵ ਕੋ ਜਸੁ ਗਾਹਿ ਭਵਾਨੀ। ਤਬ ਬੀਰ ਅਕਾਸ ਸੁ ਮੋਦ ਬਢੇ ਪੁਨਿ ਆਇ ਅਪੱਛਰ ਨਿਰਤ ਸੁ ਠਾਨੀ॥੪੧॥ ਰਾਵਨਕੇ ਤਨਤੇ ਨਿਕਸੀ ਰਵਿ ਜੋਤਿ ਸਮਾਨ ਸੁ ਜੋਤਿ ਭਵਾਨੀ। ਦੇਵਨ ਕੇ ਪੁਨਿ ਪੇਖਤ ਹੀ ਵਹੁ ਰਾਘਵਕੇ ਤਨ ਮਾਂਹਿ ਮਿਲਾਨੀ। ਭਾਗ ਅਹੇ ਦਸਕੰਧਰ ਕੇ ਸਭ ਦੇਵਨ ਯੌ ਮੁਖ ਮਾਂਹਿ ਬਖਾਨੀ। ਰਾਵਨਕੇ ਸਮ ਔਰ ਮਹਾਤਮ ਨਾਹਿੰ ਕਹੂੰ ਜਗ ਮੈ ਹਮ ਜਾਨੀ ॥ ੪੨ ॥ ਦੋਹਰਾ॥ ਯੱਦਪ ਸਾਂਤਕ ਦੇਵ ਹਮਿ ਹਰਿ ਕਿਰਪਾ ਹਮ ਮਾਂਹਿ। ਤੱਦਪਿ ਦੁਖ ਭਯ ਬਿਜਾਪਯਾ ਫਿਰੇ ਜਗਤਕੇ ਮਾਂਹਿ ॥ ੪੩ ॥ ਸਵੈਯਾ ॥ ਦਸਕੰਧਰ ਰਾਖਸ਼ ਕੂਰ ਬਡੋ ਪੁਨ ਬਾਮਨ ਕੋ ਗਹਿ ਕੇਸਨ ਮਾਰੇ। ਹਰਿ ਕੇ ਸਹਿੱ ਦ੍ਵੈਖ ਕਰੇ ਮੁਨਿ ਹਿੰਸਕ ਔਰ ਰਮੇ ਪਰ ਦਾਰ ਮਝਾਰੇ। ਇਨ ਰਾਮ ਕੇ ਮਾਹਿ ਪ੍ਰਵੇਸ਼ ਕੀਯੋ ਸਭ ਭੂਤਨ ਯਾ ਬਿਧਿ ਨੈਨ ਨਿਹਾਰੇ। ਇਹ ਭਾਂਤ ਕਹੇਂ

ਸੁਰ ਆਪਸ ਮੈ ਹਸ ਨਾਰਦ ਤਾਂ ਪ੍ਰਤਿ ਬੈਨ ਉਚਾਰੇ॥੪੪॥ ਸੁਨ ਸੁਰ ਧਰਮ ਵਿਚੱਖਣ ਹੋ ਭੁਮ ਰਾਵਣਕੀ ਯਹਿ ਬਾਤ ਚਲਾਈ। ਯਹਿ ਦ੍ਵੈਖ ਬਡੇ ਉਰ ਭੀਤਰ ਰਾਵਣ ਨੀਤ ਚਿਤਾ ਰਤ ਥੋ ਰਘੁਰਾਈ। ਭ੍ਰਾਤਨ ਸੰਗ ਸਦਾ ਮਿਲਕੈ ਅਤਿ ਰਾਮ ਕਥਾ ਮੁਖ ਭੀਤਰ ਗਾਈ। ਇਨ ਰਾਘਵ ਹਾਥ ਸੁਨਜੋ ਮਰਣਾ ਸਭ ਠੌਰਨ ਮੈ ਤਿਨ ਤੇ ਸੁ ਡਰਾਈ॥ ੪੫॥ ਸੁਪਨੇ ਦਿਨ ਰਾਤਿ ਬਿਖੈ ਦਸਕੰਧਰ ਰਾਮ ਸਦਾ ਉਰ ਮਾਂਹਿ ਧਿਆਈ। ਗੁਰਕੇ ਸਮ ਬੋਧਕ ਆਜ ਭਯੋ ਯਹਿ ਕ੍ਰੋਧ ਬਡੋ ਜਗ ਰਾਖਸ਼ ਰਾਈ। ਪੁਨ ਅੰਤ ਮਰੇ ਹਰਿਕੇ ਕਰਿ ਤੇ ਸੁ ਗਏ ਇਨਕੇ ਸਭ ਪਾਪ ਮਿਟਾਈ। ਸਭ ਬੰਧ ਤੁਟੇ ਦਸਕੰਧਰ ਕੇ ਇਮ ਰਾਮ ਕੀ ਆਜ ਸੁ ਸਾਯੁਜ ਪਾਈ॥ ੪੬॥ ਸੁਦੁਰਾਤਮ ਯੱਦਪਿ ਪਾਪ ਕਰੇ ਪਰਕੇ ਧਨ ਦਾਰਨ ਮੈਂ ਲਪਟਾਈ। ਉਰ ਪ੍ਰੀਤਿ ਜਗੈ ਯਦਿਵਾ ਡਰਕੈ ਰਘੁਨੰਦਨ ਅੰਤ ਸਮੈ ਨਰ ਧਯਾਈ। ਵਹ ਹੋਵਤ ਸੁਧ ਸਦਾ ਜਗ ਮੈਂ ਜੰਨਮਾਂਤਰ ਕੋਟਨ ਦੋਖ ਮਿਟਾਈ। ਸੁਰ ਸੱਤਮ ਜਾਹਿ ਪ੍ਰਣਾਮ ਕਰੇ ਸੁ ਰਮੇ ਹਰਿ ਲੋਕ ਬੈਕੁੰਠਹਿ ਜਾਈ॥ ੪੭॥ ਸ਼ਿਕਰ ਛੰਦ॥ ਤ੍ਰਿਭਵਨ ਵਿਖਮ ਦਸਾਸ ਕੋ ਜਿਨ ਮਾਰਕੈ ਰਣ ਮਾਂਹਿ। ਵਾਮ ਕਰ ਧਨ ਟੇਕ ਧਾਰ ਸਰ ਦੱਖ ਹਸਤ ਫਿਰਾਂਹਿ। ਦ੍ਰਿਗ ਪ੍ਰਾਤ ਦੇਸੁ ਸੁਲਾਲ ਹੈ ਸਰ ਦ-ਲਤ ਜਾਹਿੰ ਸਰੀਰ। ਰਵਿ ਕੋਟ ਕੇ ਸਮ ਸੋਭਈ ਰਣਮਾਂਹਿ ਦ੍ਵੈ ਰਘੁਬੀਰ॥ ੪੮॥ ਦੋਹਰਾ ॥ ਰਕਤੁ ਬਿੰਦ ਤਨ ਸੋਭਈ ਸੁਰਪਤਿ ਕੇ ਪਰਣਾਮ। ਮੇਰੀ ਵੈ ਰੱਛਾ ਕਰੈਂ ਰਘੁਬੀਰ ਸਦਾ

ਸ੍ਰੀਰਾਮ ॥ ੪੯ ॥ ਇਤਿ ਸ੍ਰੀ ਮਤਿ ਅਧਯਾਤਮ ਰਾਮਾਇਣੇ ਉਮਾ ਮਹੇਸ਼ੁਰ ਸੰਬਾਦੇ ਯੁੱਧ ਕਾਂਡੇ ਰਾਵਣ ਬਧ ਨਾਮ ਇਕਾਦਸਮੋ ਅੰਕ ॥ ੧੧ ॥

॥ ਸ੍ਰੀ ਮਹਾ ਦੇਵ ਉਵਾਚ ॥ ਸਵੈਯਾ ॥

ਰਾਮ ਵਿਭੀਖਣ ਔ ਹਨੁਮਾਨ ਸੁ ਅੰਗਦ ਭ੍ਰਾਤ ਕਪੇਸ ਨਿਹਾਰੇ ।ਭਾਲਕ ਰਾਜ ਤਥਾ ਨਲਨੀਲ ਪ੍ਰਸੰਨ ਭਯੋ ਰਘੁਨਾਥ ਉਚਾਰੇ । ਮੈ ਤੁਮਰੇ ਭੁਜ ਦੰਡਨ ਕੇ ਬਲ ਲੰਕ ਪਤੀ ਰਣ ਭੀਤਰ ਮਾਰੇ। ਸੂਰਜ ਚੰਦ ਰਹੇ ਜਬਲੌ ਤਬਲੌ ਤੁਮਰੋ ਜੱਸ ਭੌਨ ਮਝਾਰੇ ॥੧॥ ਪੁੰਨ ਕਥਾ ਤੁਮਰੀ ਜਗਭੀਤਰ ਗਾਵਹਿੰਗੇ ਜਨ ਪ੍ਰੇਮ ਬਢਾਈ। ਮੋਹਿ ਮਿਲੀ ਗਤਿ ਪਾਹਿ ਪਰਾ ਜਨ ਯਾ ਕਲ ਕੇ ਸਭ ਦੋਖ ਮਿਟਾਈ। ਯੋ ਵਰ ਦਾਨ ਦਯੋ ਸਭਕੋ ਪੁਨ ਸਿੰਘਰ ਰੰਗ ਮਹੀ ਰਘੁਰਾਈ । ਤਾਂਹਿ ਸਮੈ ਰਨਮੈ ਨਿਰਖਯੋ ਪਤਿ ਕੋ ਮਘਵਾਜਿਤਕੀ ਜੇਊ ਮਾਈ ॥ ੨ ॥ ਦੋਹਰਾ ॥ ਰਾਵਨ ਕੀ ਸਭਨਾਰੀਆਂ ਲੈ ਮੰਦੋਦਰਿ ਆਦਿ । ਉਰ ਤਾੜੇਂ ਮੁਖ ਰੋਵਈ ਰਾਵਣ ਕੇ ਢਿਗ ਪਾਦ ॥ ੩ ॥ ਸਵੈਯਾ ॥ ਕਾਚਨਕੀ ਜਿਨਕੀ ਨਗਰੀ ਗਜ ਝੂਲਤ ਤਾਂ ਦਰਪੈ ਮਤਿਵਾਰੇ । ਪਾਵਕ ਪਾਕ ਕਰੇ ਜਿਨਕੇ ਪੁਨ ਬੇਦ ਪੜ੍ਹੇ ਚਤੁਰਾਨਨ ਦ੍ਵਾਰੇ । ਛੱਤ੍ਰ ਧਰੇ ਸਿਰਮੈਂ ਸਵਿਤਾ ਨਿਸਿ ਸਾਹਿ ਭਲੀ ਬਿਧ ਚੌਰ ਝੁਲਾਰੇ। ਸੋ ਪਤਿ ਆਜਿ ਪਰੇ ਰਣ ਮੈਂ ਮੁਖ ਧੂਰਭਰੇ ਸਿਰ ਕ੍ਰੀਟ ਬਿਸਾਰੇ॥ ੪ ॥ ਜਿਨਕੇ ਭੁਜ ਤੇ ਯਮ ਰਾਜ ਡਰੇ ਮਘਵਾ ਪਰ ਪਾਇਨ ਬੰਦਨ ਧਾਰੇ। ਅਹਿ ਰਾਜ ਡਰੇ ਜਿਨਕੇ

ਬਲਤੇ ਜਲ ਨਾਇਕ ਜਾਂ ਪਦਕੰਜ ਪਖਾਰੇ ॥ ਸੁਰ ਆਇਸ
ਪੌਰ ਅਧੀਨ ਰਹੇਂ ਜਿਨਕੀ ਪੁਨ ਸੇਜ ਬਸੰਤਰ ਸ੍ਵਾਰੇ। ਸੋ
ਦਸ ਮੌਲ ਰੁਲੇ ਧਰਮੈ ਰਘੁਨਾਇਕ ਬਾਨਨ ਕੇ ਰਣਮਾਰੇ
॥ ੫ ॥ ਸੁ ਵਿਭੀਖਨ ਰੋਇ ਚਲੇ ਦ੍ਰਿਗ ਨੀਰ ਸੁ ਸ਼ੋਕ ਭਯੋ
ਤਿਨਕੇ ਉਰ ਭਾਰੀ। ਦਸਕੰਧਰ ਕੇ ਪਦ ਪਾਸਖਰੇ ਗਿਰਜਾ
ਸਿਰ ਪਾਗ ਸੁ ਦੂਰ ਨਿਵਾਰੀ। ਸੁ ਵਿਭੀਖਨ ਆਜ ਸੰਬੋਧ
ਕਰੇ ਰਘੁਨਾਇਕ ਭ੍ਰਾਤਕੋ ਏਹ ਉਚਾਰੀ। ਸੁ ਦਏ ਅਬਿ ਰਾਵ
ਣ ਕੋ ਅਗਨੀ ਅਬ ਕਾਹਿ ਨਮਿੱਤ ਲਗਾਵਤ ਬਾਰੀ ॥੬॥
ਗੀਧਾ ਮਾਲਤੀ ਛੰਦ ॥ ਮੰਦੋਦਰੀਲੈ ਆਦਿ ਬਿਲਪੈ ਲੰਕ
ਪਤਿ ਕੀ ਰਾਨੀਆਂ। ਨਿਵਾਰ ਯਾਹਿ ਪਠਾਇ ਲੰਕਾ ਕਰੇ ਤਾਂ
ਸਨਮਾਨੀਆਂ ॥ ਇਹ ਭਾਂਤਿ ਰਾਘਵ ਜੋ ਕਹਯੋ ਤਬ ਗਏ
ਲਛਮਣ ਧਾਇਕੈ। ਸ਼ਵਪਾਸ ਪਰੇ ਵਿਭੀਖਣਾ ਜਨ ਗਏ ਪ੍ਰਾ
ਣ ਵਿਲਾਇਕੈ॥ ੭ ॥ ਉਰ ਸ਼ੋਕ ਪੇਖ ਵਿਭੀਖਣੇ ਲਖਮੰਨ
ਏਹ ਬਖਾਨੀਆਂ। ਇਹ ਕੌਨ ਤੇਰੋ ਆਹਿਜਾਕੋ ਸੋਚਹੈ ਦੁਖ
ਮਾਨੀਆਂ। ਯਾ ਸ੍ਰਿਸ੍ਰਿ ਪੂਰਬ ਕੌਨ ਸੇ ਤੂ ਯਾਹਿਕੋ ਯਹਿ ਭਾ·
ਖੀਏ॥ ਅਬ ਕੌਨ ਆਗੇ ਹੋਹਿਗੋ ਯਾ ਮਾਂਹਿ ਕੋ ਹੈ ਸਾਖੀਯੇ
॥ ੮॥ ਨਦੀ ਕੇ ਪਰਵਾਹਿ ਸਿਕਤਾ ਜਾਇ ਜਿਉ ਬਸ ਪਾਨੀਏ
। ਮਿਲੇ ਕਬਹੂ ਨਾ ਮਿਲੇ ਤਿਮ ਦੇਹਿ ਦੇਹੀ ਜਾਨੀਯੇ। ਜਿਉਂ
ਬੀਜ ਬੀਜਨ ਕੇ ਮਿਲੈ ਪੁਨੁ ਕਬਹੂ ਨਾਹ ਮਿਲਾਇਹੈ। ਤਿਉ
ਭੂਤ ਭੂਤਨ ਮਾਂਹਿ ਮਾਇਆ ਈਸ ਬਸ ਭਰਮਾਇ ਹੈ ॥ ੯॥
ਭ੍ਰਮ ਏਹ ਐ ਹਮ ਔਰ ਸਗਲੇ ਕਾਲ ਵਸ ਉਪਜਾਇ ਹੈਂ।

ਜਨਮ ਜਨਮ ਸੁਖੀਣਤਾ ਪੁਨ ਅੰਤ ਮਰਨੋ ਪਾਇਹੈਂ। ਅਜ
ਸਰਬ ਭੂਤਨ ਕੋ ਰਚੇ ਪੁਨ ਹਨੇ ਈਸ਼ ਸੁ ਪਾਲਕਾ ॥ ਨਹਿ
ਜੀਵਕੇ ਬਸਹੈ ਕਛੂ ਨਿਰ ਪੇਖ ਹਰਿ ਜਿਉ ਬਾਲਕਾ॥੧੦॥
ਦੇਹ ਦੇਹਨ ਤੇ ਭੁਏ ਜਬ ਬੀਜ ਬੀਜਨ ਜਾਇ ਹੈ। ਦੇਹੀ
ਨਿਰਾਲਾ ਹੈ ਸਦਾ ਨਹਿ ਜਨਮ ਮਰਣਾ ਪਾਇਹੈ। ਦੇਹ ਜੀਭ
ਵਿਭਾਗ ਸਗਲੋ ਹੈ ਅਗਜਾਨ ਬਨਾਇਆ। ਜਨਮ ਬ੍ਰਿੱਧ
ਬਿਨਾਸ਼ ਨਾਨਾ ਕ੍ਰਿਯਾ ਕੈ ਫਲ ਜਾਇਆ॥ ੧੧ ॥ ਦੋਹਰਾ ॥
ਦਾਰ ਕ੍ਰਿਆ ਜਿਉ ਅਗਨਿਮੈ ਤਿਸੋਂ ਯਹ ਆਤਮ ਮਾਂਹਿ। ਅ-
ਨਾਤਮ ਧਰਮ ਅਰੋਪ ਕੈ ਮੂਢ ਭ੍ਰਮੇ ਜਗ ਮਾਂਹਿ ॥ ੧੨ ॥
ਤੇ ਯਹਿ ਦੇਹਿ ਸੰਜੋਗ ਤੇ ਭਾਸ਼ੇ ਆਤਮ ਮਾਹਿ। ਅਸੱਤ ਰੂਪ
ਜਗ ਬਿਖੈ ਕੋ ਧਜਾਵੈ ਜੋ ਮਨ ਮਾਹਿ ॥ ੧੩ ॥ ਅੜਿੱਲ ॥
ਸੁਖਪਤ ਮਾਂਹਿ ਹੰਕਾਰ ਜਬੈ ਮਿਟਿ ਜਾਇ ਹੈ। ਸੰਸ੍ਰਿਤ ਨਾਂਹਿ
ਵਿਭੀਖਣ ਤਬ ਦਿਖਲਾਇ ਹੈ। ਜਾਗ੍ਰਤ ਮਾਹਿ ਹੰਕਾਰ ਤਥਾ
ਪੁਨ ਨਾ ਰਹੇ। ਹੋਮੁਕਤਿ ਵਿਭੀਖਣ ਜੀਵ ਜਗਤ ਮੈ ਤੇ ਕਹੇ
॥ ੧੪ ॥ ਮਿਥਜਾ ਹੈ ਮਮ ਭ੍ਰਾਤ ਵਿਭੀਖਣ ਡਾਰੀਯੇ। ਰਾਮ
ਨਰਾਇਣ ਮਾਂਹਿ ਚਿਤ ਅਬ ਧਾਰੀਯੇ। ਸਰਬ ਭੂਤਕੋ ਆਤਮ
ਰਾਮ ਪਛਾਨੀਯੇ। ਹੋ ਮਾਯਾ ਮਾਨੁਖ ਭੇਸ ਭ੍ਰਾਤ ਨਹਿ ਠਾਨੀ
ਯੇ॥ ੧੫॥ ਬਾਹਰ ਇੰਦ੍ਰੀ ਅਰਥ ਸੰਬੰਧ ਸੁ ਛੋਰੀਯੇ। ਦੇਖ
ਨਿਹਾਰ ਜਗੱਤ ਚਿਤ ਕੋ ਜੋਰੀਯੇ। ਰਾਮ ਨਿਰੰਜਨ ਮਾਹਿ
ਚਿਤ ਅਬ ਜੋਰੀਏ। ਹੋ ਪਾਰ ਪਰੇ ਜਗਸਿੰਧੁ ਨ ਆਤਮ ਬੋ
ਰੀਏ ॥ ੧੫ ॥ ਤਨਮੈ ਆਤਮ ਬੁਧਿ ਜਬੈ ਪੁਨਿ ਠਾਨੀਯੇ।

ਮਾਤ ਭ੍ਰਾਤ ਪਿਤ ਮੀਤ ਤਬੈ ਪੁਨ ਜਾਨੀਯੇ। ਦੇਹ ਵਿਲਖਣ ਆਤਮ ਜਬੈ ਸੁ ਪੇਖੀਯੇ। ਹੋ ਮਾਤ ਭ੍ਰਾਤ ਪਿਤ ਬੰਧ ਨ ਕਹਿ ਕੋ ਲੇਖਿਯੇ ॥ ੧੭॥ ਰਾਗਾਦਿਕ ਸੁਤ ਤੋਹਿ ਅਗਯਾਨ ਉ- ਪਾਇਆ। ਸ਼ਬਦਾਦਿਕ ਬਹੁ ਬਿਖੈ ਬਹੁਤ ਘਰ ਮਾਇਆ । ਸੈਨ ਕੋਸੁ ਭ੍ਰਿਤ ਰਾਜ ਭੂਮ ਸੁਤ ਰਾਨੀਏ। ਹੋ ਭ੍ਰਾਤ ਜਨੇ ਖਿਨ ਭੰਗਰ ਸਗਲ ਪਛਾਨੀਯੇ ॥ ੧੮॥ ਸ਼ੋਕ ਨਿਵਾਰ ਸੁ ਉਠੋ ਰਾਮਉਰਧਜਾਈਯੇ। ਪਰਾਰਬਧ ਕੇ ਬਸ ਅਬ ਰਾਜ ਕਮਾਈਯੇ। ਭੂਤ ਭਵਿਖ੍ਯਤ ਭੱਬ ਸਗਲ ਸੁਖ ਜੋਇਗੋ। ਹੋ ਨੀਤ ਕਰੋ ਵਿਵਹਾਰ ਲੇਪ ਨਹਿ ਹੋਇਗੋ ॥ ੧੯ ॥ ਰਘੁਵਰ ਆਇਸ ਮਾਨ। ਕ੍ਰਿਆ ਅਬ ਕੀਜੀਯੇ ।ਅਗਨਿ ਦਾਹੁ ਦੈਭ੍ਰਾਤ ਤਿਲੋਦਕ ਦੀਜੀਯੇ। ਰੋਵਤ ਰਾਵਣ ਨਾਰਿ ਮਹਾ ਮਤ ਵਾਰੀਯੇ। ਹੋ ਬਰੇ ਲੰਕ ਗਢ ਜਾਇ ਨ ਲਾਇ ਸੁ ਬਾਰੀਯੇ ॥ ੨੦ ॥ ਲਖਮਣ ਭਾਖੇ ਵਾਕ ਵਿਭੀਖਣ ਧਾਰਿਆ। ਰਾਮ ਸਮੀਪ ਸੁ ਆਯੋ ਸ਼ੋਕ ਨਿਵਾਰਿਆ। ਕਰ ਵਿਚਾਰ ਧਰਮੱਗ ਵਚਨ ਤਿਮ ਆਖਿਯੋ। ਹੋ ਰਾਮ ਪ੍ਰੀਤਿ ਹਿਤ ਤਾਂਹਿ ਸੁ ਉਤਰ ਰਾਖਿਯੋ॥ ੨੧ ॥ ਰਾ- ਵਣ ਥੋ ਨਿਹ ਸੰਸ ਧਰਮ ਨਹਿ ਲਾਗਿਆ॥ ਕ੍ਰੂਰ ਝੂਠ ਮੁਖ ਬੋਲ ਬਰਤ ਸਭ ਤਯਾਗਯਾ । ਪਰਦਾਰਾ ਅਭਰੱਮਖੀ ਮੁਨਿ ਗਨ ਹਿੰਸ ਕੋ। ਹੋ ਸੰਸਕਾਰ ਨਹਿ ਕਰੋਂ ਸੁ ਰਘਵਰ ਤਾਹਿ ਕੋ ॥੨੨॥ ਸੁਨ ਬਿਗਸੇ ਰਘੁਨਾਥ ਸੁ ਬਚਨ ਅਲਾਇਯੋ । ਮ ਰਣ ਅੰਤ ਥੋ ਵੈਰ ਸੁ ਸਰਬ ਪਲਾਇਯੋ। ਸੰਸਕਾਰ ਅਬ ਕੀਜੇ ਯਾਹਿ ਬਨਾਇਕੈ। ਹੋਆਇਸ ਮੇਰੀ ਯਾਹਿ ਬੇਦ ਬਿਧਿ

ਪਾਇਕੈ ॥ ੨੩ ॥ ਰਘੁਵਰ ਆਇਸ ਸੀਸ ਵਿਭੀਖਨ ਧਾ
ਰੀਆ । ਸੰਸਕਾਰ ਹਿਤ ਤਾਂਹਿ ਸੁ ਕਰੀ ਤਯਾਰੀਆ । ਬਾਂਧਵ
ਲੀਨੇ ਸਰਬ ਸੁ ਤਾਂਹਿ ਬੁਲਾਇਕੈ । ਹੋ ਚਿਤਾ ਰਚੀ ਤਿਹ ਠੌਰ
ਸੁ ਚੰਦਨ ਪਾਇਕੈ ॥ ੨੪ ॥ ਪਿਤ੍ਰਮੇਧ ਬਿਧਾਨ ਚਿਤਾ ਮਹਿ
ਡਾਰਿਓ । ਆਹਿਤ ਅਗਨੀ ਕਾਜ ਸੁ ਸਗਲ ਸਵਾਰਿਓ । ਵ
ਭੀਖਨ ਕਰੀ ਸੁ ਕ੍ਰਿਆ ਸਗਲ ਬਨਾਇਕੈ । ਹੋ ਰਾਵਨਕੇ ਸਭ
ਮੰਤ੍ਰੀ ਸੰਗ ਬੁਲਾਇਕੈ ॥ ੨੫ ॥ ਪਾਵਕ ਅਪਨੇ ਹਾਥ ਵਿਭੀ
ਖਨ ਲਾਇਓ । ਫੇਰ ਭਵਾਨੀ ਜਾਇ ਸੁ ਨੀਰਹਿ ਨ੍ਹਾਇਓ ।
ਤਿਲ ਅਰ ਦਾਭਿ ਸੁ ਨੀਰ ਤਾਂਹਿ ਮਿਲਾਇਕੈ । ਹੋਰਾਵਣ ਕੋ
ਪੁਨ ਦਏ ਬੇਦ ਬਿਧਿ ਪਾਇਕੈ ॥੨੬॥ ਫੇਰ ਕਰੀ ਪਰਣਾਮ
ਸੁ ਸੀਸ ਨਵਾਇਕੈ । ਨਾਰਿਨ ਕੀਨ ਸੰਤੋਖ ਸੁ ਵਚਨ ਸੁਨਾ
ਇਕੈ । ਲੰਕਾ ਤੁਮ ਅਬ ਜਾਹਿ ਸੁ ਫੇਰ ਬਖਾਨੀਆ । ਹੋ ਗਈਂ
ਲੰਕ ਕੇ ਮਾਂਹਿ ਸੁ ਰਾਵਣ ਰਾਨੀਆਂ ॥ ੨੭ ॥ ਰਾਮ ਸਮੀਪ
ਸੁ ਬਹੁਰ ਵਿਭੀਖਣ ਆਇਕੈ । ਦੀਨ ਸਮਾਨ ਸੁ ਬੈਠੋ ਸੀਸ
ਨਿਵਾਇਕੈ । ਰਾਮ ਸੁ ਸੈਨਾ ਸਹਤ ਮਹਾ ਬਲ ਛਾਜਈ । ਹੋ
ਕਪਿ ਨਾਇਕ ਪੁਨ ਲਖਮਣ ਸੰਗ ਬਿਰਾਜਈ ॥ ੨੮॥ ਜਜੋਂ
ਬ੍ਰਤਾਸੁਰ ਮਾਰ ਸੁ ਇੰਦ੍ਰ ਸੁਹਾਇਓ । ਤਜੋਂ ਅਰਿ ਕੋ ਰਣ ਮਾਰ
ਰਾਮ ਹਰਖਾਇਓ । ਮਾਤੁਲ ਕਰੀ ਪ੍ਰਣਾਮ ਬਹੁਰ ਸਿਰ ਨਜਾ
ਇਕੈ । ਹੋ ਰਾਮ ਆਗਜਾ ਗਯੋ ਸ੍ਵਰਗ ਮੇਂ ਧਾਇਕੈ ॥੨੯॥ਤਬ
ਰਘੁਵਰ ਹਰਖਾਇ ਬਚਨ ਅਨੁਜੈ ਕਯੋ । ਪੂਰਬ ਲੰਕਾ ਰਾਜ
ਵਿਭੀਖਣ ਮੈਂ ਦਯੋ । ਅਬ ਤੂ ਲੰਕਾ ਜਾਹਿ ਸੁ ਵਿੱਪ੍ਰ ਬੁਲਾਇ

ਕੈ। ਹੋ ਰਾਜ ਵਿਭੀਖਣ ਦਿਜੈ ਵੇਦ ਬਿਧਿ ਪਾਇਕੈ॥ ੩੦ ॥
॥ ਯਾ ਵਿਧਿ ਸੁਨਕੈ ਲਖਮਣ ਗਏ ਸੁ ਧਾਇਕੈ। ਬਾਨਰਕੇ
ਸਿਰਦਾਰ ਸੁ ਲਏ ਬੁਲਾਇਕੈ।ਹੇਮ ਕਲਸ ਭਰ ਨੀਰ ਸਮੁੰਦੋਂ
ਆਨਿਆਂ। ਹੋ ਰਾਜ ਤਿਲਕ ਸੁਭ ਭਾਲ ਵਿਭੀਖਨ ਠਾਨਯਾ
॥੩੧॥ ਪੁਰ ਜਨ ਲੀਨੇ ਸੰਗ ਉਪਾਇਨ ਪਾਨ ਮੈ। ਵਿਭੀਖਣ
ਲਖਮਣ ਮਿਲੇ ਗਏ ਰਣ ਥਾਨਿ ਮੈ। ਦੰਡ ਕਰੀ ਪਰਣਾਮ
ਰਾਮ ਢਿਗ ਜਾਇਕੈ। ਹੋ ਪੇਖ ਵਿਭੀਖਨ ਰਾਜ ਰਹੇ ਹਰਖਾ
ਇਕੈ ॥ ੩੨ ॥ ਕ੍ਰਿੱਤ ਕ੍ਰਿਤ ਅਬ ਹੋਏ ਰਾਮ ਸੁ ਜਾਨੀਆਂ।
ਉਰਮੈ ਲਾਇ ਕਪੇਸਹਿ ਰਾਮ ਬਖਾਨੀਆਂ। ਵੀਰ ਸਹਾਇਤ
ਤੇਰੀ ਰਾਵਨ ਘਾਤਿਆ। ਹੋ ਲੰਕ ਵਭੀਖਣ ਰਾਜ ਆਜਮੈਂ
ਥਾਪਿਆ ॥੩੩॥ ਫੇਰ ਕਹਯੋ ਹਨੁਮਾਨ ਸੁਰਾਮ ਬਿਚਾਰਕੈ
। ਦੋ ਕਰ ਜੋਰੇ ਪਾਸ ਸੁ ਖਰੋ ਨਿਹਾਰਕੈ। ਵਿਭੀਖਣ ਆਇਸ
ਪਾਇ ਲੰਕ ਗਢ ਜਾਈਏ। ਹੋ ਰਾਵਣ ਕੇ ਬਧ ਆਦਿਕ ਸੀਯ
ਸੁਨਾਈਏ॥ ੩੪॥ ਸਵੈਯਾ॥ ਜੋ ਕੁਛ ਸੀਯ ਕਹੈ ਮੁਖ ਤੇ
ਪੁਨ ਬੇਗ ਸੁ ਮੈਂ ਢਿਗ ਆਨ ਬਖਾਨੋ। ਆਇਸ ਰਾਮ ਵਿਭੀ
ਖਣ ਕੋ ਮਤੁ ਲੰਕ ਗਯੋ ਹਨੁਮਾਨ ਸਿਆਨੋ। ਲੰਕ ਧਸੇ
ਹਨੁਮਾਨ ਜਬੈ ਤਬ ਪੂਜਤ ਰਾਖਸ਼ ਜਾਨ ਮਹਾਂਨੋ। ਰਾਵਣ ਕੇ
ਗ੍ਰਿਹ ਬਾਗ ਬਿਖੇ ਤਰੁ ਸਿੰਸਪਾ ਮੂਲ ਗਯੋ ਅਨਜਾਨੋ॥ ੩੫॥
ਤਰੁ ਮੂਲ ਬਿਖੇ ਸਿਯ ਜਾਇ ਪਿਖੀ ਸੁ ਕ੍ਰਿਸਾ ਅਤਿ ਦੀਨ
ਆਨਿੰਦਤ ਸਾਰੀ। ਢਿਗ ਰਾਖਸ਼ੀਆਂ ਪਰਵਾਰ ਰਹੀ ਉਰਮਾਂਹ
ਭਜੇ ਰਘੁਨਾਥ ਮੁਰਾਰੀ। ਅਤਿ ਨਿੰਮਰਭਾਵ ਧਰੇ ਮਨਮੈਂ ਪੁਨ

ਮਾਰਤ ਨੰਦਨ ਬੰਦਨ ਧਾਰੀ। ਢਿਗ ਜੋਰ ਦੋਊ ਕਰ ਜਾਇ ਖਰੋ ਰਘੁਨੰਦਨ ਕੋ ਵਰ ਦੂਤ ਉਦਾਰੀ ॥੩੬॥ ਪਿਖਿਜਾਨਕੀ ਤਾਂ ਮੁਖ ਮੌਨ ਭਜੀ ਪੁਨ ਪੂਰਬ ਸਿੱਮ੍ਰਤ ਤਾਂ ਉਰ ਆਈ। ਲਖ ਰਾਘਵ ਦੂਤ ਪ੍ਰਸੰਨ ਭਈ ਹਨੁਮਾਨ ਪਿਖੇ ਮੁਖ ਮੈਂ ਬਿਗ ਸਾਈ। ਤਬ ਵਾਯੁ ਕੁਮਾਰ ਜੁ ਰਾਮ ਕਹੀ ਵਹਿ ਭੂਮਿ ਸੁਤਾ ਢਿਗ ਬਾਤ ਚਲਾਈ। ਸੁ ਵਿਭੀਖਣ ਔ ਸੁਗ੍ਰੀਵ ਮਿਲੇ ਅਵਨੀ ਦੁਹਿਤਾ ਕੁਸ਼ਲੀ ਰਘੁਰਾਈ॥ ੩੭ ॥ ਲਖਮੰਨਿ ਬਿਰਾਜਤ ਸੰਗ ਸਦਾ ਕਪਿਕੀ ਧੁਜਨੀ ਪੁਨ ਆਹਿ ਅਪਾਰੇ । ਰਣ ਰਾਵਣ ਪੂਤ ਸਮੇਤ ਹਨੇ ਬਲ ਬਾਂਧਵ ਔਰ ਅਮਾਤ ਬਿਦਾਰੇ। ਸੁਵਿਭੀਖਣ ਕੀ ਭੁਜ ਰਾਜ ਦਯੋ ਪੁਨ ਤੋ ਪ੍ਰਤਿਰਾਮ ਸੁ ਖੇਮ ਉਚਾਰੇ। ਇਹ ਭਾਂਤ ਸੁਨੇ ਪਤਿ ਵਾਕ ਜਬੈ ਹਰਖੀ ਸੀਯ ਜਿਉ ਸਸ ਪਾਇਸ ਵਾਰੇ ॥ ੩੮॥ ਦੋਹਰਾ ॥ ਗਦ ਗਦ ਬਾਨੀ ਸੀਯ ਪੁਨ ਲਾਗੀ ਕਰਨ ਬਖਾਨ ॥ ਕਿੰ ਪਜਾਰੋ ਅਬ ਤੋਹਿ ਕੋ ਦੇਵੌਂ ਮੈ ਹਨੁਮਾਨ ॥ ੩੯॥ ਤੇਰੇ ਵਾਕ ਬਰੋਬਰੇ ਤੀਨ ਲੋਕ ਕੇ ਮਾਹਿ। ਰਤਨ ਅਭੂਖਣ ਨਾਂ ਪਿਖੋਂ ਹਨੂਮਾਨ ਮਨ ਮਾਂਹਿ ॥ ੪੦ ॥ ਸਵੈਯਾ ॥ ਇਹ ਭਾਂਤ ਸੁਨੇ ਸਿਯ ਵਾਕ ਜਬੈ ਗਿਰਜਾ ਹਨੁਮਾਨ ਸੁ ਵਾਕ ਅਲਾਈ। ਰਤਨੋਘਨ ਤੇ ਸੁਰ ਰਾਜਹੁ ਤੇ ਅਬ ਮੋਹ ਲਹਯੋ ਜਗਮੈਂ ਅਧਿਕਾਈ। ਹਨ ਸਤ੍ਰ ਭਈ ਰਣ ਜੀਤ ਬਡੀ ਇਹ ਭਾਂਤ ਪਿਖੋ ਰਣਮੈਂ ਰਘੁਰਾਈ। ਹਨੁਮਾਨ ਕੇ ਵਾਕ ਸੁਨੇ ਜਬਹੀ ਮਿਥਲਾਪਤਿ ਕੀ ਦੁਹਿਤਾ ਹਰਖਾਈ ॥ ੪੧ ॥ ਤਬ ਸੀਯ ਕਹਯੋ ਸਭ ਸੋਮਗੁਣਾ ਹਨੁ

ਮਾਨ ਸੁ ਤੋ ਮਹਿ ਆਨ ਬਸਾਏ। ਅਬ ਬੇਗ ਪਿਖੋਰਘੁਨੰਦਨ ਕੋ ਹਨੁਮਾਨ ਸੁ ਰਾਘਵ ਆਇਸ ਪਾਏ। ਹਨੂਮਾਨ ਤਥਾ ਅਭਿ ਬੰਦਨ ਕੈ ਸੁ ਰਘੂਤਮ ਪੇਖਨ ਕੋ ਪੁਨ ਆਏ। ਜਨਕਾ ਤਨਜਾ ਮੁਖ ਵਾਕ ਕਹੇ ਵਹਿ ਰਾਮ ਸਮੀਪ ਸੁ ਆਨ ਸੁਨਾਏ॥ ੪੨॥ ਜਾਹਿ ਨਮਿੱਤ ਸੁ ਸੇਤ ਰਚੇ ਜਲਸਾਗਰ ਬਾਨਰ ਸੈਨ ਮਿਲਾਈ। ਜਾਹਿ ਨਮਿੱਤ ਹਨੇ ਦਸਕੰਧਰ ਰਾਵਣਕੀ ਸਭ ਸੈਨ ਖਪਾਈ। ਸੋ ਸੀਯਹੈ ਅਬ ਲੌ ਦੁਖ ਸੌਂ ਪੁਨਿ ਸ਼ੋਕ ਕਿ ਪਾਵਕ ਮਾਂਹਿ ਤਪਾਈ। ਮੈਂ ਮਨਮੈਂ ਅਬ ਆਵਤ ਹੈ ਅਬ ਬੇਗ ਪਿਖੋ ਸਿਯ ਕੋ ਰਘੁਰਾਈ॥ ੪੩॥ ਯੌਂ ਸੁਨਕੈ ਹਨੁਮਾਨ ਮਤੋ ਰਘੁਨਾਇਕ ਵੈ ਮਤਿ ਮਾਨ ਹਮਾਰੇ। ਮਾਯਕ ਸੀਯ ਸੁ ਡਾਰ ਦਿਜੇ ਮਮ ਸੀਯ ਅਹੇ ਅਹਿ ਆਗ ਮਝਾਰੇ। ਤਾਂਹਿ ਲਿਜੇ ਇਮ ਧਾਰ ਮਨੇ ਰਘੁਨਾਥ ਵਿਭੀਖਣ ਵਾਕ ਉਚਾਰੇ। ਜਾਹਿ ਵਿਭੀਖਣ ਬੇਗ ਅਬੈ ਜਨਕਾ ਤਨਜਾ ਢਿਗ ਲਜਾਉ ਹਮਾਰੇ॥ ੪੪॥ ਸੁਭ ਨੀਰ ਨ੍ਹਵਾਇ ਪਟੰਬਰ ਲਾਇ ਸੁ ਭੂਖਨ ਪਾਇ ਸਭੈ ਤਨ ਮਾਂਹੀ। ਸੁਨਕੈ ਇਹ ਵਾਕ ਵਿਭੀਖਨ ਸੋ ਸਹ ਪੌਨ ਕੁਮਾਰ ਗਯੋ ਪੁਰ ਮਾਂਹੀਂ। ਅਤਿ ਬ੍ਰਿੱਧ ਸੁ ਰਾਖਸੀਯਾਂ ਸੀਯ ਕੋ ਸੁ ਨ੍ਹਵਾਇ ਤਬੈ ਬਿਗਸੀ ਮਨਮਾਂਹੀ। ਪਟ ਭੂਖਨ ਪਾਇ ਚਢੀ ਸਿਵਕਾ ਜਨ ਚੰਦ ਕਲਾ ਪਿਖੀਯੇ ਨਭ ਮਾਂਹੀ॥ ੪੫॥ ਯਸਟੀ ਜਨ ਹਾਥ ਬਿਰਾਜਤ ਹੈ ਸਿਰ ਪਾਗ ਸੁ ਕੁੰਚਕ ਹੈ ਤਨ ਲਾਏ। ਸਿਵਕਾ ਢਿਗ ਆਵਤ ਚਾਰ ਦਿਸਾ ਵਹੁ ਰਾਵਣ ਕੇ ਚੁਪਦਾਰ ਸੁਹਾਏ। ਢਿਗ ਸੀਯ ਗਏ ਕਪਿ ਪੇਖਨ ਕੋ ਤਿਨ

ਮਾਰ ਛਟੀ ਅਬ ਦੂਰਹਟਾਏ। ਮੁਖ ਮਾਂਹਿ ਕੁਲਾਹਲ ਕੀਸ਼ ਕਰੇਂ ਗਿਰਜਾ ਫਿਰ ਰਾਘਵ ਕੀ ਢਿਗ ਜਾਏ॥੪੬॥ ਕਬਿਤ ॥ ਦੂਰ ਤੇ ਨਿਹਾਰੀ ਸੀਯ ਪਾਲਕੀ ਮਝਾਰੀ ਪੁਨ ਰਾਮ ਸੁਖ ਕਾਰੀ ਸੁ ਵਿਭੀਖਣ ਉਚਾਰ ਹੈ। ਤੇਰੇ ਯਹ ਚੋਪਦਾਰ ਮੇਰੋ ਅਪਕਾਰ ਕਰੇਂ ਕਾਹੇ ਕੋ ਵਿਭੀਖਣ ਕਪੀਸਨ ਕੋ ਮਾਰ ਹੈ। ਮਾਤ ਕੇ ਸਮਾਨ ਯਹਿ ਬਡੇ ਬਲਵਾਨ ਪੁਨ ਜਾਇਕੈ ਸਮੀਪ ਕਪਿ ਜਾਨਕੀ ਨਿਹਾਰ ਹੈ। ਪਾਲਕੀ ਬਗਾਇ ਪੁਨ ਪਾਇਨ ਸੋ ਆਇ ਸੀਯ ਮੇਰੀ ਢਿਗ ਬੇਗ ਰਾਮ ਐਸੇਹੀ ਉਦਾਰ ਹੈ ॥੪੭॥ ਸਵੈਯਾ ॥ ਸੁਨਿ ਰਾਮ ਕੇ ਵਾਕ ਤਜੀ ਸਿਵਕਾ ਪੁਨ ਪਾਇਨ ਸੋ ਹਰਿਏ ਚਲ ਆਈ। ਵਹਿ ਰਾਮ ਸਮੀਪ ਸੁ ਆਇ ਖਰੀ ਪਿਖ ਰਾਘਵ ਯੋਂ ਮਨ ਮਾਂਹਿ ਠਰਾਈ। ਯਹ ਕਾਰਯ ਕੇ ਹਿਤ ਮੋਹਿ ਰਚੀ ਅਬ ਮਾਇਕ ਸੀਯ ਸੁ ਦੇਉਂ ਤਜਾਈ॥ ਪਿਖ ਰੋਖ ਭਯੋ ਰਘੁਨੰਦਨ ਤਾਂ ਪੁਨ ਵਾਕ ਅਨੇਕ ਅਵਾਚ ਅਲਾਈ ॥ ੪੮ ॥ ਵਹਿ ਸੀਯ ਸੁ ਨਾਹਿ ਸਹਾਰ ਸਕੀ ਲਖ ਮੰਨ ਬੁਲਾਇ ਸੁ ਏਹ ਉਚਾਰੀ। ਇਕ ਕਾਸ਼੍ਟ ਕੋ ਰਚ ਪੁੰਜ ਕਰੋ ਪੁਨ ਪਾਵਕ ਲਾਇ ਸੁ ਤਾਂਹਿ ਮਝਾਰੀ । ਅਬ ਲੋਕ ਸਬੈ ਨਿਜ ਨੈਨ ਪਿਖੇਂ ਵਿਸਵਾਸ ਕਰੇਂ ਰਘੁਨਾਥ ਮੁਰਾਰੀ। ਲਖਮੰਨ ਖੜੇ ਪੁਨ ਊਠ ਤਬੈ ਰਘੁਨਾਇਕ ਕੀ ਮਤ ਏਕ ਵਿਚਾਰੀ ॥ ੪੯ ॥ ਲਖਮੰਨ ਸੁ ਕਾਸ਼ਟ ਪੁੰਜ ਕੀਓ ਪੁਨ ਪਾਵਕ ਤਾਂਹਿ ਲਗਾਇ ਦਈ। ਪੁਨ ਰਾਮ ਸਮੀਪ ਸੁ ਆਇ ਖੜੋ ਲਖਮੰਨ ਤਬੈ ਮੁਖਿ ਮੋਨ.ਲਈ। ਪੁਨ ਜਾਨਕੀ ਆਪ

ਗਈ ਢਿਗ ਪਾਵਕ ਜਾਇ ਪ੍ਰਦੱਛਨ ਤਾਹਿ ਦਈ। ਸਹਿ ਨਾ
ਰਿਨ ਦੇਵ ਅਦੇਵ ਪਿਖੇ ਮੁਖਭਾਖਤ ਹੋਵਤ ਬਾਤ ਨਈ ॥੫੦
॥ ਦੇਵਨ ਕੋ ਅਭਿਬੰਦਨ ਦੈ ਪੁਨ ਬਿੱਪ੍ਰਨ ਕੋ ਅਭਿ ਬੰਦਨ
ਧਾਰੀ। ਪਾਵਕ ਕੇ ਢਿਗ ਜਾਇ ਤਬੈ ਕਰ ਜੋਰ ਦੋਊ ਇਮ
ਸੀਯ ਉਚਾਰੀ। ਜੋ ਮਮ ਚੀਤ ਨ ਔਰ ਭਜੇ ਰਘੁਨੰਦਨ ਛੋਡ
ਸੁ ਰਾਮ ਮੁਰਾਰੀ। ਤੌ ਅਗਨੀ ਸਭ ਲੋਕਨ ਕੀ ਯਹ ਸਾਖਕ
ਰੱਛਕ ਹੋਇ ਹਮਾਰੀ ॥ ੫੧ ॥ ਇਹ ਭਾਂਤ ਉਚਾਰ ਪ੍ਰਦੱਖਣ
ਧਾਰਿ ਸੁ ਸੀਯ ਧਸੀ ਤਹ ਪਾਵਕ ਮਾਂਹੀ । ਅਤਿ ਦੀਪਤ
ਪਾਵਕ ਨਾਹਿ ਡਰੇ ਵਹੁ ਸੁੱਧਉਮਾ ਸੁ ਸਦਾ ਜਗ ਮਾਂਹੀ।ਪਿਖ
ਦੇਵ ਅਦੇਵ ਸਭੈ ਡਰਪੇ ਸੁ ਭਯੋ ਦੁਖ ਸਿੰਧਨ ਕੇ ਮਨਮਾਹੀ
। ਪਿਖ ਸੀਯਬਰੀ ਤਹਿੰ ਪਾਵਕ ਮੇਂ ਸਭ ਬੋਲ ਉਠੇ ਤਬ ਆਪ
ਸਮਾਂਹੀ ॥ ੫੨ ॥ ਦੋਹਰਾ ॥ ਜਾਂ ਸੀਤਾ ਹਿਤ ਸੈਨਲੈ ਔਰ
ਕਰੇ ਸੰਗ੍ਰਾਮ। ਅਹੋ ਪਧਾਰੀ ਜਾਨਕੀ ਕਿਹ ਬਿਧਿ ਤਜੀ ਸੁ
ਰਾਮ ॥ ੫੩ ॥ ਇਤਿ ਸ੍ਰੀ ਮਤਿ ਅਧਯਾਤਮ ਰਾਮਾਇਣੇ ਉਮਾ
ਮਹੇਸ਼ੁਰ ਸੰਬਾਦੇ ਯੁੱਧ ਕਾਂਡੇ ਦੁਆਦਸ਼ਮੋ ਧਯਾਇ ॥ ੧੨ ॥

ਸ੍ਰੀ ਮਹਾ ਦੇਵ ਉਵਾਚੁ ॥ ਸਵੈਯਾ ॥

ਇੰਦ੍ਰ ਔਰ ਉਪਿੰਦਰ ਔ ਬ੍ਰਿਖ ਬਾਹਨ ਪਾਸ ਕੁਬੇਰ ਸੁ ਆਏ
। ਵੈ ਕਮਲਾਸਨ ਆਇ ਕਹਾਂ ਮੁਨਿ ਚਾਰਣ ਸਿੱਧ ਸੁ ਸੰਗ
ਸੁਹਾਏ। ਪਿਤਰ ਰਖੀਸ਼ੁਰ ਗੰਧ੍ਰਬ ਔ ਸੁ ਅਪੱਛਰਨ ਕੇ ਗਨ
ਕੌਣ ਗਿਨਾਏ।ਔਰ ਸਭੈ ਸੁਰ ਬੈਠ ਬਿਬਾਨਹਿੰ ਰਾਮ ਜਹਾਂ ਸੁ
ਤਹਾਂ ਚਲਿਆਏ ॥੧॥ ਦੋਹਰਾ॥ ਪਰਮਾਨੰਦ ਸੁ ਰਾਮਜੀ

ਕਰੇਂ ਬਡਾਈ ਤਾਂਹਿ । ਸੁਰ ਸਮੂਹ ਕਰ ਜੋਰਕੈ ਨਿਮ੍ਰ ਭਾਵ ਮਨ ਮਾਂਹਿ ॥ ੨ ॥ ਕਰਤਾ ਤੂੰ ਸਭ ਲੋਕ ਕਾ ਸਾਖੀ ਗਜਾਨ ਸਰੂਪ । ਵਸਨ ਮਾਂਹਿ ਪੁਨਿ ਅਸ੍ਰਮੋ ਭਾਖਜੇ ਤੇਰੋ ਰੂਪ ॥੩॥ ਰੁੱਦ੍ਰਨ ਮੈ ਸੰਕਰ ਤੁਹੀਂ ਭਾਖਜੇ ਬੇਦਨ ਮਾਂਹਿ । ਕਰਤਾ ਆਦਿ ਸਲੋਕ ਕਾ ਤੂੰ ਚਤੁਰਾਨਨ ਆਹਿ ॥ ੪॥ ਕਬਿੱਤ ॥ ਅਸੂਨੀ ਕੁਮਾਰ ਤੇਰੇ ਨਾਕ ਹੈਂ ਉਦਾਰ ਪ੍ਰਭੁ ਚੰਦ੍ਰਮਾ ਦਿਨੇਸ਼ ਤੇਰੇ ਨੈਨ ਜਗ ਜਾਨੀਯੇ । ਲੋਕਨ ਕੀ ਆਦਿ ਪੁਨ ਅੰਤ ਮਾਂਹਿ ਤੁਹੀ ਏਕ ਤੇਰੋਹੀ ਸਰੂਪ ਨਿਤ ਉਦਿਤ ਪਛਾਨੀਯੇ । ਸਦਾ ਅਤਿ ਸੁੱਧ ਬੁੱਧਿ ਮੂਰਖ ਨ ਪਾਇ ਸੁੱਧ ਮੁਕਤਿ ਸਰੂਪ ਤੇਰੋ ਬੇਦ ਕੈ ਬਖਾਨੀਯੇ । ਮਾਯਾ ਤੇ ਭੁਲਾਨੇ ਵਹਿ ਮਾਨੁਖ ਪਛਾਨੇ ਤੋਹਿ ਵਹੀ ਜਗ ਮਾਂਹਿ ਜਨ ਮੂਰਖ ਸੁ ਠਾਨੀਯੇ ॥ ੫ ॥ ਅੜਿੱਲ । ਤੇਰੋ ਰਾਮ ਸੁ ਤੇ ਜਨ ਜਗਤ ਬਿਤਾਰਈ। ਚੇਤਨ ਰਾਮ ਸਰੂਪ ਸੁ ਤੋਹਿ ਨਿਹਾਰਈ । ਰਾਵਨ ਹਰੇ ਸੁਥਾਨ ਸੁ ਤੇ ਜਹਿ ਮਾਰਿਆ । ਹੋ ਦੁਸ੍ਰ ਵਹੀ ਅਭਿਮਾਨੀ ਤੈ ਜਨ ਮਾਰਿਆ ॥੬॥ ਪਾਏ ਪਦ ਹਮ ਬਹੁਰ ਪ੍ਰਸਾਦਿ ਤੁਮਾਰਿਆ । ਯਾ ਬਿਧਿ ਦੇਵਨ ਵਾਕ ਸੁ ਜਬੈ ਉਚਾਰਿਆ । ਕਰਅਭਿਬੰਦਨਆਪਪਿਤਾਮਹਿਆਇਯੋ । ਹੋ ਰਾਮਧਰਮ ਪਥਮਾਹ ਸੁ ਬ੍ਰਹਮਅਲਾਇਯੋ ॥੭॥ ਬ੍ਰਹਮੋਵਾਚ ਸ਼ੰਕਰਛੰਃ।ਦੇਵਤੇਕੋਬੰਧਨਾਤੂੰਬਿਸ਼੍ਜਗਤਉਧਾਰ। ਧਜਾਇਤੋਕੋ ਗਜਾਨੀਆਂਧਰਪ੍ਰੀਤਚੀਤਮਝਾਰ। ਹੇਯਔਰਅਹੇਯਦ੍ਵੰਦਭਿਹੀ ਨਤੂੰਹੈਏਕ। ਸੱਤਰੂਪਸਰਬਰਿਦੰਤਰੇਘਨਗਜਾਨਤੇਰੀਟੇਕ ॥ ੮॥ਪ੍ਰਾਣਔਰਅਪਾਨਨਿਸ਼ਚੇਬੁੱਧਿਕੈਰਿਦਧਾਰ। ਕਾਟਸ਼ੰਸ਼ੇਬ੍ਰ

ਧਨਾਜਗਬਿਖੇਦੂਰਿਨਿਵਾਰ। ਯਤੀ ਪੇਖੇ ਜਾਂਹਿ ਕੋ ਨਿਜ ਮੋਹਿਕੋ ਕਰਨਾਸ। ਰਾਮ ਰਤਨ ਕਿਰੀਟਕੋ ਮਮਬੰਦਨਾ ਰਵਿਭਾਸ ॥੯ ॥ ਜਗਦਾਦਿ ਮਾਧਵ ਮਾਇ ਤੇ ਅਤੀਤ ਜੋ ਪੁਨ ਆਹਿ। ਪੁਨਿ ਬੰਦ ਮੋਹਿ ਬਿਨਾਸ਼ਕੋ ਪੁਨ ਮਾਨੁਜਾ ਕੋ ਨਾਹਿ। ਯੋਗੀ ਭਜੇ ਹਰਿ ਯੋਗ ਭਾਖੇ ਆਹਿ ਪੂਰਣ ਧਾਮ। ਲੋਕ ਰੀਝਿਤ ਰੂਪ ਜਾਂ ਤਿਹ ਰਾਮਕੋ ਪਰਣਾਮ ॥ ੧੦ ॥ ਭਾਵ ਔਰ ਅਭਾਵ ਪਰਤੈ ਹੀਨ ਲੈ ਸਿਵ ਆਦਾਭੋਗ ਸਰਬ ਸੁ ਤਿਆਗਕੈ ਉਰ ਭਜੇ ਜਾਂਕੇ ਪਾਦ। ਨਿੱਤ ਸੁੱਧਿ ਸਬੁੱਧਿ ਔਰ ਅਨੰਤ ਪਰਣਵ ਰੂਪ। ਵੀਰ ਰਾਮ ਸੁ ਬੰਦਨਾ ਬਨ ਦੈਂਤ ਦਾਵਾ ਰੂਪ ॥ ੧੧ ॥ ਤੂ ਨਾਥ ਮੇਰੋ ਰਾਮਜੀ ਸਭ ਕਰੇਂ ਕਾਜ ਹਮਾਰ। ਮਾਨਤੇ ਅ ਤੀਤ ਮਾਧਵ ਰੂਪ ਨਿਖਲ ਅਧਾਰ। ਭਗਤ ਗੰਮ ਸਰੂਪ ਭਾਵਤ ਰੂਪ ਤੂੰ ਭਵ ਹਾਰ। ਕਰਜੋਰ ਸੇਵੋ ਤੋਹਿ ਕੋ ਤਨ ਚੀਤ ਕੋ ਸਹਿਚਾਰ॥ ੧੨ ॥ ਤੂ ਆਦਿ ਅੰਤ ਸੁ ਲੋਪ ਪਤਿਕੋ ਪਰਮ ਈਸ਼ਰ ਆਹਿ। ਲੋਕ ਮਾਨਸ ਲੋਕ ਕੋ ਅਧਗੰਮ ਤੂ ਜਗ ਨਾਹਿ। ਭਗਤਿ ਸ਼ਰਧਾਭਾਵ ਕੈ ਭਜਨੀਯ ਤੇਰੋ ਰੂਪ। ਰਾਮ ਸੁੰਦਰ ਬੰਦਨਾ ਵਰ ਨੀਲ ਕਮਲ ਸਰੂਪ।੧੩॥ ਅਤਿ ਮਾਨ ਤੂ ਗਤਿਮਾਨ ਹੈਂ ਕੋ ਸਕਹਿ ਤੋਹਿ ਪਛਾਨ। ਪੁਨ।ਮਾਨ ਮਾਧਵ ਸ਼ਕਤ ਤੂੰ ਮੁਨ ਕਰਤ ਤੇਰੋ ਮਾਨ। ਬ੍ਰਿੰਦਾ ਬਨੇ ਬ੍ਰਿੰਦਾਰਕਾ ਮੁਨਿ ਕਰੇਂ ਪਦ ਪਰਨਾਮ। ਸੇਵਾਦਿ ਬੰਦਨ ਤੇ ਕਰੇ ਸੁਖ ਕੰਦ ਬੰਦੋ ਰਾਮ॥ ੧੪। ਸ਼ਾਸਤ੍ਰ ਬੇਦਕ ਬੰਦਨਾਨਾ ਕਰੇ ਤੇ ਪ੍ਰਾਪਤਿ ਪਾਵ। ਨਿਰ ਬਿਖੇ ਗਜਾਨ ਅਨੰਦ ਤੂੰ ਨਿਤਰਾਮ ਆਹਿ

ਅਨਾਦਿ। ਮਮ ਸੇਵਨੇ ਕੇ ਕਾਜ ਮਾਨੁਖ ਭਾਵ ਲੀਨੋਂ ਧਾਰ।
ਮਧੁਰੇਸ ਮਰ ਕਰ ਵਰਣ ਰਘੁਵਰ ਬੰਦਨਾ ਸੁ ਹਮਾਰ ॥੧੫॥
ਸੁਧਾ ਯੁਕਤ ਬ੍ਰਹਮ ਸਤੋਤਰੋ ਜੋ ਪਢੇ ਗੇ ਮਨੁ ਲਾਇ। ਭੁਵਿ
ਮਾਹਿ ਮਾਂਨਵ ਬ੍ਰਹਮ ਕੋਵਹੁ ਗਜਾਨ ਨੀਕੇ ਪਾਇ। ਰਾਮ ਸਾਮ
ਸੁ ਕਾਮ ਸਭਕੋ ਵੈ ਨਿਹਾਰੇ ਆਹਿ। ਧਜਾਯ ਧਜਾਤਾ ਤਾਂਹਿ ਜੋ
ਸਭ ਤਾਪ ਤਾਂ ਮਿਟ ਜਾਹਿ ॥ ੧੬ ॥ ਦੋਹਰਾ ॥ ਯਾ ਬਿਧ
ਉਸ੍ਤੁਤ ਲੋਕ ਗੁਰ ਕਰੀ ਜੁ ਸੋ ਮਨ ਲਾਇ। ਵਿਦੇਹ ਸੁਤਾ ਕੋ
ਗੋਦ ਲਯ ਨਿਕਸੇ ਪਾਵਕ ਆਇ ॥ ੧੭ ॥ ਵਿਮਲ ਅਰਣ
ਦੁਤਿ ਭ੍ਰਾਜਈ ਰਕਤ ਪਟੰਬਰ ਧਾਰ। ਦਿੱਬ ਬਿਭੂਖਣ ਸੀਯ
ਹੈ ਜਾਂਕੀ ਪ੍ਰਭਾ ਅਪਾਰ ॥ ੧੮ ॥ ਜਗ ਸਾਖੀ ਵਹ ਪਾਵਕੋ
ਰਘੁਵਰ ਕਰਤ ਬਖਾਨ। ਬਨਮੈ ਅਰਪੀ ਮੋ ਬਿਨੈ ਸੋ ਸ੍ਰੀਰਾਮ
ਗ੍ਰਹਾਨ ॥ ੧੯ ॥ ਸਵੈਯਾ ॥ ਦਸਾਨਨ ਕੇ ਬਧ ਕਾਜ ਰਚੀ
ਵਹ ਮਾਇਕ ਸੀਯ ਸੁਤੇ ਹਰਿ ਰਾਮਾ। ਪ੍ਰਭ ਸੋ ਦਸਕੰਠ ਹਨੇ
ਰਣ ਮੈਂ ਸੁਤ ਬਾਂਧਵ ਨਾਰਿ ਰਹੇ ਤਹਿ ਧਾਮਾਂ। ਭੁਵ ਭਾਰ
ਉਤਾਰ ਦਯੋ ਸਗਰੋ ਕਛੁ ਰੈਚਿਕ ਨਾਹਿ ਰਹਯੋ ਅਬਕਾਮਾ।
ਕ੍ਰਿਤ ਕਾਰਯ ਹੋਇ ਦੁਰੀ ਅਗਨੀ ਪ੍ਰਤਬਿੰਬ ਸੀਯਾ ਵਹ ਰਾ
ਘਵ ਬਾਮਾ ॥੨੦॥ ਤਬ ਪਾਵਕ ਪੂਜ ਸੁ ਸੀਯਗਹੀ ਰਘੁਨਾਥ
ਉਮਾ ਮਨਮੈ ਹਰਖਾਏ। ਅਨੁਪਾਇਨ ਅੰਕਨ ਵੇਸ ਧਰੀ ਪੁਨ
ਤੀਨਹੁ ਲੋਕ ਜਿਨੇ ਸੁਤ ਜਾਏ। ਪਿਖ ਰਾਮ ਸੀਯਾ ਇਕ ਆਸਨ
ਮੋ ਦਮਕੈ ਸੁਰ ਨਾਇਕ ਤਾ ਖਿਣ ਆਏ। ਸੁ ਗਦਾ ਗਦ
ਵਾਕ ਸੁਰੇਸ਼ੁਰਕੀ ਕਰ ਜੋਰ ਦੋਊ ਹਰਿਕੋ ਜਸ ਗਾਏ ॥੨੧

। ਇੰਦ੍ਰਉਵਾਚ ॥ ਭੁਜੰਗ ਪ੍ਰਯਾਤ ਛੰਦ ॥ ਭਜੇਹੰ ਸਦਾ ਨੀਲ
ਕੰਜੰ ਸੁਰਾਮੰ। ਭਵਾਰੰਨ ਦਾਵਾਨਲੰ ਜਾਹਿ ਨਾਮੰ। ਭਵਾਨੀਰਿ
ਦਾ ਭਾਵੜਾ ਨੰਦ ਰੂਪੰ। ਭਵਾਭਾਵ ਹੇਤੂ ਭਜੇ ਸੰਭਰੂਪੰ ॥੨੨॥
ਸੁਰਾਨੀਕ ਦੁਖੌਘ ਜਾਂਨੇਖਪਾਏ ॥ ਨਿਰਾਕਾਰ ਦੇਹੰ ਨਿਰਾਕਾਰ
ਗਾਏ। ਪਰੇਸੰ ਪਰਾਨੰਦ ਪੂਰੰ ਵਰਿਸ੍ਰੰ। ਭਜੇ ਭਾਰ ਨਾਸੰ ਪ੍ਰਭੰ
ਰਾਮ ਇਸ਼ਟੰ ॥ ੨੩ ॥ ਪ੍ਰਪੰਨਾ ਖਿਲਾਨੰਦ ਤਾਤੰ ਸੁਰਾਮੰ।
ਪ੍ਰਪੰਨਾਰਿ ਤਿਹਕੀ ਕਹੇ ਤੋਹ ਨਾਮੰ।ਤਪੋ ਯੋਗ ਯੋਗੀਸ਼ ਸੇਵੇ
ਸੁਨੀਤੰ। ਕਪੀਸ਼ਾਦਿ ਮੀਤੰ ਭਜੋ ਰਾਮ ਸੀਤੰ ॥ ੨੪ ॥ ਸਦਾ
ਭੋਗ ਭਾਸੂ ਸੁ ਦੂਰੇ ਪ੍ਰਕਾਸ਼ੰ। ਸਦਾ ਯੋਗ ਭਾਜਾ ਸਮੀਪੇ ਵਿਭਾ
ਸ਼ੰ। ਚਿਦਾਨੰਦਕੰਦੰ ਸਦਾ ਰਾਘਵੇਸ਼ੰ। ਵਿਦੇਹਾਤਮਜਾਰੰਦਰੂਪੰ
ਭਜੇਸ਼ੰ ॥ ੨੫ ॥ ਮਹਾ ਯੋਗ ਮਾਯਾ ਸਦਾ ਈਸ਼ ਧਾਰੇ। ਨਰਾ
ਕਾਰ ਲੀਲਾ ਤਦਾ ਤੂੰ ਦਿਖਾਰੇ। ਤਵਾਨੰਦ ਲੀਲਾ ਕਥਾ ਪੂਰਣ
ਕਾਮਾ। ਭਵੰਤੀਹ ਲੋਕੇ ਸਦਾਨੰਦ ਧਾਮਾ ॥ ੨੬ ॥ ਅਹੰਮਾਨ
ਰੂਪਾ ਸੁਰਾ ਪੀਵ ਮਾਤੇ। ਨਵੇਦਾ ਖਿਲੇਸ਼ੰ ਅਹੰ ਭੋਗ ਰਾਤੇ।
ਕ੍ਰਿਪਾਪਾਦ ਤੋਰੇ ਕਰੀ ਮੇਵ ਰਿਸ਼੍ਰਾ। ਤਿਹੂ ਲੋਕ ਰਾਜਾ ਭਯੋ
ਮਾਨ ਨਿਸ਼ਟਾ ॥ ੨੭ ॥ ਲਸੇਹਾਰ ਕੇਯੂਰਰਾਮਾ ਵਿਰੂਪੰ। ਪਰਾ
ਭਾਰ ਦੈਤੰ ਬਨੰ ਆਗ ਰੂਪੰ। ਲਖਤ ਪਦਮ ਨੇਤ੍ਰੰ ਮੁਖੰ ਚੰਦ
ਕਾਰੰ। ਭਜੇ ਰਾਘਵੇਸੰ ਦੁਰਾਪਾਰ ਪਾਰੰ ॥ ੨੮ ॥ ਸੁਰਾਧੀਸ਼
ਨੀਲਾਂਬ੍ਰ ਨੀਲਾਂਗਕਾਤੰ। ਵਿਰਾਧਾਤਿ ਦੈਤੰ ਬਧੇ ਲੋਕ ਸਾਤੰ
। ਕ੍ਰੀਟਾਦਿ ਸੋਭੰ ਭਜੇ ਸੰਭ ਈਸੰ। ਭਜੋ ਰਾਮਚੰਦ੍ਰੰ ਰਘੂਰਾਮ
ਧੀਸ਼ੰ ॥ ੨੯ ॥ ਮਨੋਚੰਦ੍ਰ ਕੋਟੰ ਲਸੇ ਪੀਠ ਮੋਹੈ। ਤਹਾਂ ਰਾਮ

ਸੀਤਾ ਭਲੀ ਭਾਂਤ ਸੋਹੈ। ਲਸੈ ਹੇਮ ਵਰਨਾ ਤੜਤ ਪੁੰਜ ਭਾਸ਼ੈ। ਭਜੋ ਰਾਮਚੰਦ੍ਰ ਸਦਾ ਆਰਤਿ ਨਾਸੈ ॥ ੩੦ ॥ ਸੂਤੋਵਾਚ॥ ਦੋਹਰਾ॥ ਯਾਬਿਧ ਸੁਰਪਤਿ ਭਾਖਿਯੋ ਰਘੁਪਤਿ ਰੂਪ ਬਸੇਸ। ਬਹੁਰ ਭਾਵਨੀ ਸਹਤ ਤਹ ਆਏ ਆਪ ਮਹੇਸ ॥ ੩੧ ॥ ਤੀਨ ਨੈਨ ਸੁਖ ਦੈਨ ਤਿਨ ਨਭ ਮੈਂ ਬੈਠ ਬਿਬਾਨ। ਰਾਮ ਕਮਲ ਦਲ ਨੈਨਕੋ ਕੀਨੋ ਏਹ ਬਖਾਨ॥੩੨॥ ਰਾਜਤਿਲਕ ਜਬ ਹੋਇਗੋ ਤੋਹਿ ਅਯੁਧਯਾ ਧਾਮ। ਤਬਮੈਂ ਆਵੋਂਗੋ ਤਹਾਂ ਦੇਖਨ ਤੋਕੋ ਰਾਮ ॥ ੩੩ ॥ ਅਬ ਯਾ ਤਨ ਕੇ ਪਿਤਾ ਕੋ ਦੇਖੋ ਰਾਮ ਮਹਾਨ। ਤਬ ਨਭਿ ਰਾਮ ਨਿਹਾਰਯੋ ਦਸਰਥ ਮਾਂਹਿ ਬਿਬਾਨ ॥ ੩੪ ॥ ਸਵੈਯਾ ॥ ਸਾਨੁਜ ਰਾਮ ਪ੍ਰਨਾਮ ਕਰੀ ਪਦ ਭੂਪਤਿ ਪ੍ਰੀਤਿ ਭਰੇ ਗਰ ਲਾਯੋ। ਰਾਘਵ ਕੋ ਸਿਰ ਚੂੰਮ ਤਬਹਿ ਨ੍ਰਿਪ ਆਨੰਦ ਸੋ ਯਹ ਵਾਕ ਅਲਾਯੋ। ਮੈਂ ਭਵਸਾਗਰ ਮਾਂਹਿ ਹੁਤੋ ਸੁਤਬੀਰ ਬਲੀ ਤਵ ਮੋਹ ਤਰਾਯੋ। ਰਾਮ ਸੁ ਪੂਜਨ ਤਾਂਹਿ ਕੀਯੋ ਇਮ ਭਾਖ ਅਲਿੰਗ ਸੁ ਭੂਪ ਸਿਧਾਯੋ ॥ ੩੫ ॥ ਦੋਹਰਾ ॥ ਦੇਵ ਰਾਜ ਪਿਖ ਜੋਰ ਕਰ ਭਾਖਯੋ ਬਹੁਰ ਸੁ ਰਾਮ। ਮੋਹਿ ਨਮਿੱਤ ਸੁ ਧਰ ਪਰੇ ਮਾਰੇ ਕਪਿ ਸੰਗ੍ਰਾਮ ॥ ੩੬ ॥ ਕਬਿਤ ॥ ਅੰਮ੍ਰਿਤ ਬ੍ਰਸਾਇ ਕਪਿ ਦੀਜੀਏ ਜਿਵਾਇ ਅਬ ਕੀਜੀਏ ਸੁਰੇਸ਼ ਰਾਜ ਆਇਸ ਹਮਾਰੀਆ। ਤਥੇ ਤਿਉਂ ਉਚਾਰਿ ਪੁਨ ਅੰਮ੍ਰਿਤਕੀ ਧਾਰਿਕੈ ਜਿਵਾਇ ਕਪਿ ਲਏ ਨਾਂਹਿ ਲਗੀ ਕਛੁ ਬਾਰੀਆ। ਜੇਈ ਰਣ ਮਾਰੇ ਤੇਈ ਸਰਬ ਜਿਵਾਰੇ ਤਿਨ ਸੋਏ ਜਨ ਉਠੇ ਕਪਿ ਭਏ ਹਰਖਾਰੀਆ

। ਐਸੇ ਹਰਖਾਇ ਪੁਨ ਰਾਮ ਢਿਗ ਆਇ ਕਪਿ ਪੂਰਬ ਸਮਾਨ ਭਏ ਬਡੇ ਬਲਧਾਰੀਆ॥ ੩੭ ॥ ਵਿਭੀਖਣ ਪ੍ਰਨਾਮ ਕੈ ਸੁ ਰਾਮ ਕੋ ਵਖਾਨ ਕੀਯੋ ਦੇਵ ਮਮ ਪ੍ਰੀਤ ਤਬ ਕਰਨਾ ਸੁਧਾਰੀਯੇ। ਮੰਗਲ ਸਨਾਨ ਭਗਵਾਨ ਸਹ ਸੀਯ ਕਰ ਭ੍ਰਾਤ ਕੇ ਸਮੇਤ ਸਭ ਭੂਖਨ ਸਵਾਰੀਯੇ। ਪ੍ਰਾਤ ਕੀਜਿਯੇ ਪਯਾਨ ਇਮ ਸੁਨ ਭਗਵਾਂਨ ਸੁ ਵਿਭੀਖਣ ਕੇ ਵਾਕ ਪਰ ਰਾਮ ਯੋ ਉਚਾਰੀਯੇ। ਭਗਤਿ ਉਦਾਰ ਮੇਰੇ ਭਗਤਿ ਕੁਮਾਰ ਭਾਈ ਰਹੇ ਨਿਜ ਦੇਸ ਪਥ ਮੇਰੋਹੀ ਨਿਹਾਰੀਯੇ॥ ੩੮॥ ਸੱਤ੍ਰਘਨ ਸਾਧਿ ਤਨ ਚੀਰ ਜਟ ਮਾਥਿ ਅਬਿ ਮੰਗਲ ਸਨਾਨਬਿਨੁਤਾਹਿ ਕੈਸੇ ਠਾਨੀਯੇਂ। ਸੁੱਗ੍ਰੀਵ ਸਿਰਦਾਰ ਕਪਿ ਯੂਥਪਿ ਉਦਾਰ ਅਬ ਯਾਹੀ ਕੋ ਵਿਭੀਖਨ ਸੁ ਕਰੋ ਸਨਮਾਨੀਯੇ। ਕਪਿ ਸਿਰਦਾਰ ਜਬ ਪੂਜਨ ਉਦਾਰ ਭਏ ਭਈ ਮਮ ਪੂਜਾ ਨ ਸੰਦੇਹ ਕਛੁ ਆਨੀਯੇ। ਰਾਮ ਯੌਂ ਬਖਾਨੀ ਸੁ ਵਿਭੀਖਨ ਪਛਾਨੀ ਗਤਿ ਹੇਮ ਔ ਪਟੰਬਰ ਸੁ ਰਤਨ ਮਹਾਂਨੀਯੇ॥ ੩੯॥ ਸਵੈਯਾ ॥ ਯਥਾ ਰੁਚਿ ਪੇਖ ਕਪੀਸਨਕੀ ਸੁ ਵਿਭੀਖਨ ਤਜੋਂ ਬਰਖਾ ਬਰਖਾਏ। ਇਕ ਧਾਰ ਪਟੰਬਰ ਬੂੰਦਤ ਹੈਂ ਇਕ ਮੋਲ ਮਣੀਂ ਧਰਕੀਸ਼ ਸੁਹਾਏ। ਇਹ ਭਾਂਤਿ ਪਿਖੇ ਕਪਿ ਪੁੰਜਨ ਕੋ ਰਘੁਨੰਦਨ ਤੋ ਗਿਰਜਾ ਹਰਖਾਏ। ਅਭਿ ਬੰਦਨ ਕੈ ਰਘੁਨੰਦਨ ਜੀ ਕਪਿ ਮੰਡਲ ਕੋ ਤਬਦੀਨ ਬਿਦਾਏ ॥ ੪੦ ॥ ਸੂਰਯ ਕੈ ਸਮ ਤੇਜ ਲਸੇ ਇਹਭਾਂਤਿ ਵਿਬਾਨ ਵਿਭੀਖਨ ਲਯਾਏ। ਰਾਮ ਚਰੇ ਤਿਨ ਊਪਰ ਜੋਵਹੁ ਪਾਰਬਤੀ ਸੁ ਵਿਮਾਂਨ ਸੁਹਾਏ। ਅੰਕਨ ਧਾਇ

ਸੁ ਸੀਯ ਲਈ ਜਸ ਪੁੰਜ ਬਡੀ ਉਰ ਮਾਂਹਿ ਲਜਾਏ। ਤ੍ਰਾਤ
ਚਢੇ ਲਖਮੰਨਿ ਤਬੈ ਕਰ ਮਾਹਿ ਸਰਾਸਨ ਤੀਰ ਫਿਰਾਏ ॥
੪੧ ॥ ਚਢਿ ਮਾਹਿ ਬਿਬਾਨ ਸੁ ਰਾਮ ਬਲੀ ਸਭ ਬਾਨਰ ਕੋ
ਇਹ ਬਾਤ ਉਚਾਰੀ। ਸੁੱਗ੍ਰੀਵ ਸੁ ਅੰਗਦ ਔਰ ਵਿਭੀਖਨ
ਜੇ ਕਪਿ ਔਰ ਬਡੇ ਸਿਰਦਾਰੀ।ਤੁਮਨੇ ਜਗ ਮੀਤਕ ਕਾਜ ਕਰੇ
ਰਣ ਬਾਨਰ ਸੈਨ ਮਿਲਾਇ ਅਪਾਰੀ। ਅਬ ਆਇਸੁ ਮੋਹਿ
ਦਈ ਸਭਕੋ ਤਹਿ ਜਾਹੁ ਜਹਾਂ ਰੁਚਿ ਹੋਇ ਤੁਮਾਰੀ ॥ ੪੨॥
ਦੋਹਰਾ ॥ ਸੁਗ੍ਰੀਵ ਸੁ ਸੈਨ ਮਿਲਾਇਕੈ ਤੂੰ ਕਿਸਕਿੰਧਾ ਜਾਹਿ
। ਭਗਤਿ ਵਿਭੀਖਣ ਰਾਜ ਤੁਮ ਕਰੋ ਲੰਕ ਕੇ ਮਾਂਹਿ ॥੪੩॥
ਇੰਦਰ ਲੌ ਸਭ ਦੇਵਤਾ ਤੋਹਿ ਨ ਪਰਖੈ ਕੋਇ। ਪਿਤ ਰਜ
ਧਾਨੀ ਜਾਉਂ ਮੈਂ ਅਜੁਧਯਾ ਨਗਰੀ ਸੋਇ ॥੪੪॥ ਕ਼ਿਕਰ ਛੰਦ
॥ ਇਹ ਭਾਂਤਿ ਰਾਮ ਉਚਾਰਿਯੋ ਪੁਨਿ ਕਹੇ ਕਪਿ ਸਿਰਦਾਰ
।ਕਰ ਜੋਰ ਬਹੁਰ ਵਿਭੀਖਣੇਂ ਪੁਨਿਏਹ ਕੀਨ ਉਚਾਰ।ਅਯੋਧਯਾ
ਕੋ ਜਾਹਿੰਗੇ ਹਮ ਸੰਗਿ ਤੇਰੇ ਰਾਮ । ਪਿਖਰਾਜ ਤਿਲਕ
ਸੁਭਾਲ ਤੇ ਕੌਸ਼ੱਲਯਾ ਪਰਿਣਾਮ ॥ ੪੫ ॥ ਫੇਰਿ ਆਇ ਸੁ
ਕਰੇਂਗੇ ਹਮ ਦੇਸ ਅਪਨੇ ਰਾਜੁ। ਸੰਗ ਚਾਲੇਂ ਰਾਮ ਜੀ ਹਮ
ਦੇਹਿ ਆਇਸੁ ਆਜੁ। ਤਬੈਤਿ ਰਾਮ ਬਖਾਨ ਕੈ ਪੁਨਿ ਭਾਖਿਯੋ
ਰਘੁਰਾਇ। ਸੁਗ੍ਰੀਵ ਔਰ ਵਿਭੀਖਣੇ ਹਨੂਮਾਂਨ ਕੋ ਸਮਝਾਇ
॥ ੪੬ ॥ ਦੋਹਰਾ ॥ ਸੈਨਾ ਸਹਿਤ ਸਭੈ ਚੜ੍ਹੇ ਪੁਸਪਕ ਯਾਹਿ
ਬਿਬਾਂਨ। ਚਢੇ ਕਪੇਸ਼ੁਰ ਸਹਿਤ ਬਲਿ ਵਿਭੀਖਣ ਸਹਿਤ
ਪ੍ਰਧਾਨ ॥ ੪੭ ॥ ਸਵੈਯਾ ॥ ਗਿਰਜਾ ਇਹ ਭਾਂਤਿ ਚਢੇ ਸਭ

ਹੀਂ ਸੁ ਕੁਬੇਰ ਕੇ ਆਸਨ ਮਾਂਹਿ ਸਮਾਇ। ਰਘੁਨਾਇਕ ਆ ਇਸੁ ਪਾਇ ਉਮਾ ਸੁ ਵਿਮਾਂਨ ਤਬੈ ਨਭਿਮਾਹਿਂ ਉਡਾਏ। ਸਹ ਹੰਸ ਵਿਮਾਨ ਲਸੇ ਨਭਿ ਮੈਂ ਜਨਮਾਹਿਂ ਅਕਾਸ ਦੁਤੀ ਰਵਿ ਆ ਏ। ਚਤੁਰਾਨਨਸੇ ਰਘੁਨਾਥ ਸੁਭੇ ਚਢ ਮਾਂਹਿ ਬਿਬਾਂਨ ਮਹਾਂ ਹਰਖਾਏ॥ ੪੯॥ ਅੜਿਲ॥ ਰਵਿਕੇ ਬਿੰਬ ਸਮਾਨ ਵਿਮਾਂਨ ਸੁ ਸੋਭਈ। ਤਪ ਕਰ ਲਹਯੋ ਕੁਬੇਰ ਚਿੱਤ ਪਿਖ ਲੋਭਈ। ਸਾਨੁਜ ਸੀਯ ਸਮੇਤ ਰਾਮ ਸੁਖਦਾਇਕੈ। ਹੋ ਅਤਸੇ ਸੁਭੇ ਬਿਮਾਂਨ ਤਾਹਿਕੋ ਪਾਇਕੈ॥੪੯॥ ਇਤਿ ਸ੍ਰੀ ਮਤਿ ਅਧਯਾਤਮ ਰਾਮਾਇਣੇ ਉਮਾਂ ਮਹੇਸ਼ੁਰ ਸੰਬਾਦੇ ਜੁੱਧਕਾਂਡੇ ਤ੍ਰਿਯੋਦਸ਼ੋ ਧਯਾਇ॥ ੧੩॥

॥ ਸ੍ਰੀ ਮਹਾਂਦੇਵ ਉਵਾਚ॥ ਸਵੈਯਾ॥

ਚਹੂੰ ਓਰ ਨਿਹਾਰ ਸੁ ਰਾਮ ਬਲੀ ਗਿਰਜਾ ਸੀਯ ਕੋ ਰਘੁਨਾਥ ਉਚਾਰੀ। ਤ੍ਰਿਸਿੰਗ ਧਰਾਧਰ ਸੀਸ ਬਿਖੈ ਯਹਿ ਲੰਕ ਪੁਰੀ ਸੀਯ ਲੇਹੁ ਨਿਹਾਰੀ। ਇਹ ਨੈਨਨਕੈ ਰਣਭੂਮਿ ਪਿਖੋ ਕਿਲ ਮਾਸ ਕੋ ਪੰਕ ਬਿਆਪਤ ਸਾਰੀ॥ ਇਹ ਠੌਰ ਭਯੋ ਕਪਿ ਰਾਖਸ ਕੋ ਮਿਥੁਲਾ ਦੁਹਿਤਾ ਅਤਿ ਸੰਘਰ ਭਾਰੀ॥ ੧॥ ਇਹ ਠੌਰ ਬਿਖੈ ਦਸਕੰਠ ਹਨੇਂ ਜੁ ਕਹਾਵਤ ਰਾਖਸ ਕੋ ਜਗਰਾਈ। ਮਘਵਾ ਜਿਤ ਯਾ ਧਰ ਮਾਹਿਂ ਹਨੇਂ ਜਿਨਕੇ ਹਿਤ ਰੋਵਤ ਲੰਕ ਸਬਾਈ। ਇਸ ਠੌਰ ਬਿਖੇ ਘਟਕਾਨ ਹਨੇਂ ਮਮ ਔਰ ਘਨੀ ਅਰਿ ਸੈਂਨ ਖਪਾਈ। ਇਹ ਸੇਤ ਰਚੇ ਜਲ ਸਾਗਰ ਮੈਂ ਕਪਿ ਕੀ ਧੁਜਨੀ ਜਿਹ ਮਾਂਹਿਂ ਲੰਘਾਈ॥੨॥ਇਹ ਤੀਰਥ ਸਾਗਰ

ਕੋ ਪਿਖੀਏ ਪੁਨਿ ਸੇਤ ਸੁਬੰਧਹਿੰ ਨਾਮ ਕਹਾਏ। ਇਹ ਤੀਰਥ ਸਾਗਰ ਤੀਰ ਭਯੋ ਪੁਨਿ ਪੂਜਤ ਤਾਂਹਿ ਤ੍ਰਿਲੋਕ ਸੁਹਾਏ। ਅਤਿ ਪਾਵਨ ਤੀਰਥ ਏ ਪਿਖੀਏ ਜਗ ਦੇਖਨ ਤੇ ਸਭ ਪਾਪ ਮਿਟਾਏ। ਇਹ ਠੌਰ ਰਮੇਸੁਰ ਦੇਵਮਹਾਂ ਅਵਨੀ ਦੁਹਿਤਾ ਮਮ ਸੰਭੁ ਪੁਜਾਏ ॥ ੩ ॥ ਇਹ ਠੌਰ ਵਿਭੀਖਣ ਸਾਗਰ ਕੇ ਤਟ ਸੰਗ ਪ੍ਰਧਾਨ ਮਿਲ੍ਯੋ ਮਮ ਆਨੀ। ਘਨਸੇ ਜਿਨਕੀ ਢਿਗ ਕਾਨਨ ਹੈ ਇਹ ਹੈ ਕਪਿ ਨਾਇਕ ਕੀ ਰਜਧਾਨੀ। ਤਹਿੰ ਆਇਸੁ ਰਾਮ ਪ੍ਰਧਾਨ ਬਡੀ ਪੁਨਿ ਅੰਗਦ ਮਾਤ ਮੁਖਾ ਕਪਿ ਰਾਨੀ। ਕਪਿ ਨਾਇਕ ਸਰਬ ਬੁਲਾਇ ਲਈ ਪਿਖ ਸੀਯ ਉਮਾ ਤਿਨਕੋ ਬਿਗਸਾਨੀ ॥ ੪ ॥ ਤਿਨ ਸੰਗਿ ਬਿਬਾਨ ਉਠੈ ਨਭਿਕੋ ਪੁਨਿ ਸੀਯ ਨਿਹਾਰਿ ਸੁ ਰਾਮ ਅਲਾਏ। ਰਿਖ ਮੂਕ ਪਹਾਰ ਸੁ ਏਹ ਪਿਖੋ ਇਹਂ ਅੰਗਦ ਕੇ ਪਿਤ ਮੈਂ ਰਨ ਘਾਏ। ਇਹ ਪੰਚਬਟੀ ਪਿਖੀਏ ਜਿਹਠਾਂ ਹਰ ਰਾਖਸ਼ ਮੋਹਿ ਅਨੇਕ ਖਪਾਏ। ਅਗਸ੍ਤ ਸੁਤੀਖਨ ਆਸ੍ਰਮ ਏ ਪਿਖੀਏ ਚਹੂੰ ਓਰ ਸੁ ਰੰਭ ਸੁਹਾਏ ॥ ੫ ॥ ਸ਼ੰਕਰ ਛੰਦ ॥ ਇਹ ਤਾਪਸੀ ਵਰ ਵਰਨਨੀ ਦ੍ਰਿਗ ਪੇਖੀਯੇ ਸੁਖਦਾਇ। ਇਹ ਚਿੱਤ੍ਰਕੂਟ ਨਗੋਤਮੋਂ ਬਹੁ ਭਾਂਤਿ ਰਹ੍ਯੋ ਸੁਹਾਇ। ਇਹ ਠੌਰ ਆਏ ਕੇਕਈ ਕੇ ਪੂਤ ਭਰਤ ਕੁਮਾਰ। ਪ੍ਰਸੰਨ ਕਰਨੇਂ ਮੋਹਿਕੋ ਵਹਿ ਆਹਿ ਭਗਤਿ ਉਦਾਰ ॥ ੬ ॥ ਭਾਰਦ੍ਵਾਜ ਆਸ੍ਰਮ ਪੇਖ ਸੀਤੇ ਏਹ ਯਮਨਾਂ ਤੀਰ। ਭਗੀਰਥੀ ਯਹ ਪੇਖੀਏ ਅਤਿ ਪਾਵਨੋਂ ਜਿਹ ਨੀਰ। ਸਰਯੂ ਨਦੀ ਯਹਿ ਪੇਖੀਯੇ ਤਟ ॅਗ ਯੂਥ ਅਪਾਰ। ਅਯੁਧਯਾ ਯਹ

ਪੇਖੀਯੇ ਅਤਿ ਬੰਦਨਾ ਤਿਹਿ ਧਾਰ ॥੭॥ ਰਿਖ ਭਾਰਦ੍ਵਾਜ ਸੁ ਆਸ਼੍ਰਮੇ ਇਹ ਭਾਂਤਿ ਆਏ ਰਾਮ। ਦਸਚਾਰ ਪੂਰਨ ਵਰਖ ਮੈਂ ਥਿਤ ਪੰਚਮੀ ਸੁਖਧਾਮ। ਪਿਖ ਭਾਰਦ੍ਵਾਜ ਮੁਨੀਸ਼ਕੇ ਸਹ ਭ੍ਰਾਤ ਬੰਦੇ ਪਾਇ। ਪੁਨਿ ਪੂਛਯੋ ਮੁਨਿ ਰਾਜਕੋ ਰਘੁਨਾਥ ਨਿੰਮਰ ਭਾਇ॥ ੮ ॥ ਸਹ ਭ੍ਰਾਤ ਭਰਤ ਸੁ ਕੁਸ਼ਲ ਹੈ ਤੁਮ ਸੁਨੇ ਮੁਨਿ ਬਿਖਯਾਤ। ਸੁਰਭਿੱਖ ਆਹਿ ਅਯੁਧਯਾ ਪੁਨਿ ਜੀਵਤੀ ਮਮ ਮਾਤ। ਸੁਨਿ ਰਾਮ ਵਾਕ ਪ੍ਰਸੰਨਿ ਮੁਨਿਵਰ ਏਹ ਕੀਨ ਬਖਾਨ। ਸਭ ਕੁਸ਼ਲ ਹੈ ਨਿਜ ਨਗਰ ਮੈਂ ਪੁਨਿ ਭਰਤ ਜੋ ਮਤਿਮਾਨ ॥੯॥ਫਲ ਮੂਲਿ ਕਰਤ ਅਹਾਰ ਔ ਤਨ ਜਟਾ ਬਲ ਕਲ ਆਹਿ। ਤਵ ਪਾਦਕਾ ਕੋ ਰਾਜ ਅਰਪਯੋ ਹੇਰਤੋ ਤਵ ਰਾਹਿ।ਜੋ ਕਰਮ ਤੈ ਬਨਦੰਡ ਕੇ ਪੁਨਿ ਕਰੇਹੈਂ ਰਘੁਰਾਇ। ਸੀਯਹਰਨ ਰਾਖਸ਼ ਮਾਰਿਯਾ ਪੁਨਿ ਲੰਕ ਮਾਰੀ ਜਾਇ॥੧੦॥ ਦੋਹਰਾ ॥ ਤਪਕਰ ਤੋਹਿ ਪ੍ਰਸਾਦਿ ਤੇ ਸੋ ਸਭ ਜਾਨਯੋ ਮੋਹਿ। ਤੂੰ ਪਾਰ ਬ੍ਰਹਮ ਸੁ ਪ੍ਰਗਟ ਜਗ ਆਦਿ ਅੰਤਿ ਨਹਿੰ ਤੋਹਿ ॥ ੧੧ ॥ ਸਵੈਯਾ ॥ ਤੁਮ ਪੂਰਬ ਨੀਰ ਰਚੇ ਜਗਮੈਂ ਜਨ ਕਾਰਣ ਤੂੰ ਤਿਨ ਮੈਂ ਸੁਪਤਾਯੋ। ਸੁ ਨਾਰਾਇਣ ਵਿਸੁ ਸਰੂਪ ਤੁਹੀ ਨਰ ਅੰਤਕ ਨਾਮ ਸੁ ਤੋਹਿ ਕਹਾਯੋ । ਸਭਿ ਲੋਕਨ ਕੋ ਕਰਤਾ ਚਤੁਰਾਨਨ ਨਾਭਿ ਸੁ ਵਾਰਜ ਤੇ ਉਪਜਾਯੋ।ਇਹ ਤੇ ਸਭਬੰਦਨ ਤੋਹਿ ਕਰੇਂ ਪ੍ਰਭਿ ਤੂੰ ਜਗ ਅੰਦਰ ਈਸ਼ ਸਬਾਯੋ ॥ ੧੨ ॥ ਗੀਯਾ ਮਾਲਤੀ ਛੰਦ॥ਤੂੰ ਬਿਸ਼ਨ ਜਨਕ ਕੁਮਾਰਿਯਾ ਯਹਿ ਲੱਖਮੀ ਪਹਿਚਾਨੀਯੋ।ਲਖਮੰਨਿ ਜਗਤ ਅਧਾਰੁ ਰਘੁਵਰੁ

ਸ਼ੇਸ਼ ਨਾਮ ਬਖਾਨੀਯੇ। ਤੈ ਆਪ ਅਪਨੀਂ ਮਾਯਾ ਕਰ ਜਗਤ
ਨਿਖਲ ਬਨਾਇਓ। ਚਿਤ ਸ਼ਕਤਿ ਸਾਖੀ ਸਰਬਕਾ ਨਭਿ
ਨਾਹਿੰ ਜਿਵੇਂ ਲਿਪਾਇਓ॥ ੧੩॥ ਬਹਿਰੰਤ ਭੂਤ ਸੁ ਸਰਬ
ਕੇ ਰਘੁਨੰਦ ਪੂਰਨ ਹੈਂ ਤੁਹੀਂ। ਮੂਢ ਦ੍ਰਿਸ਼ਟ ਵਭਿੰਨ ਤੋਕੋ
ਪਿਖੇ ਜਾਨਹਿ ਤੇ ਨਹੀ। ਤੂੰ ਨਿਖਲਿ ਜਗਤ ਅਧਾਰ ਗਾਯੋ
ਤੁਹੀ ਜਗ ਪਰ ਪਾਲ ਹੈਂ। ਤੂੰ ਨਿਖਲ ਲੋਕਨ ਭੋਗਤਾ ਪੁਨਿ
ਭੋਗ ਤੁਹੀ ਬਿਸਾਲ ਹੈਂ॥੧੪॥ ਜੋ ਕਾਂਨਿ ਸੁਨੀਏ ਸਿਮਰੀਏ
ਪੁਨਿ ਨੈਨ ਕਰ ਜੋ ਦੇਖੀਯੇ। ਤੁਮੇਵ ਸਰਬ ਜੁ ਰਾਮਜੀ ਬਿਨੁ
ਤੋਹਿ ਨਾਂ ਕਛੁ ਲੇਖੀਯੇ। ਅਹਿਮਾਦਿ ਗੁਣ ਕਰ ਮਾਇਆ ਤੈ
ਜਗਤ ਨਿਖਲ ਬਨਾਇਓ। ਤਵ ਸ਼ਕਤ ਪ੍ਰੇਰਜੋ ਲੋਕ ਸਗਲੋ
ਰਾਮ ਤੋਹਿ ਸਹਾਇਯੋ॥ ੧੫ ॥ ਚੁੰਬਕ ਮਣੀ ਕੇ ਸੰਗ ਤੇ
ਜਿਮ ਲੋਹ ਜਗਤ ਚਲਾਇਹੈ। ਜੜ੍ਹ ਮਾਇਆ ਤਿਉ ਰਾਮਜੀ
ਤਵ ਸੰਗ ਜਗਤ ਬਨਾਇਹੈ। ਵਿੱਸ਼੍ਵ ਰੱਖਣ ਹੇਤ ਤੈਂ ਅਦੇਹ
ਤਨ ਦੁਇ ਧਾਰਿਆ। ਸੂਤ੍ਰ ਸੂਖਮ ਰੂਪਤੇ ਵੈਰਾਟ ਬ੍ਰਲ ਉਚਾ
ਰਿਆ॥ ੧੬॥ ਹਜ਼ਾਰਹੀ ਅਵਤਾਰ ਤੇ ਵੈਰਾਠ ਤੇ ਉਪਜਾਇਹੈਂ
। ਕਰਿ ਕਾਜ ਹਰਿ ਧਰਿ ਭਾਰ ਕੋ ਵੈਰਾਠ ਮਾਹਿੰ ਸਮਾਇ ਹੈਂ।
ਅਵਤਾਰ ਤੇਰੇ ਕੀ ਕਥਾ ਪੁਨਿ ਸੁਨੇ ਜੋ ਜਗ ਗਾਇ ਹੈਂ। ਅ-
ਨਿੰਨ ਮਨਿ ਜਗ ਅੰਦਰੇ ਵਹਿ ਮੁਕਤਿ ਰਾਮ ਕਹਾਇ ਹੈਂ॥
੧੭॥ ਅੜਿਲ॥ ਬ੍ਰਹਮਾ ਕਰੀ ਸੁ ਬਿਨਤੀ ਪੂਰਬ ਥਾਰੀ
ਆ। ਭੂਕੇ ਭਾਰ ਉਤਾਰੋ ਨਿਖਲ ਮੁਰਾਰੀਆ। ਦਸਰਥਪੂਰਬ
ਤਪਸਾ ਪਿਖ ਬਿਗਸਾਇਕੇ॥ ਹੋ ਰਘੁਕੁਲ ਮੈਂ ਅਵਤਾਰ ਲਯੋ

ਤੈਂ ਆਇਕੈ ॥੧੮॥ ਦੇਵਨ ਕੇ ਤੈਂ ਕਾਰਯ ਸਰਬ ਸਵਾਰਿਆ। ਮਾਨਵ ਤਨ ਹਰਿ ਧਾਰੇ ਬਰਖ ਹਜ਼ਾਰਿਯਾ। ਲੋਕ ਦੁਹੂੰ ਹਿਤ ਕਾਜ ਕਰਮ ਤੂੰ ਕਰੈਂਗੋ। ਹੇ ਪਾਪ ਹਰਿਣ ਜਸ ਭਵਨ ਸੁ ਪੂਰਣ ਭਰੈਂਗੋ ॥ ੧੯ ॥ ਬਿਨਤੀ ਕਰੋਂ ਸੁ ਰਾਮ ਕਾਨ ਮੈ ਧਾਰੀਯੇ। ਮੇਰੋ ਗ੍ਰਿਹਿ ਅਬ ਪਾਵਨ ਕਰੋ ਮੁਰਾਰੀਯੇ। ਸੈਨਾਂ ਸਹਿਤ ਹਮਾਰੋ ਭੋਜਨ ਲੀਜੀਏ। ਹੇ ਕਾਲ ਸਵੇਰੇ ਪ੍ਰਾਤ ਗਵਨ ਪੁਨ ਕੀਜੀਏ।੨੦। ਦੋ:॥ ਰਾਮ ਤਥਾ ਮੁਖਿ ਭਾਖਕੈ ਆਸ਼੍ਰਮ ਕੀਨ ਨਿਵਾਸ ॥ ਸੈਨਾਂ ਸੀਯ ਸੁਭ੍ਰਾਤ ਸਹਿ ਪੂਜੈ ਮੁਨਿ ਸੁਖਰਾਸ॥੨੧॥ ਅੜਿਲ॥ ਰਘੁਵਰੁ ਯੌਂ ਮਨ ਮਾਂਹਿ ਸੁ ਬਹੁਰ ਉਚਾਰਿਓ। ਅਬਹੀ ਬਨੇਂ ਸੁ ਦੂਤ ਤਹਾਂ ਪਾਧਾਰਿਓ। ਹਨੁਮਤ ਕਹਿਓ ਸੁ ਰਾਮ ਅਜੁੱਧਯਾ ਜਾਈਯੇ। ਹੇ ਰਾਜ਼ਾ ਕੇ ਘਰ ਜਾਇ ਸੁ ਕੁਸਲ ਸੁਨਾਈਯੇ ॥ ੨੨ ॥ ਸ੍ਰਿੰਗਵੇਰ ਨਗਰ ਮੈਂ ਜਾਇ ਗੁਹਹਿ ਸੁਧਿ ਲੀਜੀਯੋ। ਸਾਨੁਜ ਸੀ ਹਰਿ ਆਇ ਨਿਵੇਦਨ ਕੀਜੀਯੋ। ਨੰਦਗਾਂਉ ਮੈਂ ਜਾਇ ਭ-ਰਤ ਕੋ ਹੇਰਿਓ। ਹੇ ਸਾਨੁਜ ਸੀਯ ਸਮੇਤ ਕੁਸਲ ਮਮ ਟੇਰਿਓ ॥ ੨੩ ॥ ਸਵੈਯਾ ॥ ਸੀਯ ਹਰੀ ਦਸਕੰਧਰ ਨੇ ਸੁ ਵਹੀ ਦਸਕੰਧਰ ਰਾਘਵ ਘਾਏ। ਜੋ ਕੁਛ ਮੈਂ ਸੁ ਕਰੀ ਚਰਯਾ ਭਰਤੈ ਸਭ ਜਾਇ ਸੁ ਦੇਹ ਸੁਨਾਏ। ਜੀਤ ਲਏ ਅਰਿ ਪੁੰਜ ਸਭੈ ਪੁਨਿ ਰਾਮ ਸੀਯਾ ਲਖਮੰਨਿ ਸੁਆਏ। ਕੋਸ਼ ਸੁ ਬਾਹਨਿ ਸੰਗਿ ਬਡੇ ਕਪਿ ਰਾਖਸ਼ ਕੀ ਧੁਜਨੀ ਬਹੁ ਲ੍ਯਾਏ ॥ ੨੪ ॥ ਅੜਿਲ ॥ ਯਾ ਬਿਧ ਤਾਂਕੇ ਪਾਸ ਸੁ ਕਹੀ ਬਖਾਂਨਕੈ। ਭਰਤ ਕਹੀ ਮੁਖ ਬਾਤ ਬ੍ਰਿਤਾਂਤ ਸੁ ਜਾਨਕੈ। ਬੇਗ ਸੁ ਆਯੋ ਮੇ ਵਿਗ

ਰਾਮਬਖਾਨਿਯੋ । ਹੋ ਭਾਖ ਤਥਾ ਹਨੂੰਮਾਂਨ ਸੁ ਨਰਵਪੁ ਠਾਂਨਿਯੋ
॥ ੨੫ ॥ ਸ੍ਰਿੰਗਵੇਰ ਨਗਰ ਢਿਗ ਆਯੋ ਪ੍ਰਥਮ ਸੁ ਧਾਇਕੈ
। ਮੀਠੀ ਬਾਨੀ ਕਹੀ ਸੁ ਹਰਖ ਬਢਾਇਕੈ । ਦਸਰਥਕੇ ਸੁਤ
ਰਾਮ ਸਖਾ ਤੇ ਪਯਾਰਿਯਾ । ਹੋ ਲਖਮਣ ਸੀਤਾ ਸਹਿਤ ਸੁ
ਕੁਸ਼ਲ ਉਚਾਰਿਯਾ ॥੨੬॥ ਭਾਰਦ੍ਵਾਜਕੀ ਆਇਸੁ ਗੁਹੁਪੁਨਿ
ਪਾਇਕੈ । ਆਵੈਂਗੇ ਤਵ ਪਾਸ ਪਿਖੀ ਮਨ ਲਾਇਕੈ । ਐਸੇ ਮੁਖੋ
ਬਖਾਂਨ ਰੋਮ ਹਰਖਾਨਿਆਂ । ਹੋ ਵਾਯੂ ਬੇਗ ਹਨੁਮਾਂਨ ਬਹੁਰ
ਪੁਲਕਾਨਿਆਂ ॥ ੨੭ ॥ ਦੋਹਰਾ ॥ ਤੀਰਥ ਰਾਮ ਸੁ ਪੇਖਿ
ਯੋ ਪੁਰਮੈਂ ਕਹੀ ਸੁ ਸਾਰ । ਬਹੁਰ ਜਾਇ ਸਰਯੂ ਨਦੀ ਪੇਖੀ
ਪੌਨ ਕੁਮਾਰ ॥ ੨੮ ॥ ਨੰਦ ਗ੍ਰਾਮ ਬਹੁਰੋ ਗਯੋ ਸਰਯੂ ਉਤਰ
ਸੁ ਪਾਰ । ਅਯੁੱਧਯਾ ਤੇ ਇਕ ਕੋਸਹੈ ਤਹਾਂ ਸੁ ਭਰਤ ਕੁਮਾਰ
॥ ੨੯ ॥ ਸਵੈਯਾ ॥ ਕ੍ਰਿਸ਼ਨਾਜਿਨ ਚੀਰ ਪਿਖੇ ਭਰਤੇ ਮੁਖਿ
ਦੀਨ ਕ੍ਰਿਸਾਸ਼੍ਰਮ ਮਾਂਹਿ ਬਸਾਇ । ਮਲ ਪੰਕ ਸਰੀਰ ਸੁ ਸੀਸ
ਜਟਾ ਦ੍ਰੁਮ ਛਾਲਨਕੇ ਤਨ ਪਾਟ ਬਨਾਇ । ਫਲ ਮੂਲ ਅਹਾਰ
ਕਰੈ ਨਿਸ ਮੈਂ ਨਿਸ ਬਾਸਰ ਰਾਮ ਸਦਾ ਉਰ ਧਯਾਇ । ਰਘੁ
ਨਾਥ ਸੁ ਪਾਇਨ ਪਾਵਰੀਕੇ ਢਿਗ ਜਾਇ ਵਸੁੰਧਰ ਨਿਆਂਉ
ਝੁਕਾਇ ॥ ੩੦ ॥ ਪੌਰ ਅਮਾਤ ਬਜੀਰ ਬਡੇ ਢਿਗ ਹੈਂ ਸਭਹੀ
ਭਗਵੇ ਪਟ ਧਾਰੇ । ਧਰਮ ਮਨੋਂ ਧ੍ਰਿਤ ਮੂਰਤਿ ਹੈ ਇਹਭਾਂਤਿ
ਰਘੂਤਮ ਭ੍ਰਾਤਿ ਨਿਹਾਰੇ । ਜੋਰ ਦੁਊ ਕਰ ਪੌਨ ਕੁਮਾਰ ਸੁ
ਰਾਮਕੇ ਭ੍ਰਾਤਕੋ ਏਹ ਉਚਾਰੇ । ਜੇ ਰਘੁਬੀਰ ਹੁਤੇ ਬਨ ਦੰਡਕ
ਤੂੰ ਜਿਨਕੋ ਉਰ ਮਾਹਿ ਚਿਤਾਰੇ ॥੩੧॥ ਤੂੰ ਜਿਨਕੀ ਉਰ ਸੋਚ

ਕਰੇਂ ਤਿਨ ਰਾਂਮ ਸੁ ਤੇ ਪ੍ਰਤਿ ਖੇਮ ਉਚਾਰੇ। ਤੋਹਿ ਰਿਦੈ ਰਸ ਭਾਖਤਹੋਂ ਅਬ ਸ਼ੋਕ ਤਜੇ ਭਵ ਭੀਤਰ ਭਾਰੇ। ਯਾਹਿ ਮਹੂਰਤ ਰਾਮ ਮਿਲੇ ਉਰ ਸਾਚ ਗਹੋ ਯਹਿ ਵਾਕ ਹਮਾਰੇ। ਕੇਕਈ ਨੰਦਨ ਰਾਮ ਅਹੇ ਯਮਨਾ ਤਵ ਪਾਰਿਖ ਭੌਨ ਮਝਾਰੇ॥ ੩੨ ॥ ਹਨ ਰਾਵਣ ਰਾਮ ਸੁ ਸੀਯ ਲਈ ਰਘੁਨਾਥ ਬਲੀ ਅਬਿ ਹੈਂ ਪੁਨਿਆਇ। ਅਰਥਨ ਕੈ ਪਰਪੂਰਣ ਹੈ ਲਖਮੰਨਿ ਸੀਯਾ ਸਹਿ ਰਾਮ ਸੁਹਾਇ। ਸਭ ਰਾਖਸ਼ ਐ ਕਪਿ ਸੰਗ ਲਏ ਭਟਿ ਕੋਟਿਨ ਕੋਟਿ ਨ ਜਾਤ ਗਿਨਾਏ। ਇਹ ਭਾਂਤਿ ਕਹਯੋ ਹਨੂਮਾਂਨ ਜਬੈ ਸੁਨ ਕੈ ਸੁਤ ਕੈਕਈ ਕੇ ਹਰਖਾਏ ॥ ੩੩ ॥ ਅੜਿੱਲ ॥ ਹਰਖ ਮੂਰਛਾ ਆਈ ਭਰਤ ਕੁਮਾਰਕੋ। ਗਿਰੇ ਭੂਮਿ ਪਰ ਜਾਇ ਨ ਰਹੀ ਸੰਭਾਰਕੋ। ਬਹੁਰ ਭਰਤ ਧਰ ਉਠੇ ਸੁ ਦੇਹਿ ਸੰਭਾਰਿਆ। ਹੋ ਲਏ ਹਨੂੰ ਗਲ ਲਾਇ ਸੁ ਭਲੋ ਉਚਾਰਿਆ ॥ ੩੪ ॥ ਆਨੰਦ ਕੋ ਬਹੁ ਨੀਰ ਨੈਨ ਤੇ ਆਇਯੋ। ਹਨੂੰਮਾਨ ਕੋ ਭਰਤ ਸੁ ਤਾਹਿ ਨਵਾਇਯੋ। ਦੇਵ ਕਿਧੋ ਪੁਨਿ ਮਾਨੁਖ ਤੂੰ ਜਗ ਆਇਯੋ। ਹੋ ਕਰੁਣਾਂ ਕਰੁ ਰਿਦ ਅੰਗਮ ਵਾਕ ਸੁਨਾ-ਇਯੋ ॥ ੩੫ ॥ ਗੀਯਾਮਾਲਤੀ ਛੰਦ ॥ ਤੈਂ ਕਹੀ ਪਯਾਰੀ ਬਾਤ ਮੋਕੋ ਤੋਹਿ ਕੋ ਅਬਿ ਦੀਜੀਯੇ। ਸੋ ਹਜ਼ਾਰ ਸੁ ਧੇਨ ਨੀਕੇ ਤਾਂ ਉਪਾਇਨ ਲੀਜੀਯੇ। ਸੌਗ੍ਰਾਂਮ ਨੀਕੇ ਜੋ ਰੁਚੇ ਨਵ ਸਾਤ ਕੰਨਯਾਂ ਸੋਹਨੀ। ਅਭਰਣ ਸੋ ਪਰਿ ਪੂਰਣਾਂ ਚੁਨਿ ਲੀਜੀਯੇ ਮਨ ਮੋਹਨੀ॥ ੩੬ ॥ ਦੋਹਰਾ ॥ ਐਸੇ ਭਰਤ ਬਖਾਂਨ ਕੈ ਬਹੁਰੋ ਕਰੇ ਬਖਾਨਿ। ਉਮਾ ਪਵਨ ਸੁਤ ਕੋ ਕਹੈ ਬਹੁ ਬਿਧਿ

ਦੈ ਸਨ ਮਾਨ ॥ ੩੭ ॥ ਬਹੁਤ ਬਰਖ ਸੁਨਿ ਭਏ ਥੇ ਰਾਮ ਗਏ ਬਣ ਮਾਂਹਿ। ਰਾਮ ਕਥਾ ਪਯਾਰੀ ਸੁਨੀ ਆਜ ਸੁ ਕਾਨਨ ਮਾਹਿੰ ॥ ੩੮ ॥ ਤੋਹਿ ਬਖਾਨੀ ਮੋਹਿਕੋ ਕੱਲਯਾਨੀ ਸੁਖ ਰੂਪ। ਆਜੁ ਸੁ ਸਾਰੀ ਹੈ ਪਿਖੀ ਲੋਕਿਕ ਕਥਾ ਅਨੂਪ ॥੩੯॥ ਵਰਖ ਸੈਂਕੜੇ ਜਾਹਿ ਪੁਨਿ ਜੀਵਤ ਜੋ ਨਰ ਹੋਇ। ਕਹਤ ਪੁਰਾਤਨ ਬਾਤ ਜਨ ਪਾਵਤ ਆਨੰਦ ਸੋਇ ॥ ੪੦ ॥ ਕਿਹ ਬਿਧ ਭਯੋ ਸਮਾਗਮੋਂ ਕੀਸ਼ਨ ਸੋਂ ਰਘੁਬੀਰ। ਤੱਤ ਬਖਾਨੋ ਮੋਹਿਕੋ ਹੋਇ ਪ੍ਰਤੀਤ ਸੁ ਧੀਰ ॥ ੪੧ ॥ ਅੜਿਲ ॥ ਭਰਤ ਮਹਾਤਮ ਯਾ ਬਿਧਿ ਜਬੈ ਸੁ ਭਾਨਿਯੋਂ । ਰਾਮ ਚਰਿਤ ਹਨੁਮਾਂਨ ਸੁ ਸਗਲ ਬਖਾਨਿਯੋਂ। ਕਪਿਤੇ ਰਾਮ ਚਰਿਤ੍ਰ ਜਬੈ ਸੁਨਿ ਪਾਇਯੋ। ਹੋ ਭਯੋ ਪ੍ਰਸੰਨ ਸੁ ਭਰਤ ਸਤ੍ਰੂਘ੍ਨ ਅਲਾਇਯੋ ॥ ੪੨ ॥ ਦੇਵ ਤਕੈ ਅਸਥਾਂਨ ਨਗਰਮੈਂ ਜੇਤਿਆ। ਨਾਨਾ ਬਲ ਉਪਹਾਰ ਪੁਜਾਵਹੁ ਤੇਤਿਆ। ਸੂਤ ਵਿਤਾਲਕ ਬੰਦੀ ਉਸਤਤਿ ਪਾਠਕਾ। ਹੋ ਵਾਰ ਮੁਖਾ ਸਭ ਚਲੈ ਰਾਮਕੀ ਬਾਟਿਕਾ ॥ ੪੩ ॥ ਨਰਾਜ ਛੰਦ ॥ ਸੁਰਾਜ ਦ੍ਵਾਰ ਔ ਅਮਾਤ ਰਾਮ ਹੇਰਹੈਂ ਭਲੇ। ਸੁ ਸੈਨ ਅੱਸੁ ਨਾਗਕੀ ਰਥੀ ਪਦਾਂਤੀਆਂ ਚਲੇ। ਸੁ ਬਿੱਪ੍ਰ ਪੌਰ ਭੂਪਤੀ ਚਲੇ ਸਮਸ੍ਤੁ ਆਇਆ। ਅਲੰਕਰੇ ਅਯੋਧਯਾ ਮੁਤੀ ਮਣੀ ਸੁ ਲਾਇਆ ॥ ੪੪ ॥ ਸੁ ਤੋਰਣਾਂ ਪਤਾਕਿਕਾ ਵਿਚਿਤ੍ਰ ਹੀਰਿਆਂ ਜਰੀ। ਲਗੈ ਸਮਸ੍ਤ ਮੰਦਰਾ ਬਲੀ ਵਿਚੱਖਣਾਂ ਕਰੀ। ਚਲੇ ਸਮਸ੍ਤੁ ਬ੍ਰਿੰਦਵੈ ਸੁ ਰਾਮ ਪੇਖਨੇਂ ਭਲੇ। ਤੁਰੰਗ ਸੌ ਹਜਾਰ ਔ ਸੁ ਨਗ ਆਇਤੰ ਚਲੇ ॥ ੪੫ ॥ ਥੰਦਸੰ

ਹਜ਼ਾਰ ਲੈ ਸੁ ਹੇਮ ਸੂਤ੍ਰ ਭੂਖਤਾ। ਚਲੇ ਸਮਸ੍ਤ ਦਰਬਲੈਉਪਾਇਨਾਂ ਅਦੂਖਤਾ । ਚਲੀ ਸਮਸ੍ਤ ਰਾਨੀਆਂ ਸੁ ਬੈਠ ਪਾਲਕੀ ਵਰੀ । ਭਰਤ ਹਾਥ ਜੋਰਕੈ ਸੁ ਮੁੰਡ ਪਾਦਕਾ ਧਰੀ ॥ ੪੬ ॥ ਸੱਤ੍ਰਘਨ ਭ੍ਰਾਤ ਸਾਥਿ ਲੈ ਸੁ ਪਾਦ ਚਾਰਹੀ ਚਲੇ । ਤਬੈ ਸੁ ਦੂਰਦੇਸ ਤੇ ਵਿਮਾਂਨ ਪੇਖਿਯੋ ਭਲੇ । ਸੁ ਚੰਦ੍ਰ ਸੂਰ ਕੇ ਸਮੰ ਵਿਮਾਨਸੋ ਸੁਹਾਇਯੋ । ਵਿਮਾਨ ਬ੍ਰਹਮ ਦੇਸਨੇ ਸੁ ਮਾਨਸਿੰ ਬਨਾਇਯੋ॥ ੪੭॥ ਸੁ ਤਾਹਿੰ ਮਾਹਿੰ ਭ੍ਰਾਤ ਦੋ ਵਿਦੇਹਕੀ ਕੁਮਾਰੀਯਾ। ਸੁਗ੍ਰੀਵ ਔ ਵਿਭੀਖਣੰ ਸੁ ਮੰਤਰੀ ਉਦਾਰੀਯਾ। ਪੇਖਯੇ ਪਿਖੇਜਨੋ ਹਨੂੰਮਤੇ ਪ੍ਰਭਾਨਿਯੋ। ਜੁਵਾ ਸੁ ਬਾਲ ਬ੍ਰਿਧ ਨਾਰ ਰਾਮ ਏ ਬਖਾਨਿਯੋ ॥੪੮ ॥ ਧੁਨੰ ਅਕਾਸ਼ ਪੂਰਿਯੋ ਸੁ ਰਾਮ ਬੋਲਕੈ ਭਲੇ । ਤੁਰੰਗ ਕੁੰਜਰੰ ਰਥੰ ਸੁ ਛੋੜਿ ਭੂਮਿ ਮੈਂ ਚਲੇ। ਵਿਮਾਨ ਰਾਮ ਹੇਰਿਯੋ ਅਕਾਸ਼ ਚੰਦ੍ਰਮਾ ਯਥਾ। ਭਰਤ ਹਾਥ ਜੋਰਕੈ ਪਿਖੇ ਹਰੱਖਿਯੋ ਤਥਾ॥ ੪੯॥ ਵਿਮਾਨ ਅੱਗ੍ਰ ਰਾਮ ਕੋ ਭਰਤ ਬੰਧਿਯੋ ਤਥਾ । ਸੁਮੇਰ ਸ੍ਰਿੰਗ ਸੂਰਕੋ ਸੁ ਲੋਕ ਬੰਦ ਹੈ ਯਥਾ। ਤਬੈ ਸੁ ਰਾਮ ਆਗਿਆ ਵਿਮਾਨ ਭੂਮਿ ਆਇਯੋ । ਭਰੱਤ ਸਾਨੁਜੰ ਸੁ ਰਾਮ ਤਾਹਿੰਮੈਂ ਬਿਠਾਇਯੋ॥ ੫੦॥ ਭਰਤ ਰਾਮ ਪਾਇਕੈ ਸੁ ਫੇਰ ਬੰਦਨਾ ਕਰੀ। ਉਠਾਇ ਰਾਮ ਤਾਂ ਲਯੋ ਚਿਰਾਤ ਪੇਖਿਯੋ ਹਰੀ। ਸੁਰਾਮ ਅੰਗ ਰੋਪਕੈ ਲਯੋ ਗਰੇ ਲਗਾਇਕੈ। ਤਬੈ ਭਰੱਤ ਸੀਯ ਰਾਮ ਲਖਮਣੰ ਅਲਾਇਕੈ ॥ ੫੧ ॥ ਦੋਹਰਾ ॥ ਦੋਨੋ ਕੇ ਪਦ ਬੰਦਨਾ ਕਰੀ ਸੁ ਭਰਤ ਬਨਾਇ॥ ਪ੍ਰੇਮ ਬਿਆਕੁਲ ਭਰਤਜੀ ਸੁਖ ਸਮੁੰਦ ਮੈ ਨ੍ਹਾਇ

॥ ੫੨ ॥ ਸ਼ੰਕਰਛੰਦ ॥ ਸੁਗ੍ਰੀਵ ਔ ਯੁਵਰਾਜ ਅੰਗਦ ਜਾਮ
ਵਾਨ ਉਦਾਰ। ਮੈਂਦ ਦੁਵਿਦੁ ਸੁ ਨੀਲ ਰਿਖਭੰ ਮਿਲੇ ਭਰਤ
ਕੁਮਾਰ। ਗੰਧ ਮਾਦਨ ਔ ਗਵਾਖ ਸੁਖੇਣ ਔ ਨਲ ਬੀਰ।
ਸਰਭ ਪਨਸ ਪ੍ਰਧਾਨ ਕੋ ਪੁਨਿ ਮਿਲੇ ਭਰਤ ਸੁ ਧੀਰ॥ ੫੩॥
ਅੜਿਲ ॥ ਸਭ ਕਪਿ ਮਾਨਵ ਰੂਪ ਤਬੈ ਪੁਨਿ ਧਾਰਿਕੈ।
ਕੁਸ਼ਲ ਛੇਮ ਸਭ ਪੂਛਜੋ ਭਰਤ ਕੁਮਾਰਕੈ ॥ ਤਬ ਸੁਗ੍ਰੀਵ
ਅਲਿੰਗ ਸੁ ਭਰਤ ਉਚਾਰਿਯੋ। ਹੋਤੋਹਿ ਸਹਾਇਕ ਰਾਮ ਲੰਕ
ਪਤਿ ਮਾਰਿਯੋ ॥ ੫੪ ॥ ਚਾਰ ਭ੍ਰਾਤੁ ਹਮ ਯਾ ਜਗ ਮਾਹਿ
ਬਖਾਨੀਯੇ। ਪੰਚਮ ਤੂੰ ਸੁਗ੍ਰੀਵ ਨ ਭੇਦ ਪਛਾਨੀਯੇ। ਸੱਤ੍ਰਘਨ
ਕਰ ਪ੍ਰਨਾਮ ਸੁ ਬਹੁਰੇ ਰਾਮਕੋ। ਹੋ ਫੇਰ ਕਰੀ ਪ੍ਰਨਾਮ ਲਖਣ
ਸੁਖ ਧਾਮ ਕੋ ॥ ੫੫ ॥ ਪੁਨਿ ਦੋ ਹਾਥਿ ਮਿਲਾਇ ਸੀਯ
ਢਿਗ ਜਾਇਕੈ। ਬਿਨੈ ਯੁਕਤਿ ਅਭਿ ਬੰਦਨ ਕਰੀ ਬਨਾਇ
ਕੈ। ਪੂਜਤ ਰਾਮ ਖੜਾਊਂ ਭਰਤ ਲੈ ਆਇਯੋ। ਹੋ ਰਾਮਪਾਦ ਮੈ
ਜੋਰ ਬਹੁਤ ਬਿਗਸਾਯੋ ॥੫੬॥ ਰਾਮ ਅਮਾਨਤ ਰਾਜ ਤੋਹਿ
ਕੋ ਮੈ ਦਯੋ। ਅਬਮੈਂ ਜਨਮ ਮਨੋਰਥ ਸਫਲੋ ਸਭ ਭਯੋ। ਨੈਨ
ਨਿਹਾਰੋ ਤੋਹਿ ਅਯੋਧਯਾ ਆਂਵਦਾ। ਹੋ ਦਸਗੁਣ ਸੈਨਾ ਕੋਸ਼
ਕੀਯੋ ਤਵ ਭਾਂਵਦਾ ॥ ੫੭ ॥ ਤੇਜ ਤੁਮਾਰੇ ਰਾਮ ਸੁ ਮੈ ਪ੍ਰਤਿ
ਪਾਰਿਆ। ਅਬ ਪਾਲੋ ਨਿਜ ਨਗਰ ਸੁ ਦੇਸ ਉਦਾਰਿਯਾ।
ਐਸੇ ਭਰਤ ਕੁਮਾਰਿ ਸੁ ਰਾਮ ਬਖਾਨਿਯਾ। ਹੋ ਪੇਖ ਕਪੀਸਰ
ਸਗਲ ਤਬੈ ਬਿਸਮਾਨਿਯਾ ॥ ੫੮ ॥ ਭਰਤ ਬਡਾਈ ਕਰੈ
ਜਾਇ ਜਲ ਨੈਨਤੇ। ਭਰਤ ਰਾਮ ਗਲ ਲਾਯੋ ਸੁੰਦਰ ਮੈਨ

ਤੇ। ਤਾਂ ਬਿਬਾਨ ਕੈਯਾਨ ਤਹਾਂ ਸਭ ਆਇਆ। ਹੇ ਆਸ਼੍ਰਮ ਭਰਤ ਪੁਨੀਤ ਸੁ ਦੂਖ ਗਵਾਇਆ ॥ ੫੯ ॥ ਦੋਹਰਾ ॥ ਤਾਂ ਬਿਬਾਨ ਤੇ ਊਤਰੇ ਰਾਮ ਮਹੀ ਤਲ ਆਇ। ਪੁਸ਼ਪਕ ਪਰਮ ਬਿਬਾਨਕੋ ਭਾਖਤ ਰਾਮ ਸੁਨਾਇ ॥ ੬੦ ॥ ਧਨਦ ਸਮੀਪੰ ਜਾਹਿ ਤੂੰ ਮੇਰੀ ਆਇਸ ਮਾਨ। ਵੈਸ਼੍ਰਵਣ ਕੁਬੇਰਹਿ ਧਾਰਿਯੋ ਤੂੰ ਤਾਂ ਆਹਿ ਬਿਬਾਨ॥ ੬੧ ॥ ਅਨੰਗਸੇਖਰਛੰਦ॥ ਗੁਰੂ ਬਸਿਸ਼੍ਰ ਕੇ ਪਦਾਰ ਬਿੰਦ ਰਾਮ ਚੰਦਜੀ ਨਿਵਾਇ ਸੀਸ ਆਪਨੇ ਸੁ ਹੇਮ ਆਸਨੰ ਦਯੋ। ਬ੍ਰਹਸਪਤੀ ਪਦਾਰ ਬਿੰਦ ਕੋ ਸੁਰੇਸ ਜਿਉ ਨਮੈ ਸੁ ਰਾਮਚੰਦ ਬੀਰਤਾਹਿੰ ਭਾਂਤਿ ਤਾਂ ਤਥੈ ਕੀਯੋ। ਗੁਰੂ ਬਸ਼ਿਸ਼੍ਰ ਪੇਖ ਰਾਮ ਚੰਦ ਕੀ ਸੁ ਰੀਤਿਕੋ ਪ੍ਰਸੰਨ ਰਾਘਵੇਸ਼ ਕੋ ਬਿਠਾਇ ਪਾਸ ਤਾਂ ਲਯੋ। ਗੁਲਾਬ ਸਿੰਘ ਰਾਮ ਕੋ ਬਿਛੋਹ ਦੂਖ ਜੋ ਹੁਤੋ ਨਿਹਾਰ ਰਾਮਚੰਦ੍ਰ ਕੋ ਪਲਾਇ ਆਜ ਸੋ ਗਯੋ ॥ ੬੨ ॥ ਇਤਿ ਸ੍ਰੀਮਤਿ ਅਧ੍ਯਾਤਮ ਰਾਮਾਇਣੇ ਉਮਾਂ ਮਹੇਸੁਰ ਸੰਬਾਦੇ ਜੁੱਧਕਾਂਡੇ ਚਤੁਰ ਦਸ ਧ੍ਯਾਇ॥ ੧੪॥

॥ ਸ੍ਰੀਮਹਾਂਦੇਵਉਵਾਚ॥ ਸ੍ਵੈਯਾ॥

ਕੇਕਈ ਨੰਦਨ ਜੋਰ ਦੂਊ ਕਰ ਰਾਮ ਕਿ ਪਾਸ ਸੁ ਬਾਤ ਉਚਾਰੀ। ਰਾਜ ਦਯੋ ਹਮਰੋ ਰਘੁ ਨਾਇਕ ਆਦਰ ਕੈ ਤੁਮ ਮਾਤ ਹਮਾਰੀ। ਆਜ ਦਯੋ ਮਮ ਰਾਜ ਵਹੀ ਤੁਮ ਲੇਹੁ ਕ੍ਰਿਪਾ ਕਰ ਰਾਮ ਮੁਰਾਰੀ। ਯੋਂ ਮੁਖ ਭਾਖ ਭਯੋ ਅਤਿ ਨਿੱਮਰ ਰਾਘਵਕੇ ਪਦ ਬੰਦਨ ਧਾਰੀ॥ ੧॥ ਸ਼ਿਕਰਛੰਦ ॥ ਬਹੁਭਾਂਤਿ

ਬਿਨਤੀ ਤਾਂ ਕਰੀ ਲੈ ਮਾਤ ਕੋ ਗੁਰੁ ਸੰਗ। ਤਥੇਤਿ ਰਾਜ ਸੁ ਤਾਂ ਲਯੋ ਪਿਖ ਭਰਤ ਪ੍ਰੀਤ ਅਭੰਗ । ਮਾਇਆ ਕੇ ਸੰਗ ਮਿਲ ਨਰ ਚੇਸ੍ਟਾ ਹਰਿ ਧਾਰ। ਨਿਜ ਰਾਜ ਅਨਭਵ ਜਾਹਿਕੋ ਸੁਖ ਗਜਾਨ ਘਨ ਅਵਤਾਰ ॥੨ ॥ ਨਿਰਸੱਤਅਤਿਸੈਨੰਦ ਵੈ ਪਰ ਮਾਤਮਾ ਸ੍ਰੀ ਰਾਮ। ਮਾਨਵਾਂ ਕਾ ਰਾਜ ਯਹਿ ਜਗਦੀਸ਼ ਕੇ ਕਿਤਕਾਂਮ। ਭ੍ਰੂਭੰਗ ਕੈ ਖਿਣ ਏਕਮੈਂ ਤ੍ਰੈਲੋਕ ਦੇਤ ਖਪਾਇ । ਕ੍ਰਿਪਾ ਦ੍ਰਿਸ੍ਟਿ ਨਿਮੇਖਤੇ ਪੁਨਿ ਲੇਤ ਸਭ ਉਪਜਾਇ ॥ ੩ ॥ ਲੀਲਾ ਚਹੇ ਉਰ ਕੀਤੀਆ ਤਬ ਰਚੇ ਸ੍ਰਿਸ੍ਟਿ ਮਹਾਨ। ਕਜਾ ਹੋਇਆ ਨਰ ਰਾਜਕੈ ਵੈ ਰਮਾਪਤਿ ਭਗਵਾਨ। ਤੱਦਪਿ ਭਜੇ ਜਿਹ ਭਾਂਤਿ ਤਾਂ ਤਿਮ ਕਰੇ ਤਾਂਕੇ ਕਾਂਮ। ਨਰ ਦੇਹਿ ਲੀਲਾ ਧਾਰਿਕੈ ਸਭ ਕਰਤ ਹੈਂ ਸ੍ਰੀਰਾਮ ॥ ੪ ॥ ਸਤ੍ਰੁਘਨ ਨਿਪੁਨ ਸੁ ਨਾਪਿਤਾ ਪੁਨਿ ਲਏ ਸਰਬ ਬੁਲਾਇ। ਸੰਭਾਰ ਰਾਘਵ ਤਿਲਕ ਕੇ ਤਬ ਲਏ ਸਰਬ ਮਿਲਾਇ। ਭਰਤਪੂਰ ਬਨਾਇਯੋ ਪੁਨਿ ਲਏ ਲਖਮਣ ਬੀਰ ।ਸੁਗ੍ਰੀਵ ਔਰ ਵਿਭੀਖਣੇ ਪੁਨਿ ਨਾਇ ਪਹਰੇ ਚੀਰ ॥ ੫ ॥ ਵਿਸੁਧ ਜਟਾ ਕਲਾਪ ਕੈ ਪੁਨਿ ਨਾਯੋ ਸ੍ਰੀ ਰਾਮ। ਵਹਿ ਮਦਨ ਮੋਹਨ ਸੁੰਦਰੋ ਜਨ ਕਰਤ ਪੂਰਣ ਕਾਮ । ਸਭਧਾਰਿ ਅੰਕ ਸੁ ਮਾਲਿਕਾ ਪੁਨਿ ਲੇਪ ਚੰਦਨ ਲਾਇ। ਪੁਨਿਧਾਰ ਬਹੁਬਿਧਿ ਅੰਬਰਾ ਸ੍ਰੀ ਮੱਤ ਸਰਬ ਸੁਹਾਇ ॥ ੬ ॥ ਪ੍ਰਤਿ ਕਰਮ ਲਖਮਣ ਰਾਮਕੋ ਪੁਨਿ ਭਰਤ ਕਰੇ ਬਨਾਇ। ਜਾਨਕੀ ਕੋ ਭੂਪ ਪਤਿਨੀ ਕਰਯੋ ਪਟ ਪਹਿ-ਰਾਇ। ਸ੍ਰੀਮੰਤ ਮਣਿ ਪਦਨੇਵਰਾਂ ਪੁਨਿ ਸਰਬ ਮੰਡਨ ਧਾਰਿ

